# ਬਾਰਹਮਾਹਾ
# ਪੋਖਿ ਦਾ ਮਹੀਨਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥*
*ਓਟ ਗੋਬਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥*
*ਜਹਿ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥*
*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥*
*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*
*ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥*
*ਅੰਗ - 135*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ॥*
*ਕਾਰਨ ਕਵਨ ਅਬੋਲ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ॥ ਅੰਗ - 694*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਸ਼ਰਧਾ ਤੇ ਭਾਵਨਾ ਦੇ ਨਾਲ ਗੁਰੂ ਦਰਬਾਰ ਵਲ ਚੱਲੇ ਓਂ। ਜਦ ਤੋਂ ਆਪ ਦੇ ਮਨ ਵਿਚ ਇਹ ਖਿਆਲ ਪੈਦਾ ਹੋਇਆ ਹੈ ਕਿ ਰਤਵਾੜਾ ਸਾਹਿਬ ਦੇ ਅੰਦਰ ਸੰਗਰਾਂਦ ਦੇ ਸਮਾਗਮ ਤੇ ਜਾਣਾ ਹੈ, ਉਸ ਵੇਲੇ ਤੋਂ ਜਿੰਨੇ ਘਰ ਦੇ ਕੰਮ ਕੀਤੇ ਨੇ, ਜਿੰਨਾ ਸਫਰ ਕੀਤਾ ਹੈ ਉਹ ਸਾਰਾ ਲੇਖੇ ਵਿਚ ਪੈ ਗਿਆ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਇਸ ਤਰ੍ਹਾਂ ਕਿਵੇਂ ਲੇਖੇ ਵਿਚ ਪੈ ਜਾਂਦਾ ਹੈ?

ਗੁਰੂ ਦਸਵੇਂ ਪਾਤਸ਼ਾਹ ਜਦੋਂ ਆਪ ਬਿਰਾਜ ਜਾਂਦੇ ਸੀ ਤਾਂ ਕਾਫੀ ਸਿੰਘ ਪਹਿਰੇ ਤੇ ਲੱਗਿਆ ਕਰਦੇ ਸੀ। ਉਥੇ ਇਕ ਰਾਸਧਾਰੀਏ ਆਏ ਹੋਏ, ਰਾਸ ਪਾਉਂਦੇ ਸੀ। ਜਿਹੜੇ ਸਿੰਘ ਪਹਿਰਾ ਦੇ ਹਟੇ, ਦੂਸਰਿਆਂ ਨੂੰ ਕਿਹਾ ਕਿ ਪ੍ਰੇਮੀਓ! ਅਸੀਂ ਰਾਸ ਦੇਖ ਆਈਏ, ਗੁਰੂ ਦਸ਼ਮੇਸ਼ ਪਿਤਾ ਜੇ ਆਵਾਜ਼ ਦੇਣ ਤਾਂ ਕਹਿ ਦਿਓ ਕਿ ਉਨ੍ਹਾਂ ਦਾ ਪਹਿਰਾ ਤਾਂ ਹੋ ਹਟਿਆ ਜੀ, ਸਾਡਾ ਪਹਿਰਾ ਹੈ। ਚਲੇ ਗਏ ਪਰ ਕਹਿਣ ਲੱਗੇ ਦੇਖੋ ਮਹਾਰਾਜ ਅੰਤਰਜਾਮੀ ਨੇ, ਉਹ ਸਭ ਜਾਣਦੇ ਨੇ। ਦੇਖ ਆਓ, ਤੁਹਾਡੀ ਆਪਣੀ ਜ਼ਿੰਮੇਵਾਰੀ ਹੈ। ਬੜੀ ਦੇਰ ਤੱਕ ਆਪ ਰਾਸ ਦੇਖਦੇ ਰਹੇ। ਰਾਮ ਲੀਲਾ ਹੋ ਰਹੀ ਸੀ, ਦੂਸਰੇ ਦਿਨ ਜਦੋਂ ਡਿਊਟੀ ਤੇ ਆਏ। ਉਸ ਵੇਲੇ ਇਕ ਸਿੰਘ ਨੇ ਕਿਹਾ ਕਿ ਸੱਚੇ ਪਾਤਸ਼ਾਹ! ਜਿਨ੍ਹਾਂ ਦਾ ਪਹਿਰਾ ਦੱਸ ਵਜੇ ਤੱਕ ਖਤਮ ਹੋਇਆ ਸੀ ਰਾਤ ਦੇ। ਉਹ ਤਿੰਨ ਚਾਰ ਘੰਟੇ ਜਾ ਕੇ ਰਾਸ ਦੇਖਦੇ ਰਹੇ ਤੇ ਗੈਰਹਾਜ਼ਰ ਹੋ ਗਏ ਡਿਊਟੀ ਤੋਂ। ਮਹਾਰਾਜ ਨੇ ਸਾਰੇ ਪਹਿਰੇਦਾਰਾਂ ਨੂੰ ਬੁਲਾਇਆ। ਸੰਗਤ ਵੀ ਦੇਖ ਰਹੀ ਹੈ। ਕਹਿਣ ਲੱਗੇ, "ਹੁਣ ਦੱਸੋ ਕੀ ਕਹਿੰਦੇ ਓਂ?" ਸਾਰੀ ਗੱਲ ਦੱਸੀ ਕਿ ਆਹ ਜਿਹੜੇ ਐਧਰ ਸਿੰਘ ਖੜ੍ਹੇ ਨੇ, ਇਹ ਡਿਊਟੀ ਛੱਡ ਕੇ ਉਥੇ ਰਾਸ ਦੇਖਣ ਲਗ ਗਏ। ਇਹ ਗੈਰਹਾਜ਼ਰ ਹੋ ਗਏ ਡਿਊਟੀ ਤੋਂ, ਅਸੀਂ ਹਾਜ਼ਰ ਹੋ ਗਏ। ਮਹਾਰਾਜ ਕਹਿੰਦੇ, ਗੈਰਹਾਜ਼ਰ ਹਾਜ਼ਰ, ਹਾਜ਼ਰ ਗੈਰਹਾਜ਼ਰ। ਸਾਰੇ ਹੈਰਾਨ ਹੋ ਗਏ ਕਿ ਇਹ ਮਹਾਰਾਜ ਦਾ ਕੀ ਬਚਨ ਹੈ। ਸੱਚੇ ਪਾਤਸ਼ਾਹ! ਸਮਝ ਵਿਚ ਨਹੀਂ ਆਈ ਗੱਲ। ਕਹਿੰਦੇ ਪਿਆਰਿਓ! ਇਨ੍ਹਾਂ ਨੂੰ ਪੁੱਛੋਂ ਕੀ ਦੇਖਿਆ ਸੀ। ਇਨ੍ਹਾਂ ਨੇ ਕੁਛ ਵੀ ਨਹੀਂ ਦੇਖਿਆ, ਇਹ ਤਾਂ ਸਾਡੇ ਆਲੇ-ਦੁਆਲੇ ਹੀ ਘੁੰਮਦੇ ਰਹੇ ਨੇ ਕਿ ਕਿਤੇ ਮਹਾਰਾਜ ਆਵਾਜ਼ ਨਾ ਦੇ ਦੇਣ ਤੇ ਫਸ ਨਾ ਜਾਈਏ ਅਸੀਂ। ਤੁਸੀਂ ਜਿਹੜੇ ਸਰੀਰ ਕਰਕੇ ਇਥੇ ਖੜ੍ਹੇ ਸੀ, ਮਨ ਕਰਕੇ ਤੁਸੀਂ ਉਥੇ ਰਚਨਾ ਰਚ ਕੇ ਦੇਖ ਰਹੇ ਸੀ ਕਿ ਉਥੇ ਹੁਣ ਐਉਂ ਹੁੰਦਾ ਹੋਣੈ। ਇਸ ਕਰਕੇ ਹਾਜ਼ਰੀ ਮਨ ਦੀ ਹੋਇਆ ਕਰਦੀ ਹੈ। ਤਨ ਦੀ ਹਾਜ਼ਰੀ ਵੀ ਠੀਕ ਹੈ ਪਰ ਮਨ ਦੀ ਹਾਜ਼ਰੀ ਬਹੁਤ ਵੱਡੀ ਚੀਜ਼ ਹੈ। ਜੇ ਮਨ ਨਹੀਂ ਸਾਡਾ ਸਾਥ ਦਿੰਦਾ ਕਿਸੇ ਥਾਂ ਉਤੇ, ਪੂਜਾ ਪਾਠ ਕਰਦੇ ਹਾਂ, ਨਾਮ ਜਪਦੇ ਹਾਂ, ਮਨ ਸਾਥ ਨਹੀਂ ਦੇ ਰਿਹਾ, ਸਰੀਰ ਭਾਵੇਂ ਚੌਂਕੜਾ ਮਾਰ ਕੇ ਬੈਠਾ ਹੈ, ਉਹ ਥਾਂ ਨਹੀਂ ਪੈਂਦਾ ਲੇਖੇ 'ਚ ਨਹੀਂ ਪੈਂਦਾ, ਸਰੀਰ ਤਾਂ ਬੈਠਾ ਹੈ, ਮਨ ਵਿਚੋਂ ਨਿਕਲ ਗਿਆ। ਬੜੀ ਵਾਰ ਮਹਾਰਾਜ ਨੇ ਸਮਝਾਇਆ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਦੌਲਤ ਖਾਨ ਨੂੰ ਸਮਝਾਇਆ ਸੀ ਕਿ ਨਮਾਜ਼ ਮਨ ਦੀ ਹੋਇਆ ਕਰਦੀ ਹੈ। ਸੋ ਇਕ ਨੁਕਤਾ ਹੈ ਕਿ ਜਦੋਂ ਅਸੀਂ ਪੂਜਾ, ਪਾਠ, ਬੰਦਗੀ

ਕਰਦੇ ਹਾਂ, ਸਾਡਾ ਮਨ ਹਾਜ਼ਰੀ ਵਿਚ ਚਾਹੀਦਾ ਹੈ। ਮਨ ਹਾਜ਼ਰੀ 'ਚ ਨਾ ਹੋਵੇ, ਗਲਤ ਹੋ ਜਾਇਆ ਕਰਦਾ ਹੈ। ਭਜਨ ਕਰੋ, ਚਾਹੇ ਥੋੜ੍ਹਾ ਕਰੋ, ਪਰ ਮਨ ਦੀ ਹਾਜ਼ਰੀ ਦਾ ਕਰੋ। ਮਨ ਹਾਜ਼ਰ ਹਜ਼ੂਰ ਰਹੇ, ਮਨ ਛਾਲਾਂ ਨਾ ਮਾਰੇ।

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥*
*ਅੰਗ - 342*

ਸੋ ਇਸ ਕਰਕੇ ਜਦ ਤੋਂ ਆਪ ਦੇ ਖਿਆਲ ਵਿਚ, ਮਨ ਵਿਚ ਇਹ ਫੁਰਨਾ ਆਇਐ ਕਿ ਅਸੀਂ ਜਾਣਾ ਹੈ, ਸੰਗਰਾਂਦ ਦਾ ਦੀਵਾਨ ਸੁਣਨ ਵਾਸਤੇ ਉਸ ਵੇਲੇ ਤੋਂ ਬਾਅਦ ਚਾਹੇ ਪਸ਼ੂਆਂ ਨੂੰ ਪੱਠੇ ਪਾਏ ਨੇ, ਚਾਹੇ ਬੱਚਿਆਂ ਨੂੰ ਸਕੂਲ ਭੇਜਿਆ ਹੈ, ਚਾਹੇ ਹੋਰ ਕੋਈ ਕੰਮ ਕਰੇ ਨੇ, ਉਹ ਸਾਰਾ ਸਮਾਂ ਹੀ ਸਾਰਾ ਵਾਹਿਗੁਰੂ ਦੇ ਲੇਖੇ 'ਚ ਪੈ ਗਿਆ। ਜਦ ਚਲ ਕੇ ਆਏ ਹੋਂ ਸ਼ਰਧਾ ਦੀ ਝੋਲੀ ਲੈ ਕੇ ਉਸ ਵੇਲੇ ਗੁਰੂ ਤੋਂ ਦਾਤਾਂ ਮਿਲਦੀਆਂ ਨੇ। ਜਿਸ ਦੇ ਹਿਰਦੇ ਵਿਚ ਸ਼ਰਧਾ ਹੈ ਉਹਦੀ ਝੋਲੀ ਬਖਸ਼ਿਸ਼ਾਂ ਨਾਲ ਭਰੀ ਜਾਂਦੀ ਹੈ, ਖਾਲੀ ਨਹੀਂ ਮੁੜਿਆ ਕਰਦੀ ਗੁਰੂ ਘਰ ਤੋਂ। ਸੋ ਇਸ ਤਰ੍ਹਾਂ ਆਪਾਂ ਸਾਰਿਆਂ ਨੇ ਰਲ ਮਿਲ ਕੇ ਜੋ ਥੋੜ੍ਹਾ ਸਮਾਂ ਹੈ, ਚਿੱਤ ਬਿਰਤੀਆਂ ਨੂੰ ਇਕਾਗਰ ਕਰਨਾ ਹੈ ਤੇ ਬਚਨ ਸਮਝਣ ਦਾ ਯਤਨ ਕਰਨਾ ਹੈ। ਸੰਸਾਰ ਦੇ ਅੰਦਰ ਹਰ ਰੋਜ਼ ਸਾਨੂੰ ਸੋਚਣਾ ਪੈਂਦਾ ਹੈ ਕਿਉਂਕਿ ਗੁਰੂ ਮਹਾਰਾਜ ਨੇ ਸਾਨੂੰ ਇਹ ਫੁਰਮਾਨ ਕੀਤਾ ਹੈ ਕਿ ਜਦ ਭਾਈ ਦਿਨ ਭਰ ਦਾ ਕੰਮ ਤੁਹਾਡਾ ਮੁੱਕ ਜਾਵੇ ਤੇ ਸੂਰਜ ਡੁੱਬ ਰਿਹਾ ਹੋਵੇ, ਦਿਨ ਲੰਘ ਚੁੱਕਿਆ ਹੋਵੇ ਤੇ ਰਾਤ ਸ਼ੁਰੂ ਹੋਣ ਵਾਲੀ ਹੋਵੇ, ਉਸ ਵੇਲੇ ਮੱਧ ਸਮਾਂ ਹੁੰਦਾ ਹੈ। ਉਸ ਵੇਲੇ ਸੰਧ ਹੁੰਦੀ ਹੈ, ਉਸ ਵੇਲੇ ਹਨ੍ਹੇਰਾ ਤੇ ਚਾਨਣਾ ਆਪਸ ਵਿਚ ਮਿਲ ਰਹੇ ਹੁੰਦੇ ਨੇ। ਚਾਨਣੇ ਨੂੰ ਛੁੱਟੀ ਹੋ ਰਹੀ ਹੁੰਦੀ ਹੈ। ਹਨ੍ਹੇਰਾ ਆ ਰਿਹਾ ਹੁੰਦਾ ਹੈ। ਦਿਨ ਲੰਘ ਗਿਆ ਹੁੰਦਾ ਹੈ, ਰਾਤ ਆ ਰਹੀ ਹੁੰਦੀ ਹੈ। ਉਸ ਵੇਲੇ ਅਸੀਂ ਰਹਿਰਾਸ ਸਾਹਿਬ ਦਾ ਪਾਠ ਕਰਦੇ ਹਾਂ। ਉਹਦੇ ਵਿਚ ਹਰ ਰੋਜ਼ ਜਿਹੜਾ ਧਿਆਨ ਵਾਲਾ ਬੰਦਾ ਹੈ ਉਹਦੇ ਹੌਲ ਪੈ ਜਾਂਦਾ ਹੈ। ਜਦੋਂ ਇਹ ਪੜ੍ਹਦਾ ਹੈ-

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਅੰਗ - 12*

ਸੱਚ ਦੀ ਆਵਾਜ਼ ਉਹਦੇ ਹਿਰਦੇ ਵਿਚ ਗੂੰਜਦੀ ਹੈ। ਵਾਹਿਗੁਰੂ ਦਾ ਬਖਸ਼ਿਆ ਹੋਇਆ ਸ਼ਬਦ ਹਿਰਦੇ ਵਿਚ ਗੂੰਜ ਕੇ ਉਹਨੂੰ ਜਗਾਉਂਦਾ ਹੈ ਕਿ ਓ ਪ੍ਰੇਮੀਆ! ਦਿਨ ਤਾਂ ਲੰਘ ਗਿਆ ਤੇਰਾ, ਹੁਣ ਰਾਤ ਆਉਣ ਵਾਲੀ ਹੈ ਤੇ ਅੰਮ੍ਰਿਤ ਵੇਲਾ ਨੇੜੇ ਹੀ ਹੈ। ਤੇਰੇ ਕੋਲ ਵੱਡਾ ਜ਼ਰੂਰੀ ਕੰਮ ਇਹ ਹੈ ਕਿ ਤੂੰ ਬੜੀਆਂ ਜੂਨਾਂ 'ਚੋਂ ਲੰਘ ਕੇ ਆਇਆ ਹੈਂ। ਹੁਣ ਤੂੰ ਪ੍ਰਭੂ ਨੂੰ ਮਿਲਣਾ ਹੈ ਐਸੇ ਜਨਮ ਦੇ ਅੰਦਰ। ਹੁਣ ਤੂੰ ਗਫਲਤ ਨਾ ਕਰੀਂ -

*ਗਫਲਤ ਕਰੋਗੇ ਤੋ ਖਾਵੋਗੇ ਮਾਰ।*

ਜੇ ਗਫਲਤ ਕੀਤੀ ਤਾਂ ਮਾਰ ਪਏਗੀ। ਕਿਉਂਕਿ ਐਨਾ ਵੱਡਾ ਜੋ ਮਾਨਸ ਜਨਮ ਹੈ ਇਹ ਸਾਰਾ ਹੀ ਬਿਰਥਾ ਚਲਿਆ ਜਾਏਗਾ।

*ਯਾ ਜੁਗ ਮਹਿ ਏਕਹਿ ਕਉ ਆਇਆ॥ ਅੰਗ - 251*

ਆਇਆ ਤਾਂ ਸੀ ਪ੍ਰਮੇਸ਼ਰ ਨੂੰ ਮਿਲਣ ਵਾਸਤੇ। ਕਿਉਂਕਿ ਐਸਾ ਅਨੁਭਵੀ ਮਹਾਂਪੁਰਸ਼ਾਂ ਦਾ, ਜਿਹੜੇ ਅੰਦਰਲੀਆਂ ਗੱਲਾਂ ਜਾਣਦੇ ਨੇ। ਉਹ ਕਹਿੰਦੇ ਜਿਸ ਵਕਤ ਇਹ ਮਾਤਾ ਦੇ ਪੇਟ ਵਿਚ ਹੁੰਦਾ ਹੈ ਉਸ ਵੇਲੇ ਇਹਦੀ ਸੁਰਤ ਜਿਹੜੀ ਹੁੰਦੀ ਹੈ, ਉਹ ਸ਼ਬਦ ਦੀ ਧੁਨ ਨਾਲ ਲੱਗੀ ਹੁੰਦੀ ਹੈ। ਕਿਸੇ ਦੀ ਵੀ ਸੁਰਤ ਸ਼ਬਦ ਦੇ ਨਾਲ ਲੀਨ ਹੋ ਜਾਵੇ, ਉਹਨੂੰ ਪਿਛਲਾ ਸਮਾਂ ਨਜ਼ਰ ਆਉਣ ਲਗ ਜਾਂਦਾ ਹੈ। ਜਿੰਨੀ ਜ਼ਿਆਦਾ ਇਕਾਗਰਤਾ 'ਚ ਜਾਏਗੀ, ਓਨੀ ਜ਼ਿਆਦਾ ਦੂਰ ਤੱਕ ਦ੍ਰਿਸ਼ਟੀ ਖੁਲ੍ਹ ਜਾਏਗੀ। ਇਹ ਜੀਵ ਸੌ ਜਨਮ ਦੇਖਦਾ ਹੈ, ਮਾਤਾ ਦੇ ਪੇਟ ਵਿਚ। ਸੁਪਨਿਆਂ ਵਾਂਗੂੰ ਲੰਘਦਾ ਹੈ ਇਹਦਾ ਜਨਮ। ਇਕ ਘੂਕ ਨੀਂਦ ਵਿਚ ਹੁੰਦਾ ਹੈ। ਨਾਮ ਦੀ ਧੁਨ ਵਿਚ ਮਸਤ ਹੁੰਦਾ ਹੈ, ਲੇਕਿਨ ਜਨਮ ਦਿਸਦੇ ਹੁੰਦੇ ਨੇ। ਇਕੱਲਾ-ਇਕੱਲਾ ਦੇਖਦਾ ਹੈ ਕਿ ਆਹ ਮੇਰਾ ਪੁੱਤਰ ਸੀ, ਆਹ ਮੇਰੀਆਂ ਧੀਆਂ ਸੀ, ਆਹ ਮੇਰੀ ਘਰਵਾਲੀ ਸੀ, ਆਹ ਮੇਰੀ ਮਾਂ ਸੀ, ਆਹ ਮੇਰਾ ਪਿਤਾ ਸੀ, ਐਉਂ ਮੈਂ ਰਾਜ ਗੱਦੀ ਦੇ ਉਤੇ ਬੈਠਾ ਸੀ ਤੇ ਮੈਂ ਪ੍ਰਮੇਸ਼ਰ ਦਾ ਭਜਨ ਨਾ ਕਰਿਆ, ਦਰਗਾਹ ਵਿਚ ਜਾ ਕੇ ਮੈਨੂੰ ਆਹ ਸਜ਼ਾ ਮਿਲੀ, ਫੇਰ ਮੈਨੂੰ ਦੂਸਰਾ ਜਨਮ ਮਿਲਿਆ ਉਹਦੇ ਬਾਰੇ ਦੇਖਦਾ ਹੈ, ਤੀਸਰੇ ਬਾਰੇ ਦੇਖਦਾ ਹੈ। ਸੌ ਜਨਮ ਦਾ ਗਿਆਨ ਉਸਨੂੰ ਮਹਾਂਪੁਰਸ਼ ਦੱਸਦੇ ਨੇ ਕਿ ਮਾਤਾ ਦੇ ਪੇਟ ਵਿਚ ਹੋਇਆ ਕਰਦਾ ਹੈ। ਉਸ ਵੇਲੇ ਇਕ ਨਿਰਣੇ ਤੇ ਪਹੁੰਚਦਾ ਹੈ ਕਿ ਮੈਂ ਇਹ ਗੇੜੇ ਕਿਉਂ ਖਾ ਰਿਹਾ ਹਾਂ। ਮੈਨੂੰ ਇਹ ਚੱਕਰ ਕਿਉਂ ਲੱਗ ਰਹੇ ਨੇ। ਤਾਂ ਪਤਾ ਲਗਦਾ ਹੈ ਕਿ ਮੈਂ ਜਦੋਂ ਵੀ ਸੰਸਾਰ ਵਿਚ ਗਿਆ ਹਾਂ ਉਸ ਵੇਲੇ ਪ੍ਰਮੇਸ਼ਰ ਨੂੰ ਭੁੱਲਿਆਂ। ਜਿਹੜਾ ਹੁਣ ਮੈਨੂੰ ਜਨਮ ਮਿਲਣਾ ਹੈ ਜੇ ਇਹਦੇ ਵਿਚ ਮੈਨੂੰ ਪ੍ਰਮੇਸ਼ਰ ਯਾਦ ਰਹਿ ਜਾਵੇ ਤਾਂ ਮੈਂ ਪ੍ਰਭੂ ਨੂੰ ਮਿਲ ਲਵਾਂਗਾ। ਆਹ ਛੋਟੀ ਜਿਹੀ ਗੱਲ ਹੈ ਜਿਹਦੇ ਉਤੇ ਅਸੀਂ ਗੁਰਦਵਾਰਿਆਂ 'ਚ ਜਾਂਦੇ ਹਾਂ,

ਨਿਤਨੇਮ ਕਰਦੇ ਹਾਂ, ਅੰਮ੍ਰਿਤ ਛਕਦੇ ਹਾਂ, ਹੋਰ ਕਿੰਨਾ ਕੁਛ ਕਰਦੇ ਹਾਂ, ਆਹੀ ਗੱਲ ਹੈ ਸਾਮ੍ਹਣੇ। ਸਿਆਣੇ ਕਹਿੰਦੇ ਨੇ, ਅਸਲੀ ਬਾਤ ਇਹ ਹੈ ਕਿ ਅਸੀਂ ਯਤਨ ਬੇਅੰਤ ਕਰਦੇ ਹਾਂ, ਤਾਂ ਵੀ ਅਸੀਂ ਆਹ ਜਨਮ ਦੇ ਅੰਦਰ ਪ੍ਰਭੂ ਨੂੰ ਮਿਲ ਕੇ ਆਪਣਾ ਜਨਮ ਮਰਨ ਦਾ ਚੱਕਰ ਕੱਟ ਦੇਈਏ ਕਿਉਂਕਿ ਜਨਮ ਮਰਨ ਦੇ ਵਿਚ ਬਹੁਤਾ ਦੁੱਖ ਹੈ। ਉਸ ਵੇਲੇ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ! ਆਹ ਜਿਹੜੀ ਮੇਰੀ ਹਾਲਤ ਹੋਈ-ਹੋਈ ਹੈ ਨਾ ਮੈਂ ਸਿਰ ਪਰਨੇ ਲਟਕ ਰਿਹਾ ਹਾਂ। ਪੈਰ ਉਪਰ ਨੂੰ ਨੇ ਤੇ ਮੇਰਾ ਸਿਰ ਹੇਠਾਂ ਨੂੰ ਹੈ।

*ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ॥*

*ਅੰਗ - 535*

ਕੁਛ ਮੈਨੂੰ ਦਿਸਦਾ ਨਹੀਂ ਹੈ, ਕੁਛ ਮੈਨੂੰ ਸੁਣਦਾ ਨਹੀਂ ਹੈ, ਬੜੇ ਹੀ ਮਾੜੇ ਥਾਂ ਦੇ ਵਿਚ ਮੈਂ ਵਸ ਰਿਹਾ ਹਾਂ ਤੇ ਕੁੰਭੀ ਨਰਕ ਦਾ ਦੁੱਖ ਮੈਂ ਭੋਗ ਰਿਹਾ ਹਾਂ। ਹੁਣ ਜੇ ਮੈਨੂੰ ਇਸ ਨਰਕ ਵਿਚੋਂ ਕੱਢ ਦੇਵੇਂ ਪ੍ਰਭੂ, ਮੈਨੂੰ ਹੁਣ ਇਸ ਗੱਲ ਦਾ ਪੱਕਾ ਗਿਆਨ ਹੋ ਗਿਆ, ਮੈਂ ਹੁਣ ਕਿਸੇ ਚੀਜ਼ ਵਿਚ ਨਹੀਂ ਫਸਦਾ, ਮੈਂ ਹੁਣ ਤੇਰਾ ਨਾਮ ਹੀ ਜਪਾਂਗਾ। ਬਾਰ-ਬਾਰ ਬੇਨਤੀਆਂ ਕਰਦਾ ਹੈ। ਆਵਾਜ਼ ਆਉਂਦੀ ਹੈ ਐ ਜੀਵ! ਤੇਰੇ ਵਾਇਦੇ ਸਾਰੇ ਝੂਠੇ, ਤੇਰੇ ਕੌਲ ਕਰਾਰ ਸਭ ਝੂਠੇ। ਕਹਿਣ ਲੱਗੇ, ਨਹੀਂ ਪ੍ਰਭੂ! ਮੈਂ ਦਿਨ ਰਾਤ ਨਾਮ ਜਪਾਂਗਾ। ਕਹਿਣ ਲੱਗੇ ਐ ਜੀਵ! ਜੇ ਤੂੰ ਮੇਰਾ ਨਾਮ ਦਿਨ ਰਾਤ ਜਪੇਂਗਾ ਨਾ, ਤਾਂ ਪਿਆਰਿਆ! ਇਕ ਗੱਲ ਸਮਝ ਲੈ ਤੇਰੇ ਸਾਰੇ ਕੰਮ ਮੈਂ ਕਰਿਆ ਕਰਾਂਗਾ।

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ॥* *ਅੰਗ - 542*

ਜਿਹਨੂੰ ਨਾਮ ਨਾਲ ਪਿਆਰ ਹੋ ਗਿਆ, ਵਾਹਿਗੁਰੂ ਉਹਦੇ ਸਾਰੇ ਕੰਮ ਆਪੇ ਹੀ ਕਰਦਾ ਹੈ।

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥*

*ਅੰਗ - 403*

ਦੇਰ ਨਹੀਂ ਹੁੰਦੀ, ਉਸੇ ਵੇਲੇ ਆ ਜਾਂਦਾ ਹੈ।

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥*

*ਅੰਗ - 716*

ਫੇਰ ਸਾਰਾ ਸੰਸਾਰ ਤੇਰੇ ਅਧੀਨ ਹੋਵੇਗਾ। ਪਰ ਤੈਨੂੰ ਪਤਾ ਹੈ ਬਾਹਰ ਮਾਇਆ ਹੈ, ਮਾਇਆ ਇਕ ਖੇਲ੍ਹ ਵਾਸਤੇ ਮੈਂ ਰਚੀ ਹੈ। ਇਹ ਜੀਵ ਮੈਨੂੰ ਤਾਂ ਭੁੱਲ ਜਾਂਦਾ ਹੈ, ਮਾਇਆ ਵਿਚ ਫਸ ਜਾਂਦਾ ਹੈ।

*ਯਾ ਜੁਗ ਮਹਿ ਏਕਹਿ ਕਉ ਆਇਆ॥*
*ਜਨਮਤ ਮੋਹਿਓ ਮੋਹਨੀ ਮਾਇਆ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥*
*ਉਰਝਿ ਪਰੇ ਜੋ ਛੋਡਿ ਛਡਾਨਾ॥*
*ਦੇਵਨਹਾਰੁ ਮਨਹਿ ਬਿਸਰਾਨਾ॥* *ਅੰਗ - 252*

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥*
*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ॥* *ਅੰਗ - 885*

ਇਹ ਮਾਇਆ ਕੰਮ ਕੀ ਕਰਦੀ ਹੈ।

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ॥* *ਅੰਗ - 885*

ਮੋਹ ਪੈਦਾ ਕਰ ਦੇਣਾ ਨਾਸ਼ਵਾਨ ਚੀਜ਼ਾਂ ਦੇ ਨਾਲ। ਪ੍ਰਮੇਸ਼ਰ ਭੁੱਲ ਗਿਆ, ਮੋਹ ਪੈਦਾ ਹੋ ਗਿਆ। ਪ੍ਰਮੇਸ਼ਰ ਦਾ ਜਿਹੜਾ ਭਾਉ ਸੀ, ਭਉ ਸੀ ਉਹ ਹਟ ਗਿਆ ਤੇ ਜਿਹੜੀਆਂ ਨਾਸ਼ਵੰਤ ਚੀਜ਼ਾਂ, ਕਰਮਾਂ ਦੇ ਬੰਨੇ ਹੋਏ ਰਿਸ਼ਤੇਦਾਰ ਧੀਆਂ, ਪੁੱਤਰ ਆਏ ਸੀ ਉਹਦੇ ਵਿਚ ਮੋਹ ਲਾ ਲਿਆ ਤੇ ਜਨਮ ਬਿਰਥਾ ਚਲਿਆ ਗਿਆ ਉਸਦਾ।

ਮਾਇਆ ਐਸੀ ਮੋਹਣੀ ਹੈ -

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥*

*ਅੰਗ - 643*

ਖਾ ਜਾਂਦੀ ਹੈ ਉਸਨੂੰ ਜਿਹੜਾ ਇਹਦੇ ਵਿਚ ਰਚਦਾ ਹੈ। ਕਿਉਂਕਿ ਇਹਦਾ ਕੰਮ ਹੀ ਜੀਵ ਨੂੰ ਭੁਲਾਉਣਾ ਹੈ। ਮਾਇਆ ਨੇ ਜਾਲ ਪਾਇਆ ਹੋਇਆ ਹੈ। ਜਾਲ ਦੇ ਥੱਲੇ ਚੋਗਾ ਪਾ ਦਿਤਾ। ਕਿਤੇ ਮੋਹ ਦਾ ਪਾ ਦਿਤਾ, ਕਿਤੇ ਲੋਭ ਦਾ ਪਾ ਦਿਤਾ, ਕਿਤੇ ਬੱਚਿਆਂ ਦਾ ਪਾ ਦਿਤਾ, ਕਿਤੇ ਜਾਇਦਾਦ ਦਾ ਪਾ ਦਿਤਾ, ਕਿਤੇ ਕੋਈ-ਕਿਤੇ ਕੋਈ। ਠੱਗ ਪੰਜ ਨਾਲ ਲੱਗੇ ਹੋਏ ਨੇ - ਰਾਜ, ਮਾਲ, ਰੂਪ, ਜਾਤ, ਜੋਬਨ। ਪੰਜ ਚੋਰਾਂ ਨੂੰ ਭੇਜ ਦਿੰਦੀ ਹੈ ਇਹ› ਐਡੇ ਬਲੀ ਨੇ ਕਿ ਇਨ੍ਹਾਂ ਤੋਂ ਕੋਈ ਬਚ ਹੀ ਨਹੀਂ ਸਕਦਾ। ਵਾਹਿਗੁਰੂ ਬਚਾਵੇ ਤਾਂ ਬਚਾਵੇ ਆਦਮੀ ਦੀ ਤਾਕਤ ਨਹੀਂ ਕਿ ਇਨ੍ਹਾਂ ਚੋਰਾਂ ਤੋਂ ਬਚ ਜਾਵੇ। ਪੰਜ ਵਿਸ਼ੇ ਨੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਐਨੇ ਤਾਕਤਵਰ ਨੇ ਕਿ ਜਾਨ ਲੈ ਲੈਂਦੇ ਨੇ। ਮੱਛੀ ਨੂੰ ਵਿਸ਼ਾ ਹੈ ਜ਼ੁਬਾਨ ਦੇ ਰਸ ਦਾ, ਰਸ ਵਿਸ਼ਾ ਹੈ। ਉਹ ਕੁੰਡੀ ਸਣੇ ਨਿਘਾਰ ਜਾਂਦੀ ਹੈ ਅੰਦਰ, ਫੇਰ ਮਰਨਾ

ਪੈਂਦਾ ਹੈ ਉਹਨੂੰ। ਹਾਥੀ ਨੂੰ ਵਿਸ਼ਾ ਹੈ ਸਪਰਸ਼ ਦਾ, ਕਾਮ ਦਾ - ਕਾਗਜ਼ਾਂ ਦੀ ਹਥਣੀ ਬਣਾ ਕੇ ਖੜ੍ਹਾ ਦਿੰਦੇ ਨੇ, ਹੇਠਾਂ ਟੋਆ ਪੁਟਿਆ ਹੁੰਦਾ ਹੈ, ਉਤੇ ਮਾੜਾ ਜਿਹਾ ਫੂਸ ਪਾਇਆ ਹੁੰਦਾ ਹੈ। ਨੱਠਿਆ ਹੀ ਆਉਂਦਾ ਹੈ, ਦੜੰਮ ਵਿਚ ਗਿਰਦਾ ਹੈ। ਸਾਰੀ ਜ਼ਿੰਦਗੀ ਆਦਮੀ ਦੀ ਗੁਲਾਮੀ ਕਰਦਾ ਹੈ। ਭੌਰੇ ਨੂੰ ਵਿਸ਼ਾ ਹੈ ਸੁਗੰਧੀ ਦਾ, ਫੁੱਲ ਤੇ ਆ ਕੇ ਬਹਿ ਜਾਂਦਾ ਹੈ, ਫੇਰ ਨਹੀਂ ਉਠਦਾ, ਸ਼ਾਮ ਨੂੰ ਫੁੱਲ ਬੰਦ ਹੋ ਜਾਂਦਾ ਹੈ। ਵਿਚੋਂ ਮਰਿਆ ਹੋਇਆ ਨਿਕਲਦਾ ਹੈ। ਪਰਵਾਨੇ ਨੂੰ ਵਿਸ਼ਾ ਹੈ ਨੇਤਰਾਂ ਦਾ, ਦੀਵਾ ਜਲਦਾ ਹੈ ਨੱਠਿਆ ਹੀ ਜਾਏਗਾ ਓਧਰ ਨੂੰ, ਦੀਵੇ ਦੀ ਲਾਟ ਵਿਚ ਫੰਗ ਸੜ ਜਾਂਦੇ ਨੇ, ਹੇਠਾਂ ਗਿਰ ਪੈਂਦਾ ਹੈ, ਓਦੋਂ ਹੀ ਮਰ ਜਾਂਦਾ ਹੈ। ਹਰਨ ਨੂੰ ਵਿਸ਼ਾ ਹੈ ਸ਼ਬਦ ਦਾ, ਸੁਣਨ ਦਾ। ਘੰਡੇਹੇੜੇ ਦਾ ਸ਼ਬਦ ਜਦੋਂ ਸ਼ਿਕਾਰੀ ਵਜਾਉਂਦਾ ਹੈ, ਸਿੱਧਾ ਹੀ ਚਲਿਆ ਜਾਂਦਾ ਹੈ ਓਹਦੇ ਕੋਲ। ਨੇੜੇ ਜਾ ਕੇ ਲਿਟਣ ਲਗ ਜਾਂਦਾ ਹੈ, ਐਨਾ ਮਸਤ ਹੋ ਜਾਂਦਾ ਹੈ। ਉਹ ਆ ਕੇ ਆਰਾਮ ਨਾਲ ਹੀ ਫੜ ਲੈਂਦਾ ਹੈ ਉਹਨੂੰ। ਮਹਾਰਾਜ ਕਹਿੰਦੇ ਇਕ-ਇਕ ਵਿਸ਼ਾ ਹੈ ਉਹ ਐਨਾ ਨਾਸ਼ ਕਰ ਦਿੰਦਾ ਹੈ। ਮਨੁੱਖ ਦੇ ਵਿਚ ਪੰਜੋ ਵਿਸ਼ੇ ਨੇ। ਇਸ ਤੋਂ ਕੀ ਆਸ ਕੀਤੀ ਜਾ ਸਕਦੀ ਹੈ? ਕਿਉਂਕਿ ਮਾਇਆ ਨੇ ਇਹਨੂੰ ਘੇਰਨ ਵਾਸਤੇ ਵੀ ਓਡਾ ਹੀ ਬੰਦੋਬਸਤ ਕਰਿਆ ਹੋਇਆ ਹੈ। ਹੈ ਮਾਇਆ ਸ਼ਕਤੀ ਵੀ ਵਾਹਿਗੁਰੂ ਦੀ, ਉਹਦੇ ਕਰਕੇ ਸੰਸਾਰ ਚਲਦਾ ਹੈ, ਉਲਟੀਆਂ ਗੱਲਾਂ ਹੁੰਦੀਆਂ ਨੇ। ਪ੍ਰਮੇਸ਼ਰ ਨੂੰ ਭੁੱਲ ਜਾਂਦਾ ਹੈ ਤੇ ਜਾਲ ਵਿਚ ਫਸ ਜਾਂਦਾ ਹੈ। ਜਾਲ ਦੇ ਹੇਠਾਂ ਚੋਗਾ ਪਾਇਆ ਹੋਇਆ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਚੋਗ ਮਾਇਆ ਵਿਛਾਇਆ ਹੇਠ ਜਾਲ ਦੇ,*
*ਭੋਲਾ ਪੰਛੀ ਆਣ ਫਸਿਆ।*

ਤ੍ਰਿਸ਼ਨਾ ਦਾ ਬੱਝਿਆ ਹੋਇਆ ਪੰਛੀ ਫਸ ਗਿਆ, ਹੁਣ ਨਿਕਲ ਨਹੀਂ ਹੁੰਦਾ। ਹੁਣ ਕਰੋੜਾਂ ਜਨਮ ਇਹਨੂੰ ਚੱਕਰ ਖਾਣੇ ਪੈਣੇ ਨੇ।

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥*
*ਅੰਗ - 66*

ਜਿੰਨੇ ਕਰਮ ਕਰਦਾ ਹੈ, ਓਨਾ ਹੀ ਦੁਖ ਇਹਦੇ ਗਲ ਪੈਂਦਾ ਹੈ। ਮੁਕਦੇ ਹੀ ਨਹੀਂ ਕਰਮ ਐਨੇ ਇਹਦੇ ਗਲ 'ਚ ਪੈ ਜਾਂਦੇ ਨੇ। ਬਾਰ-ਬਾਰ ਜੰਮਦਾ ਹੈ, ਬਾਰ-ਬਾਰ ਮਰਦਾ ਹੈ। ਕਦੇ ਕੁਛ ਬਣਦਾ ਹੈ, ਕਦੇ ਕੁਛ ਬਣਦਾ ਹੈ। ਆਹ ਸਾਡਾ ਹਾਲ ਮਹਾਰਾਜ ਨੇ ਦੱਸਿਆ ਹੈ ਕਿ ਪਿਆਰਿਆ! ਤੂੰ ਆਇਆ ਕਿਹੜੇ ਕੰਮ ਸੀ -

*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥*
*ਅੰਗ - 618*

ਤੇਰੀ ਤਾਂ ਉਮਰ ਮੁੱਕ ਰਹੀ ਹੈ, ਤੂੰ ਕਿਹੜੇ ਚੱਕਰਾਂ 'ਚ ਪੈ ਗਿਆ। ਤੈਨੂੰ ਨਾਮ ਦੇ ਬਾਰੇ ਨਹੀਂ ਪਤਾ ਲੱਗਿਆ ਕਿਉਂਕਿ ਤੂੰ ਗੁਰੂ ਨਹੀਂ ਧਾਰਨ ਕਰਿਆ। ਨਾਮ ਜਪਿਆ ਨਹੀਂ, ਨਾਮ ਦੇ ਉਤੇ ਤੂੰ ਵਿਸ਼ਵਾਸ਼ ਨਹੀਂ ਲਿਆਂਦਾ। ਨਾਮ ਦੀ ਮਹਿਮਾ ਦਾ ਤੈਨੂੰ ਪਤਾ ਨਹੀਂ ਲੱਗਿਆ ਕਿ ਨਾਮ ਕੀ ਚੀਜ਼ ਹੈ। ਕਹਿੰਦੇ ਜੇ ਇਕ ਵਾਰੀ ਤੂੰ ਨਾਮ ਲੈ ਲਏਂ ਨਾ ਹਿਰਦੇ ਤੋਂ, ਤੇਰੇ ਗਲ 'ਚੋਂ ਕਾਲ ਦੀ ਫਾਸੀ ਲਹਿ ਜਾਏਗੀ। ਪਰ ਇਕ ਚਿੱਤ ਹੁੰਦਾ ਹੀ ਨਹੀਂ ਹੈ। ਪਤਾ ਹੀ ਨਹੀਂ ਇਕ ਚਿੱਤ ਕਿਸਨੂੰ ਕਹਿੰਦੇ ਨੇ, ਜੀਭ ਨਾਲ ਤਾਂ ਕਰਦਾ ਹੈ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥*
*ਅੰਗ - 491*

ਸੋ ਮਹਾਰਾਜ ਜੀ ਨੇ ਬਹੁਤ ਤਰੀਕੇ ਨਾਲ ਸਾਨੂੰ ਜਗਾਉਣ ਦਾ ਯਤਨ ਕੀਤਾ ਹੈ। ਲੇਕਿਨ ਇਹ ਜੀਵ ਕੀ ਹੈ ਹਾਕਾਂ ਮਾਰੀ ਜਾਂਦੇ ਨੇ ਇਹਨੂੰ -

*ਫਰੀਦਾ ਕੂਕੇਦਿਆਂ ਚਾਂਗੇਦਿਆਂ ਮਤੀਂ ਦੇਂਦਿਆਂ ਨਿਤ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥*
*ਅੰਗ - 1378*

ਓਧਰ ਨੂੰ ਤਾਂ ਜਾਂਦਾ ਹੈ ਜਿਹਨੇ ਸਰਬ ਨਾਸ਼ ਕਰਨਾ ਹੈ। ਜਿਹਨੇ ਬਚਾਉਣਾ ਹੈ ਓਧਰਲੀ ਗੱਲ ਨਹੀਂ ਸੁਣਦਾ। ਬਾਰ-ਬਾਰ ਮਹਾਰਾਜ ਜੀ ਸਾਨੂੰ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਕਹਾਂ ਗਾਫਲ ਸੋਇਆ*
*ਜਾਗ ਲੇਹੁ ਰੇ ਮਨਾ ਜਾਗ ਲੇ।*

ਜਿਹਦੇ ਹਿਰਦੇ 'ਚ ਮਨਮੁਖਤਾਈ, ਕਲਜੁਗ ਵਸ ਗਿਆ, ਸ਼ੈਤਾਨ ਵਸ ਗਿਆ ਉਹ ਚਿਤ ਨਹੀਂ ਫੇਰਦਾ। -

*ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ*
*ਦਿਤੀਆਂ ਬਾਗਾਂ ਤੋਂ ਨਾ ਜਾਗਦੇ।*

ਨਾਮ ਦੀ ਮਹਿਮਾ ਐਡੀ ਵੱਡੀ ਹੈ, ਸਮਝ ਵਿਚ ਕਿਉਂ ਨਹੀਂ ਆਉਂਦੀ। ਕਿਉਂ ਨਹੀਂ ਬੰਦਾ ਨਾਮ ਜਪਦਾ ਕਿਉਂਕਿ ਉਹਨੂੰ ਜਾਗ ਨਹੀਂ ਆਉਂਦੀ। ਮਾਇਆ ਦੀ ਨੀਂਦ ਵਿਚ ਸੌਂ ਗਿਆ -

*ਤਿਹੀ ਗੁਣੀ ਸੰਸਾਰ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ॥* *ਅੰਗ - 920*

ਨਾਮ ਦੀ ਮਹਿਮਾ ਦਾ ਉਨ੍ਹਾਂ ਨੂੰ ਪਤਾ ਹੈ ਜਿਨ੍ਹਾਂ ਨੇ ਬੰਦਗੀ ਕੀਤੀ ਹੈ।

*ਨਾਮ ਕੀ ਮਹਿਮਾ ਸੰਤ ਰਿਦ ਵਸੈ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥*
*ਸੰਤ ਕਾ ਸੰਗੁ ਵਡਭਾਗੀ ਪਾਈਐ॥*
*ਸੰਤ ਕੀ ਸੇਵਾ ਨਾਮੁ ਧਿਆਈਐ॥* *ਅੰਗ - 265*

ਸੰਤਾਂ ਨੂੰ ਪਤਾ ਹੈ ਇਸ ਨਾਮ ਦੀ ਮਹਿਮਾ ਦਾ। ਮਹਾਰਾਜ ਕਹਿੰਦੇ ਪੁੱਛੋ ਸੰਤਾਂ ਨੂੰ। ਕਿੰਨੀ ਮਹਿਮਾ ਹੈ, ਸਤਿ ਦੀ ਗੱਲ ਤੁਹਾਨੂੰ ਸੁਣਾਉਂਦੇ ਹਾਂ, ਤੁਹਾਨੂੰ ਇਤਬਾਰ ਕਿਉਂ ਨਹੀਂ ਆਉਂਦਾ। ਕਿਉਂ ਨਹੀਂ ਯਕੀਨ ਤੁਹਾਨੂੰ ਆਉਂਦਾ। ਐਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,*
*ਨਾਮਾ ਅੱਧੀ ਦਮੜੀ ਦਾ।*
*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਅੰਗ - 487*

ਲੀਨ ਹੋ ਗਿਆ ਮਨ ਨਾਮ ਦੇ ਨਾਲ। ਅਵਸਥਾ ਕੀ ਬਣੀ ਜਦੋਂ ਨਾਮ ਹਿਰਦੇ 'ਚ ਆ ਗਿਆ।

*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥*
*ਅੰਗ - 487*

ਜਦੋਂ ਪ੍ਰਮੇਸ਼ਰ ਮਿਲ ਗਿਆ ਫੇਰ ਸਾਰੀ ਸ੍ਰਿਸ਼ਟੀ ਦਾ ਮਾਲਕ ਬਣ ਜਾਂਦਾ ਹੈ।

ਪਰ ਪ੍ਰਮੇਸ਼ਰ ਨਾ ਤਾਂ ਕਿਸੇ ਭੇਖ ਨਾਲ ਮਿਲਦਾ ਹੈ। ਉਹ ਇਕੋ ਹੀ ਚੀਜ਼ ਹੈ ਹਿਰਦੇ ਵਿਚ ਪਹਿਲਾਂ ਪੂਰਨ ਵਿਸ਼ਵਾਸ਼ ਹੋਵੇ। ਐਂ ਨਹੀਂ 90% ਵਿਸ਼ਵਾਸ਼ ਨਾਲ ਨਹੀਂ ਮਿਲਦਾ। 100% ਵਿਸ਼ਵਾਸ਼ ਹੋਵੇ। ਜੇ 10% ਤਰਕ ਹੈ, ਮਨ ਦੇ ਵਿਚ ਖਰਲ ਪਈ ਹੋਈ ਹੈ, ਤਾਂ ਦੁਨੀਆਂ ਦਾ ਪਿਆਰ ਨਹੀਂ ਨਿਭਦਾ। ਕਹਿੰਦੇ ਨੇ ਮਨ ਵਿਚ ਖੋਟ ਹੈ, ਚਾਹੇ ਥੋੜ੍ਹੀ ਹੈ ਚਾਹੇ ਬਹੁਤੀ ਹੈ। ਸੋ ਪਿਆਰ ਦਾ ਅਸੂਲ ਹੀ ਇਹੀ ਹੈ ਕਿ ਖੋਟ ਨਹੀਂ ਕੋਈ ਵੀ ਹੁੰਦੀ। 100% ਲੀਨ ਹੁੰਦਾ ਹੈ, ਆਪਣਾ ਆਪਾ ਗਵਾ ਦਿੰਦਾ ਹੈ। ਸੋ ਮਹਾਰਾਜ ਕਹਿੰਦੇ ਪਿਆਰ ਤੋਂ ਬਿਨਾਂ ਵਾਹਿਗੁਰੂ ਨਹੀਂ ਮਿਲਿਆ ਕਰਦਾ। ਭਗਤ ਜਿਹੜੇ ਨੇ ਭੈ ਗਤੀ, ਪਿਆਰ ਦੇ ਵਿਚ ਚੱਲਣ ਵਾਲੇ, ਅਦਬ ਦੇ ਵਿਚ ਚੱਲਣ ਵਾਲੇ, ਉਨ੍ਹਾਂ ਦਾ ਜ਼ਿਕਰ ਕਰਦੇ ਨੇ ਕਿ –

*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥*
*ਅੰਗ - 487*

ਜਦੋਂ ਪ੍ਰੀਤ ਪ੍ਰਮੇਸ਼ਰ ਨਾਲ ਪਾਈ ਏਸ ਨੇ, ਕਹਿੰਦੇ ਕੋਈ ਪੁਛਦਾ ਨਹੀਂ ਸੀਗਾ। ਲੇਕਿਨ ਹੋਇਆ ਕੀ? ਡੇਢ ਕਰੋੜ ਬੰਦੇ ਨੂੰ ਤਾਰਿਆ ਕਬੀਰ ਸਾਹਿਬ ਨੇ।

*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥*
*ਅੰਗ - 487*

ਮਾਇਆ ਦਾ ਤਿਆਗ ਕਰ ਦਿਤਾ, ਜਿਹਨੂੰ ਹੁਣ ਤੱਕ ਅਸੀਂ ਮਾਇਆ-ਮਾਇਆ ਕਹਿੰਦੇ ਹਾਂ। ਉਹ ਬਿਲਕੁਲ ਨੇੜੇ ਨਾ ਆਉਣ ਦਿਤੀ। ਨਾ ਚੇਤਨ ਮਾਇਆ ਆਉਣ ਦਿਤੀ, ਨਾ ਜੜ੍ਹ ਮਾਇਆ ਆਉਣ ਦਿਤੀ। ਨਾ ਮਾਨਸਿਕ ਮਾਇਆ ਆਉਣ ਦਿਤੀ। ਤਿੰਨੋਂ ਮਾਇਆ ਦਾ ਤਿਆਗ ਕਰ ਦਿਤਾ। ਪਾਰਬ੍ਰਹਮ ਹਿਰਦੇ ਵਿਚ ਵਸਿਆ ਤਾਂ ਦਰਸ਼ਨ ਦਿੰਦਾ ਹੈ ਵਾਹਿਗੁਰੂ ਆ ਕੇ। ਭਗਤ ਰਵਿਦਾਸ ਜੀ ਕਹਿੰਦੇ ਨੇ ਕਿ ਹੇ ਵਾਹਿਗੁਰੂ! ਤੇਰਾ ਮੇਰਾ, ਮੇਰਾ ਤੇਰਾ ਕੀ ਫਰਕ ਹੋਇਆ।

ਜਿਵੇਂ ਪਾਣੀ ਤੋਂ ਲਹਿਰ ਉਠੀ, ਜਿਵੇਂ ਸੋਨੇ ਤੋਂ ਗਹਿਣਾ ਬਣ ਗਿਆ, ਐਨਾ ਹੀ ਫਰਕ ਹੈ ਨਾ, ਹਾਂ ਤਾਂ ਮੈਂ ਵੀ ਸੋਨਾ। ਜੇ ਲਹਿਰ ਹੈ ਤਾਂ ਮੈਂ ਪਾਣੀ ਹਾਂ। ਕਿਉਂਕਿ ਦਰਸ਼ਨ ਦੇ ਕੇ ਪਿਆਰ ਦੇ ਵਿਚ ਐਨਾ ਪਿਘਲ ਗਿਆ ਕਿ ਵਾਹਿਗੁਰੂ ਤੇ ਰਵਿਦਾਸ ਇਕ ਬਣ ਗਏ।

*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥*
*ਅੰਗ - 488*

ਵਾਹਿਗੁਰੂ ਜੀ ਆਪ ਸਰੀਰ ਧਾਰ ਕੇ ਰੇਵਾ ਦੇ ਰਾਣੇ ਦੀ ਆਪ ਸੇਵਾ ਕਰਨ ਆਏ। ਸੇਵਾ ਕਰਦੇ ਫਿਰਦੇ ਨੇ ਕਰੋੜਾਂ ਬ੍ਰਹਿਮੰਡਾਂ ਦੇ ਮਾਲਕ।

*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥*
*ਅੰਗ - 488*

ਭਗਤੀ ਕਰਨ ਲੱਗਿਆ, ਪ੍ਰਮੇਸ਼ਰ ਨੂੰ ਪਿਆਰ ਕਰਿਆ ਧੰਨੇ ਨੇ। ਪ੍ਰਮੇਸ਼ਰ ਪ੍ਰਤੱਖ ਹੋ ਕੇ ਜਿਹਦਾ ਰੂਪ ਨਹੀਂ, ਰੰਗ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ। ਅਸੀਂ ਤਾਂ ਘਬਰਾ ਜਾਂਦੇ ਹਾਂ ਕਿ ਉਹ ਹੋਣਾ ਹੀ ਨਹੀਂ ਕੁਛ, ਜਿਹਦੀਆਂ ਆਹ ਚੀਜ਼ਾਂ ਨਹੀਂ। ਆਕਾਸ਼ ਜਿਹੋ ਜਿਹਾ ਹੋਇਆ ਨਾ ਹੋਇਆ। ਸਾਨੂੰ ਕੀ ਹੈ ਆਕਾਸ਼ ਨਾਲ ਸਬੰਧ। ਓਵੇਂ ਅਸੀਂ ਵਾਹਿਗੁਰੂ ਨੂੰ ਗਿਣ ਲੈਂਦੇ ਹਾਂ।

ਸਾਧ ਸੰਗਤ ਜੀ! ਵਾਹਿਗੁਰੂ ਸਭ ਕੁਛ ਜਾਨਣਹਾਰ, ਅੰਦਰ ਬਾਹਰ ਵਸਦਾ, ਆਪਣੇ ਹੁਕਮ ਨੂੰ ਚਲਾਉਣ ਵਾਲਾ, ਸਾਰੀ ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲਾ ਬਿਸ਼ੰਭਰ, ਰਾਖੀ ਕਰਨ ਵਾਲਾ, ਬਚਾਉਣ ਵਾਲਾ ਪ੍ਰਮੇਸ਼ਰ ਹੈ। ਉਹ ਏਸ ਕਰਕੇ ਸਾਡੇ ਮਨ ਨੂੰ ਲਗਦਾ ਨਹੀਂ ਕਿ ਜਿਹਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਚੱਕਰ ਨਹੀਂ,

ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ ਹੈ, ਉਹ ਕੀ ਹੋਇਆ, ਸੁੰਨ ਮੁੰਨ ਜਿਹੀ ਹੋਈ। ਐਉਂ ਪਿਆਰ ਨਹੀਂ ਲਗਦਾ। ਜਿਹਨੂੰ ਪਿਆਰ ਹੈ ਉਹ ਇਹਦੇ ਪਿਛੇ ਦੇਖਦਾ ਹੈ, ਇਹਦੇ ਪਿਛੇ ਤਾਂ ਵਾਹਿਗੁਰੂ ਜੀ ਆਪ ਹੀ ਨੇ, ਹੋਰ ਕੋਈ ਹੈ ਹੀ ਨਹੀਂ। ਸੋ ਮਹਾਰਾਜ ਕਹਿੰਦੇ ਪਿਆਰਿਓ! ਇਹ ਵਸਤੂ ਗਿਣਤੀਆਂ ਮਿਣਤੀਆਂ ਦੀ ਨਹੀਂ। ਇਹ ਤਾਂ ਸਿਰਫ ਪਿਆਰ ਦੇ ਨਾਲ ਪ੍ਰਮੇਸ਼ਰ ਨੂੰ ਮਿਲਿਆ ਜਾਂਦਾ ਹੈ, ਹੋਰ ਕੋਈ ਸਾਧਨ ਨਹੀਂ ਹੈ –

*ਧਾਰਨਾ - ਬਿਨਾਂ ਪਿਆਰ ਤੋਂ ਹਰੀ ਨਾ ਮਿਲਦਾ,*
*ਹੋਰ ਸਭੇ ਗੱਲਾਂ ਕੂੜੀਆਂ।*

*ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ,*
*ਬੈਠਿ ਰਹਿਓ ਬਕ ਧਿਆਨ ਲਗਾਇਓ॥*
*ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ,*
*ਲੋਕ ਗਇਓ ਪਰਲੋਕ ਗਵਾਇਓ॥*
*ਬਾਸ ਕੀਓ ਬਿਖਿਆਨ ਸੋ ਬੈਠ ਕੈ,*
*ਐਸੇ ਹੀ ਐਸੇ ਸੁ ਬੈਸ ਬਿਤਾਇਓ॥*
*ਸਾਚੁ ਕਹੌਂ ਸੁਨ ਲੇਹੁ ਸਭੈ,*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*
*ਤ੍ਵਪ੍ਰਸਾਦਿ ਸ੍ਵਯੇ*

*ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥*
*ਨਾ ਤੂ ਆਵਹਿ ਵਸਿ ਬੇਦ ਪੜਾਵਣੇ॥*
*ਨਾ ਤੂ ਆਵਹਿ ਵਸਿ ਤੀਰਥਿ ਨਾਈਐ॥*
*ਨਾ ਤੂ ਆਵਹਿ ਵਸਿ ਧਰਤੀ ਧਾਈਐ॥*
*ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥*
*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥*
*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥ ਅੰਗ-962*

ਕੋਈ ਵੀ ਚਤੁਰਾਈ –

*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥*
*ਅੰਗ - 1*

ਕੋਈ ਫਿਲਾਸਫੀ –

*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥*
*ਅੰਗ - 1*

ਕੋਈ ਸਮਾਧੀ –

*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥*
*ਅੰਗ - 1*

ਪਦਾਰਥਾਂ ਦਾ ਭੋਗ –

*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥*
*ਅੰਗ - 1*

ਇਨ੍ਹਾਂ ਵਿਚੋਂ ਕੋਈ ਵੀ ਪ੍ਰੇਮ-ਮਾਰਗ ਵਿਚ ਸਹਾਇਕ ਨਹੀਂ ਹੁੰਦੇ। ਫੇਰ ਵਾਹਿਗੁਰੂ ਮਿਲੇ ਕਿਵੇਂ? ਕਹਿੰਦੇ ਉਹ ਪਿਆਰ ਤੋਂ ਬਗੈਰ ਨਹੀਂ ਮਿਲਦਾ। ਉਹ ਆਪ ਪਿਆਰ ਹੈ। ਪ੍ਰਮੇਸ਼ਰ ਹੈਗਾ ਪਰ ਸੰਸਾਰ ਮਾਇਆ ਦੇ ਉਲਟ ਚੱਕਰ ਵਿਚ ਪਿਆ ਹੋਇਆ ਉਸ ਨੂੰ ਪਿਆਰ ਨਹੀਂ ਕਰਦਾ। ਪਿਆਰ ਦੇ ਬੰਨ੍ਹੇ ਹੋਏ ਪ੍ਰਮੇਸ਼ਰ ਨੇ ਨਾਮਦੇਵ ਦਾ ਦੁੱਧ ਪੀ ਲਿਆ ਆ ਕੇ।

*ਧਾਰਨਾ - ਦੁੱਧ ਪੀ ਲਿਆ ਹਰੀ ਨੇ ਆ ਕੇ,*
*ਵਸ ਹੋ ਕੇ ਸੱਚੇ ਪਿਆਰ ਦੇ।*

ਐਸਾ ਜੋ ਅਗੰਮ ਅਗੋਚਰ ਪਾਰਬ੍ਰਹਮ ਪ੍ਰਮੇਸ਼ਰ ਹੈ, ਇਕ ਬੱਚੇ ਤੋਂ ਦੁੱਧ ਪੀ ਰਿਹਾ ਹੈ। ਇਥੇ ਹੀ ਨਹੀਂ ਹੈ

*ਗਾਇ ਮੁਇ ਜੀਵਾਲਿਓਨੁ ਨਾਮਦੇਉ ਦਾ ਛਪਰ ਛਾਇਆ।*
*ਭਾਈ ਗੁਰਦਾਸ ਜੀ ਦੀ ਵਾਰ 10/11*

ਛੱਪਰ ਛਾਉਣ ਆ ਗਿਆ, ਮਰੀ ਹੋਈ ਗਊ ਜੀਉਂਦੀ ਕਰਨ ਆ ਗਿਆ।

*ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।*
*ਭਗਤ ਜਨਾ ਦਾ ਕਰੇ ਕਰਾਇਆ॥*
*ਭਾਈ ਗੁਰਦਾਸ ਜੀ ਦੀ ਵਾਰ 10/11*

ਸੋ ਜਿਹਦਾ ਪਿਆਰ ਪ੍ਰਮੇਸ਼ਰ ਦੇ ਨਾਲ ਲਗ ਜਾਵੇ। ਮਾਇਆ ਉਥੇ ਅਸਰ ਨਹੀਂ ਕਰਦੀ। ਮਾਇਆ ਦਾ ਅਸਰ ਓਨਾ ਚਿਰ ਹੀ ਹੈ ਜਿੰਨਾ ਚਿਰ ਮਾਇਆ ਨਾਲ ਪਿਆਰ ਹੈ। ਮਾਇਆ ਨਾਲ ਪਿਆਰ ਕਰਕੇ ਅਸੀਂ ਮਾਇਆ ਦੇ ਜਾਲ ਵਿਚ ਫਸ ਜਾਂਦੇ ਹਾਂ। ਇਹਨੂੰ ਨਾਗਨੀ ਕਿਹਾ ਹੈ ਨਾਗਨੀ ਨਾਲ ਪਿਆਰ ਕਰਦੇ ਹਾਂ। ਵਾਹਿਗੁਰੂ ਜਿਹੜਾ ਹਾਜ਼ਰ ਨਾਜ਼ਰ ਹੈ ਉਹਦੇ ਵਲ ਪਿੱਠ ਕਰਕੇ ਰੱਖਦੇ ਹਾਂ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਐਸਾ ਜੋ ਹਰੀ ਮਿਹਰਵਾਨ ਪਿਆਰ ਕਰਨ ਵਾਲਾ ਹੈ, ਤੁਸੀਂ ਉਹਦੇ ਗੁਣ ਗਾਓ। ਉਹਦੇ ਗੁਣ ਗਾਉਣ ਨਾਲ ਕੀ ਹੋਏਗਾ, ਮਾਇਆ ਦਾ ਜਾਲ ਟੁੱਟ ਜਾਏਗਾ।

*ਧਾਰਨਾ - ਮਿਲ ਕੇ ਸੰਤਾਂ ਨੂੰ ਹਰੀ ਦੇ ਗੁਣ ਗਾ ਲੈ,*
*ਮਾਇਆ ਵਾਲਾ ਜਾਲ ਤੋੜ ਕੇ।*

*ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ*
*ਗੁਰਮੁਖਿ ਪਾਇਆ ਜਾਇ॥ ਅੰਗ - 513*

ਜਾਲ ਟੁੱਟ ਜਾਂਦਾ ਹੈ ਕਿਉਂਕਿ ਸੰਤਾਂ ਦੇ ਨਾਲ ਮਿਲ ਕੇ ਜਦੋਂ ਅਸੀਂ ਗੁਣ ਗਾਉਂਦੇ ਹਾਂ ਪ੍ਰਭੂ ਦੇ ਉਨ੍ਹਾਂ ਦਾ ਪ੍ਰਤੱਖ ਅਨੁਭਵ ਹੁੰਦਾ ਹੈ, ਸੋ ਉਹਦੇ ਨਾਲ ਸਾਡੇ ਹਿਰਦੇ ਵਿਚ ਪਿਆਰ ਆਉਂਦਾ ਹੈ। ਜਿਉਂ-ਜਿਉਂ ਪਿਆਰ ਵਧਦਾ ਹੈ,

ਤਿਉਂ-ਤਿਉਂ ਮਾਇਆ ਦੇ ਤੰਦ ਟੁੱਟਦੇ ਜਾਂਦੇ ਨੇ। ਸੋ ਮਹਾਰਾਜ ਜੀ ਫ਼ੁਰਮਾਨ ਕਰਦੇ ਨੇ ਕਿ -

***ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥***

***ਅੰਗ - 135***

ਜਿਨ੍ਹਾਂ ਨੂੰ ਵਾਹਿਗੁਰੂ ਮਿਲ ਗਿਆ, ਉਨ੍ਹਾਂ ਨੂੰ ਜਿਹੜੇ ਕੱਕਾਂ ਦੇ ਝੋਲੇ ਨੇ, ਠੰਢ ਹੈ, ਜੀਵਨ ਦੇ ਅੰਦਰ ਉਚੀਆਂ ਨੀਵੀਆਂ ਗੱਲਾਂ ਨੇ, ਕਹਿੰਦੇ ਉਹ ਨਹੀਂ ਵਿਆਪਿਆ ਕਰਦੀਆਂ-ਦੁਖ ਦੇਣ ਵਾਲੀਆਂ। ਕਿਉਂਕਿ ਉਨ੍ਹਾਂ ਦਾ ਮਨ ਜਿਹੜਾ ਹੈ -

***ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥***

***ਅੰਗ - 135***

ਉਨ੍ਹਾਂ ਦੇ ਚਰਨਾਂ ਦੇ ਨਾਲ ਮਨ ਵਿੰਨ੍ਹਿਆ ਪਿਆ ਹੈ।

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***

***ਅੰਗ - 708***

ਆਹ ਅਵਸਥਾ ਹੋਈ ਹੋਈ ਹੈ ਤੇ ਵਾਹਿਗੁਰੂ ਦੇ ਦਰਸ਼ਨਾਂ ਦੀ ਲੋਚਾ ਲੱਗੀ ਪਈ ਹੈ।

***ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥***

***ਅੰਗ - 135***

ਓਟ ਉਨ੍ਹਾਂ ਨੇ ਵਾਹਿਗੁਰੂ ਦੀ ਰੱਖੀ ਹੋਈ ਹੈ ਤੇ ਸੇਵਾ ਦਾ ਲਾਹਾ ਖਟਦੇ ਨੇ।

***ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥***

***ਅੰਗ - 135***

ਫੇਰ ਜਿਹੜੀ ਮਾਇਆ ਦਾ ਆਪਾਂ ਐਨਾ ਲੰਮਾ ਚੌੜਾ ਜ਼ਿਕਰ ਕਰਿਆ ਹੈ ਉਹ ਫੇਰ ਅਸਰ ਨਹੀਂ ਕਰਦੀ, ਜਦੋਂ ਸੰਤਾਂ ਨਾਲ ਮਿਲ ਕੇ ਤੁਸੀਂ ਵਾਹਿਗੁਰੂ ਦੇ ਗੁਣ ਗਾਵੋਂਗੇ। ਫੇਰ ਕੀ ਹੋਏਗਾ? ਮਾਇਆ ਹਟ ਗਈ, ਹਉਮੈ ਹਟ ਗਈ, ਫੇਰ ਜਿਹੜੀ ਮੇਰੀ ਛੋਟੀ ਮੈਂ ਹੈ ਉਹ ਖਤਮ ਹੋ ਜਾਵੇਗੀ ਤੇ ਜਿਥੋਂ ਅਸੀਂ ਵਿਛੁੜੇ ਹਾਂ ਉਹਦੇ ਨਾਲ ਮਿਲ ਜਾਵਾਂਗੇ।

***ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥***

***ਅੰਗ - 135***

ਆਹ ਪਿਆਰ ਨੇ ਚੁੱਕ ਕੇ ਵਾਹਿਗੁਰੂ ਦੇ ਵਿਚ ਮਿਲਾ ਦਿਤਾ ਸਾਨੂੰ। ਫੇਰ ਜਦੋਂ ਵਾਹਿਗੁਰੂ ਦੇ ਨਾਲ ਮਿਲ ਗਏ, ਫੇਰ ਨਹੀਂ ਹੈ ਕਿ ਅਸੀਂ ਮਾਇਆ ਦੇ ਚੱਕਰ ਵਿਚ ਆ ਜਾਵਾਂਗੇ। ਕਿਉਂਕਿ ਇਹ ਪਿਆਰ ਐਸਾ ਹੈ ਕਿ ਉਥੋਂ ਦੁਬਾਰਾ ਨਹੀਂ ਬੰਦਾ ਵਿਛੜਦਾ, ਫੇਰ ਵਾਹਿਗੁਰੂ ਦਾ ਵਿਛੋੜਾ ਮਿਲਣ ਤੋਂ ਬਾਅਦ ਨਹੀਂ ਹੋਇਆ ਕਰਦਾ।

***ਧਾਰਨਾ - ਬਾਂਹ ਫੜ ਲਈ ਜਿਨ੍ਹਾਂ ਦੀ ਪਿਆਰੇ ਰਾਮ ਨੇ,***
***ਹੁੰਦਾ ਨਹੀਂ ਵਿਛੋੜਾ ਮੁੜ ਕੇ।***

ਦੁਬਾਰਾ ਫੇਰ ਨਹੀਂ ਵਿਛੋੜਾ ਹੁੰਦਾ ਕਿਉਂਕਿ ਉਹਨੇ -

***ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥***

***ਅੰਗ - 135***

ਫੇਰ ਦੁਬਾਰਾ ਨਹੀਂ ਮਾਇਆ ਦਾ ਅਸਰ ਪੈਂਦਾ।

***ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥***

***ਅੰਗ - 135***

ਐਸੇ ਸੱਜਣ ਤੋਂ ਵਾਰ ਜਾਂਦੇ ਹਾਂ ਲੱਖਾਂ ਵਾਰੀ।

***ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥***

***ਅੰਗ - 135***

ਦਰਾਂ ਤੇ ਪਿਆਂ ਦੀ, ਦਰਵਾਜ਼ੇ ਤੇ ਪਿਆਂ ਦੀ ਲਾਜ ਰੱਖ ਲਈ ਪ੍ਰਭੂ ਨੇ।

***ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥***

***ਅੰਗ - 135***

ਕਹਿੰਦੇ ਸਾਰੇ ਹੀ ਸੁਖ ਹੁਣ ਮਿਲ ਗਏ। ਪਾਰਬ੍ਰਹਮ ਪ੍ਰਮੇਸ਼ਰ ਨੇ ਬਖਸ਼ ਦਿਤੇ। ਸੋ ਇਸ ਮਹੀਨੇ ਦੇ ਨਾਲ ਮਹਾਰਾਜ ਜੀ ਨੇ ਸਾਨੂੰ ਸਮਝਾਇਆ ਹੈ ਕਿ ਪਿਆਰਿਓ ਜਨਮ ਬਿਰਥਾ ਜਾ ਰਿਹਾ ਹੈ ਤੁਹਾਡਾ। ਵਾਹਿਗੁਰੂ ਪਿਆਰ ਨਾਲ ਮਿਲਦਾ ਹੈ, ਤੁਸੀਂ ਮਾਇਆ ਦੇ ਚੱਕਰਾਂ ਵਿਚ ਪੈ ਗਏ ਹੋਂ ਤੇ ਉਹਨੂੰ ਭੁੱਲੇ ਬੈਠੇ ਹੋਂ। ਜਨਮ ਲੰਘ ਜਾਣਾ ਹੈ, ਸਰੀਰ ਨੇ ਬਿਨਸ ਜਾਣਾ ਹੈ। ਮੁੜ ਕੇ ਹੱਥ ਨਹੀਂ ਆਉਣਾ ਇਹ। ਜਿਹੜੇ ਕੰਮ ਨੂੰ ਕਰਨ ਵਾਸਤੇ ਆਏ ਓਂ, ਕਰ ਲਓ। ਪਿਆਰ ਕਰਦਾ ਹੈ ਵਾਹਿਗੁਰੂ। ਪਿਆਰ ਨੂੰ ਹਿਰਦੇ ਵਿਚ ਵਸਾ ਲਓ। ਜੇ ਨਾਮਦੇਵ ਕੋਲੋਂ ਦੁੱਧ ਪੀ ਸਕਦਾ ਹੈ ਤਾਂ ਤੁਹਾਡੇ ਨਾਲ ਵੀ ਪਿਆਰ ਕਰ ਸਕਦਾ ਹੈ। ਪਰ ਸਾਡੇ ਪਿਆਰ ਵਿਚ ਖੋਟ ਹੈ, ਸ਼ੱਕ ਹੈ ਸਾਡੇ ਪਿਆਰ ਵਿਚ। ਪਹਿਲੀ ਗੱਲ ਤਾਂ ਵਾਹਿਗੁਰੂ ਵਿਚ ਧਿਆਨ ਹੀ ਨਹੀਂ। ਹੋਰ ਹੀ ਗੱਲਾਂ ਬਹੁਤ ਨੇ ਜਿਹੜੀਆਂ ਫਸਟ ਪ੍ਰਾਇਰਟੀ ਪਹਿਲ ਰਖਦੀਆਂ ਨੇ ਸਾਡੇ ਮਨ ਵਿਚ। ਜਿਹਦੇ ਮਨ ਵਿਚ ਵਾਹਿਗੁਰੂ ਦੀ ਅਸ ਚਾਹਨਾ ਹੈ ਨਾ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

ਉਹ ਤਾਂ ਟਿਕਦੇ ਹੀ ਨਹੀਂ। ਹਰ ਵਕਤ ਸਭ ਕੁਛ ਕੁਰਬਾਨ ਕਰਕੇ ਵੀ ਇਧਰ ਨੂੰ ਜਾਂਦੇ ਨੇ। ਸਾਨੂੰ ਤਾਂ ਦੁਨੀਆਂ ਪਿਆਰੀ ਲਗਦੀ ਹੈ ਜਿਹਨੂੰ ਛੱਡ ਜਾਣਾ ਹੈ। ਇਥੇ ਸਦਾ ਨਹੀਂ ਰਹਿਣਾ, ਇਹ ਛੱਡਣ ਵਾਲੀ ਚੀਜ਼ ਹੈ। ਸਭ ਨੇ ਜਾਣਾ ਹੈ, ਵੱਡੇ-ਵੱਡੇ ਇਥੋਂ ਚਲੇ ਗਏ ਨੇ ਅਸੀਂ ਫੇਰ ਉਹਨੂੰ ਸੱਚ ਮੰਨੀ ਬੈਠੇ ਹਾਂ। ਜਿਹੜੇ ਵਾਹਿਗੁਰੂ ਨੂੰ ਇਕ ਵਾਰੀ

ਮਿਲ ਕੇ ਫੇਰ ਜਾਣਾ ਹੀ ਨਹੀਂ ਹੈ, ਹਮੇਸ਼ਾ ਹੀ ਉਥੇ ਰਹਿਣਾ ਹੈ, ਉਹਦੇ ਨਾਲ ਸਾਡੀ ਰੁਚੀ ਕੋਈ ਨਹੀਂ ਹੈ।

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰੀਤਿ॥*
*ਬਲੂਆ ਕੇ ਗ੍ਰਿਹ ਭੀਤਰਿ ਬਸੈ॥*
*ਅਨਦ ਕੇਲ ਮਾਇਆ ਰੰਗਿ ਰਸੈ॥*
*ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥*
*ਕਾਲੁ ਨ ਆਵੈ ਮੂੜੇ ਚੀਤਿ॥*
*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥*

*ਅੰਗ - 267*

ਵਾਹਿਗੁਰੂ ਕ੍ਰਿਪਾ ਕਰੇ ਸਾਨੂੰ ਸੋਝੀ ਦੇਵੇ, ਪਿਆਰ ਦੇਵੇ। ਕਿਉਂਕਿ ਬੇਅੰਤ ਪ੍ਰੇਮੀ ਤੁਰਦੇ ਨੇ ਸੰਸਕਾਰਾਂ ਦੇ ਬੰਨ੍ਹੇ ਹੋਏ ਲੇਕਿਨ ਰਾਹ ਵਿਚ ਫਸ ਜਾਂਦੇ ਨੇ। ਰਾਹ ਵਿਚ ਬੜਾ ਚਿੱਕੜ ਹੈ, ਬੜੀਆਂ ਚੀਜ਼ਾਂ ਨੇ, ਰਿੱਧੀਆਂ ਨੇ, ਸਿੱਧੀਆਂ ਨੇ, ਮਾਨਤਾ ਹੈ, ਆਪਣੀ ਅਕਲ ਉਤੇ ਰੱਖਦੇ ਨੇ। ਵਾਹਿਗੁਰੂ ਦੇ ਹੁਕਮ ਵਿਚ ਨਹੀਂ ਵਰਤਦੇ। ਸੋ ਉਹਦੇ ਨਾਲ ਕੀ ਹੁੰਦਾ ਹੈ ਕਿ ਮਾਇਆ ਦਾ ਜਾਲ ਉਸੇ ਵੇਲੇ ਪੈ ਜਾਂਦਾ ਹੈ। ਉਹ ਤਾਂ ਜਿਹੜਾ ਸੁਚੇਤ ਰਹੇ, ਕਹਿੰਦੇ ਨੇ ਜੇ ਪਾਤਣੀ ਸੁਚੇਤ ਹੋਵੇ ਤਾਂ ਖੱਪਰਾਂ ਤੋਂ ਕਿਸ਼ਤੀ ਬਚਾ ਲੈਂਦਾ ਹੈ। ਜੇ ਨਾ ਹੋਵੇ ਤਾਂ ਉਹ ਗੇੜਾ ਖਾਣ ਲਗ ਜਾਂਦੀ ਹੈ। ਉਥੇ ਡੁੱਬ ਜਾਂਦੀ ਹੈ ਭਰ ਕੇ। ਚਾਹੇ ਸਫਰ ਥੋੜ੍ਹਾ ਜਿਹਾ ਹੀ ਰਹਿ ਗਿਆ, ਦਰਿਆ ਇਕ ਮੀਲ ਚੌੜਾ ਹੈ, ਸਭ ਲੰਘ ਆਏ ਤੇ ਸਿਰਫ ਪੰਜ ਸੱਤ ਗਜ਼ ਰਹਿ ਗਿਆ, ਉਥੇ ਹੀ ਜੇ ਭੰਵਰ ’ਚ ਫਸ ਗਈ ਤਾਂ ਡੁੱਬ ਜਾਏਗੀ। ਸੁਚੇਤ ਹੋ ਕੇ ਚੱਲਣ ਦਾ ਰਾਹ ਹੈ। ਪਿਆਰ ਕਰੋ ਵਾਹਿਗੁਰੂ ਨੂੰ। ਬਾਕੀ ਜਿਹੜੀਆਂ ਚੀਜ਼ਾਂ ਦੇ ਵਿਚ ਪਿਆ ਹੋਇਆ ਹੈਂ ਇਹ ਤਾਂ ਧੂੰਏਂ ਦਾ ਪਹਾੜ ਹੈ, ਇਹ ਸਤਿ ਨਹੀਂ ਹਨ। ਇਹ ਆਉਂਦੀਆਂ-ਜਾਂਦੀਆਂ ਨੇ, ਚਮਤਕਾਰੇ ਦਿਖਾਉਂਦੀ ਹੈ ਮਾਇਆ, ਜਿਵੇਂ ਬਿਜਲੀ ਚਮਕਦੀ ਹੈ ਐਵੇਂ ਚਕਾਚੂੰਦ ਕਰਦੀ ਹੈ ਸਾਨੂੰ। ਅਸੀਂ ਸਾਰੇ ਫਸੇ ਬੈਠੇ ਹਾਂ। ਨਿਕਲੋ ਹਿੰਮਤ ਕਰਕੇ, ਬੰਦਗੀ ਕਰੋ, ਨਾਮ ਜਪੋ, ਆਪਣੇ ਜੀਵਨ ਨੂੰ ਸੁਧਾਰੋ। ਗੁਰੂ ਗ੍ਰੰਥ ਸਾਹਿਬ ਜੀ ਦਾ ਜੋ ਸਤਿਕਾਰ ਹੈ ਹਿਰਦੇ ’ਚ ਉਹ ਬਹੁਤੇ ਮੱਥੇ ਟੇਕਣ ਨਾਲ ਸਬੰਧ ਨਹੀਂ ਰੱਖਦਾ। ਬਾਣੀ ਦਾ ਆਦਰ ਕਰੋ, ਬਾਣੀ ਨੂੰ ਹਿਰਦੇ ਵਿਚ ਵਸਾਓ, ਬਾਣੀ ਦਾ ਰੂਪ ਬਣੋ, ਜਿਉਂ-ਜਿਉਂ ਅਸੀਂ ਬਾਣੀ ਦਾ ਚਾਨਣਾ ਲਵਾਂਗੇ। ਵਾਹਿਗੁਰੂ ਨਾਲ ਸਾਡਾ ਪਿਆਰ ਜੁੜਦਾ ਜਾਏਗਾ। ਜਿਉਂ-ਜਿਉਂ ਵਾਹਿਗੁਰੂ ਨਾਲ ਪਿਆਰ ਜੁੜਦਾ ਜਾਏਗਾ, ਮਾਇਆ ਵਾਲਾ ਚੱਕਰ ਦੂਰ ਹੁੰਦਾ ਜਾਏਗਾ। ਸੋ ਇਸ ਤਰ੍ਹਾਂ ਇਸ ਮਹੀਨੇ ਵਿਚ ਮਹਾਰਾਜ ਜੀ ਨੇ ਉਪਦੇਸ਼ ਦਿਤਾ ਹੈ, ਇਹਨੂੰ ਪਿਆਰਿਓ ਕਮਾਓ ਹਿਰਦੇ ਵਿਚ ਵਸਾਓ, ਯਾਦ ਰੱਖੋ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*

*ਅੰਗ - 677*

ਕੋਈ ਜਗ੍ਹਾ ਐਸੀ ਨਹੀਂ ਜਿਥੇ ਕਹੀਏ ਕਿ ਵਾਹਿਗੁਰੂ ਨਹੀਂ। ਸੋ ਪਿਆਰ ਦੇ ਨਾਲ ਆਹ ਸਰੀਰ ਨੂੰ ਮਿਲ ਜਾਂਦਾ ਹੈ ਵਾਹਿਗੁਰੂ। ਇਹ ਸਰੀਰ ਮਿਲਿਆ ਹੀ ਇਸ ਕਰਕੇ ਹੈ ਕਿਉਂਕਿ ਇਹਦੇ ਵਿਚ ਸਮਰੱਥਾ ਹੈ, ਵਾਹਿਗੁਰੂ ਨੂੰ ਪਿਆਰ ਕਰ ਸਕਦਾ ਹੈ, ਦੂਸਰਾ ਇਹਦੇ ਵਿਚ ਸ਼ਕਤੀ ਹੈ ਕਿ ਵਾਹਿਗੁਰੂ ਜਿਸ ਥਾਂ ਤੇ ਵਸਦਾ ਹੈ ਸਰੀਰ ਦੇ ਅੰਦਰ, ਉਹ ਥਾਂ ਖੁਲ੍ਹ ਜਾਂਦਾ ਹੈ ਇਹਦਾ। ਖੁਲ੍ਹਣ ਦੇ ਨਾਲ, ਵਾਹਿਗੁਰੂ ਨੂੰ ਸਾਂਗੋ ਉਪਾਂਗ ਦੇਖ ਲੈਂਦਾ ਹੈ। ਜਿਵੇਂ ਤੁਸੀਂ ਮੈਨੂੰ ਦੇਖ ਰਹੇ ਹੋ, ਮੈਂ ਤੁਹਾਨੂੰ ਦੇਖ ਸਕਦਾ ਹਾਂ। ਸੋ ਇਸ ਤਰ੍ਹਾਂ ਦੇ ਨਾਲ ਆਪਣੇ ਜੀਵਨ ਦਾ ਆਧਾਰ ਬਣਾਓ। ਕੱਚੀਆਂ ਗੱਲਾਂ ਛੱਡੋ, ਬਾਕੀ ਸੋਚਾਂ ਛੱਡੋ, ਜਿਹੜੀਆਂ ਫਜ਼ੂਲ ਦੀਆਂ ਹੁੰਦੀਆਂ ਨੇ। ਇਹਦੇ ਵਿਚ ਨਾ ਜੀਵਨ ਬਤੀਤ ਕਰੋ। ਖਾਸ ਕਰਕੇ ਜਿਹੜੇ ਰੱਬ ਦੇ ਰਸਤੇ ਤੇ ਤੁਰ ਰਹੇ ਨੇ, ਉਨ੍ਹਾਂ ਨੂੰ ਬਹੁਤ ਸਾਵਧਾਨਤਾ ਦੀ ਲੋੜ ਹੈ। ਇਹਦੇ ਵਿਚ ਕੁਛ ਨਹੀਂ ਚਲਦਾ, ਹੁਕਮ ਦੀ ਕ੍ਰਿਆ ਦੇ ਵਿਚ ਸੋਚਾਂ, ਚਲਾਕੀਆਂ, ਕੁਛ ਨਹੀਂ ਮਾਇਨੇ ਰੱਖਦੀਆਂ। ਜਿਹੜਾ ਲੀਨ ਹੋ ਗਿਆ ਸੋ ਹੋ ਗਿਆ। ਆਹੀ ਆਪਣਾ ਜਨਮ ਮਨੋਰਥ ਹੈ, ਚਾਹੇ ਕੁਛ ਮਿਲਦਾ ਹੈ ਮਿਲੇ, ਨਹੀਂ ਮਿਲਦਾ ਨਾ ਮਿਲੇ। ਸਾਨੂੰ ਇਕ ਦੀ ਆਸ ਹੈ, ਉਹ ਨਾ ਸਾਡੇ ਹਿਰਦੇ ’ਚੋਂ ਵਿਛੜੇ। ਸੋ ਇਸ ਤਰ੍ਹਾਂ ਆਪਣਾ ਜੀਵਨ ਬਤੀਤ ਕਰੋ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

## ਜ਼ਰੂਰ ਸੂਚਨਾ

**‘ਆਤਮ ਮਾਰਗ ਇਕ ਧਾਰਮਿਕ ਮੈਗਜ਼ੀਨ ਹੈ’ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਛਪੀ ਹੁੰਦੀ ਹੈ। ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਆਪਣੇ ਪੁਰਾਣੇ ਮੈਗਜ਼ੀਨ ਨਹੀਂ ਰੱਖਣਾ ਚਾਹੁੰਦੇ ਤਾਂ, ਤੁਸੀਂ ਆਪਣੇ ਆਤਮ ਮਾਰਗ ਦੇ ਸੇਵਾਦਾਰ ਨੂੰ ਵਾਪਿਸ ਕਰ ਸਕਦੇ ਹੋ ਜਾਂ ਆਤਮ ਮਾਰਗ ਦੇ ਦਫਤਰ ਰਤਵਾੜਾ ਸਾਹਿਬ ਨਾਲ ਇਸ ਫੋਨ ਨੰਬਰ ਤੇ ਸੰਪਰਕ ਕਰੋ ਜੀ।**

**0160-2255002, ਮੋਬਾਇਲ 9417214391**

# ਸੰਪਾਦਕੀ

ਸਿੱਖ ਜਗਤ ਵਿਚ ਦਸੰਬਰ ਦਾ ਮਹੀਨਾ ਮਹਾਨ ਕੁਰਬਾਨੀਆਂ ਦਾ ਮਹੀਨਾ ਜਾਣਿਆ ਜਾਂਦਾ ਹੈ ਦਸੰਬਰ 1704 ਦੀ ਦੀਆਂ ਦਰਦਨਾਕ ਘਟਨਾਵਾਂ ਕਦੇ ਭੁਲਾਈਆਂ ਨਹੀਂ ਜਾ ਸਕਦੀਆਂ। ਅਨੰਦਪੁਰ ਸਾਹਿਬ ਨੂੰ ਮੁਗਲ ਫੌਜਾਂ ਅਤੇ ਪਹਾੜੀ ਰਾਜਿਆਂ ਦੀ ਸੈਨਾ ਨੇ ਪਿਛਲੇ ਕਈ ਮਹੀਨਿਆਂ ਤੋਂ ਘੇਰਿਆ ਹੋਇਆ ਸੀ। ਬਾਹਰੋਂ ਰਾਸ਼ਨਪਾਣੀ ਜਾਂ ਕੋਈ ਹੋਰ ਸਹਾਇਤਾ ਮਿਲਣੀ ਲਗਭੱਗ ਅਸੰਭਵ ਹੋ ਚੁੱਕੀ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਸੂਰਬੀਰ ਸੰਤ ਸਿਪਾਹੀ ਆਖਰ ਦਮ ਤਕ ਧਰਮ ਯੁੱਧ ਲਈ ਜੂਝਦੇ ਰਹੇ। ਸਹੀ ਅਰਥਾਂ ਵਿਚ ਇਹ ਹਿੰਦੁਸਤਾਨ ਦੀ ਆਜ਼ਾਦੀ ਅਤੇ ਗਵਾਚ ਚੁੱਕੀ ਆਨ ਸ਼ਾਨ ਨੂੰ ਮੁੜ ਸੁਰਜੀਤ ਕਰਨ ਦਾ ਪਹਿਲਾ ਘੋਰ ਯੁੱਧ ਸੀ। ਕੁਰਾਨ ਸ਼ਰੀਫ ਦੀਆਂ ਕਸਮਾਂ ਤੇ ਗਊ ਦੀਆਂ ਸੋਹਾਂ ਖਾਣ ਵਾਲਿਆਂ ਨੇ ਦਗਾ ਕੀਤਾ, ਧ੍ਰੋਹ ਕਮਾਇਆ, ਐਸਾ ਹੋਣਾ ਹੀ ਸੀ। ਕਿਲਾ ਖਾਲੀ ਕਰਕੇ ਜਾਂਦੀਆਂ ਗੁਰੂ ਫੌਜਾਂ ਤੇ ਫੌਰਨ ਹਮਲਾ ਕਰ ਦਿਤਾ। ਸਰਸਾ ਨਦੀ ਪਾਰ ਕਰਦਿਆਂ ਪਰਿਵਾਰ ਵਿਛੋੜਾ ਹੋਇਆ। ਚਮਕੌਰ ਦੀ ਕੱਚੀ ਗੜ੍ਹੀ ਦੀ ਟੇਕ ਲੈਂਦਿਆਂ ਗਿਣਤੀ ਦੇ ਸਿੰਘਾਂ ਨੇ ਲੱਖਾਂ ਬੇਗੈਰਤੀਆਂ ਨੂੰ ਦੋ ਦਿਨਾਂ ਠੱਲ੍ਹ ਪਾਈ ਰੱਖੀ। ਵਿਸ਼ਵ ਦੇ ਇਤਿਹਾਸ ਵਿਚ ਐਸੇ ਅਸਾਂਵੇ ਯੁੱਧ ਦੀ ਉਦਾਹਰਣ ਨਹੀਂ ਮਿਲਦੀ। ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਅਤੇ ਪਿਆਰੇ ਭਾਈ ਮੋਹਕਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਅਤੇ 40 ਸਿੰਘ ਅਨੇਕਾਂ ਵੈਰੀਆਂ ਦਾ ਘਾਣ ਕਰਦੇ ਹੋਏ ਸੂਰਮਗਤੀ ਨੂੰ ਪ੍ਰਾਪਤ ਹੋਏ। ਗੁਰੂ ਗੋਬਿੰਦ ਸਿੰਘ ਇਸ ਮਹਾਨ ਮਹਾਨ ਸਾਕੇ ਨੂੰ ਅਖੀਂ ਵੇਖਦੇ ਰਹੇ ਅਤੇ ਤੀਰਾਂ ਦੀ ਬੁਛਾੜ ਨਾਲ ਅਨੇਕ ਜਰਵਾਣਿਆਂ ਨੂੰ ਮੌਤ ਦੇ ਘਾਟ ਉਤਾਰਦੇ ਰਹੇ। ਇਹ ਸਾਕਾ 8 ਪੋਹ ਸੰਮਤ 1761, (1704 ਈ.) ਦਾ ਹੈ। ਪੰਜ ਸਿੰਘਾਂ ਦੇ ਹੁਕਮ ਦੀ ਪਾਲਨਾ ਕਰਦੇ ਆਪ ਪਹੁ ਦਾ ਕੱਕਰ ਸਹਾਰਦੇ ਮਾਛੀਵਾੜੇ ਦੇ ਜੰਗਲਾਂ 'ਚੋਂ ਲੰਘਦੇ ਖਿਦਰਾਣੇ ਦੀ ਢਾਬ ਪਹੁੰਚ ਜਿਥੇ ਇਕ ਵਾਰੀ ਫੇਰ ਵੈਰੀ ਦੀਆਂ ਫੌਜਾਂ ਆ ਟਕਰੀਆਂ ਜਿਨ੍ਹਾਂ ਨੂੰ ਬਹਾਦਰ ਭਾਈ ਭਾਗੋ ਦੇ ਜੱਥੇ ਨੇ ਅਤੇ ਸ. ਮਹਾਂ ਸਿੰਘ ਦੀ ਅਗਵਾਈ ਵਿਚ 40 (ਮੁਕਤਿਅਂ) ਸਿੰਘਾਂ ਨੇ ਸ਼ਹੀਦੀਆਂ ਪਾ ਕੇ ਠਲ੍ਹ ਪਾਈ ਅਤੇ ਮੂੰਹ ਤੋੜਵੀਂ ਹਾਰ ਦਿਤੀ। ਏਥੇ ਹੀ ਮਾਹੀ ਰਾਹੀਂ ਖਬਰ ਮਿਲੀ ਕਿ ਕਿਵੇਂ ਛੋਟੇ ਸਾਹਿਬਜ਼ਾਦਿਆਂ ਨੇ ਸਰਬੰਦ ਦੀ ਕਚਹਿਰੀ ਵਿਚ ਸਿੱਖੀ ਅਣਖ ਅਤੇ ਸ੍ਵੈਮਾਣ ਦੀ ਪ੍ਰਦਰਸ਼ਨੀ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ। ਜਿੰਦਾਂ ਵੱਡੇ ਸਾਕੇ ! ਕੌਣ ਐਸਾ ਬਚਿਤਰ ਨਾਟਕ ਖੇਲ ਸਕਦਾ ਹੈ? ਆਖਰ ਐਸੀ ਕਿਹੜੀ ਸ਼ਕਤੀ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਰਾਹੀਂ ਆਪਣੇ ਸਿੱਖਾਂ ਵਿਚ ਭਰ ਦਿਤੀ ਸੀ ਜੋ ਉਹ ਮਹਾਨ ਸੂਰਬੀਰਾਂ ਵਿਚ ਤਬਦੀਲ ਹੋ ਗਏ, ਮੌਤ ਨੂੰ ਮਖੌਲਾਂ ਕਰਨ ਲੱਗੇ, ਮਰਨ ਤੋਂ ਡਰਨੋ ਹੱਟ ਗਏ, ਜ਼ਾਲਮ ਵੈਰੀਆਂ ਲਈ ਯਮ-ਰੂਪ ਹੋ ਨਿਬੜੇ, ਸਵਾ ਸਵਾ ਲਖ ਨਾਲ ਇਕ ਇਕ ਜੂਝਣ ਲੱਗ ਪਿਆ? ਅਸਹਿ ਅਤੇ ਅਕਹਿ ਕਸ਼ਟ ਝਲਦਿਆਂ ਨਾਮ-ਰਸ ਮਾਣਦਿਆਂ ਸ਼ਹੀਦੀਆਂ ਪ੍ਰਾਪਤ ਕਰਦੇ ਰਹੇ ਪਰ ਸਿੱਖੀ ਸਿਦਕ ਤੇ ਕਾਇਮ ਰਹੇ? ਇਨ੍ਹਾਂ ਪ੍ਰਸ਼ਨਾਂ ਦਾ ਉਤਰ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸ਼ਬਦਾਵਲੀ ਵਿਚ ਇਸ ਤਰ੍ਹਾਂ ਹੈ ਜਿਨ੍ਹਾਂ ਦੀ ਲਿਵ ਐਨੀ ਪੱਕ ਚੁਕੀ ਹੋਵੇ ਕਿ ਅਸਹਿ ਕਸ਼ਟਾਂ ਦੇ ਮਿਲਣ ਪਰ ਭੀ ਨਾ ਤੁਟੇ ਅਤੇ ਨੂਰੀ ਮੱਤੇ ਦਾ ਖਿੜਾਉ ਅਤੇ ਅੰਤ੍ਰੀਵੀ ਸ਼ਾਂਤ ਰਹਸ ਜਿਉਂ ਦਾ ਤਿਉਂ ਬਣਿਆ ਰਹੇ। ਉਹ ਕੀ ਤਾਕਤ ਹੈ ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜਿਹੇ ਸੂਰਬੀਰਾਂ ਸ਼ਾਂਤ ਰਸ ਦੇ ਪੁਤਲਿਆਂ ਨੂੰ ਅਡੋਲ ਰੱਖਿਆ? ਓਹ ਕਿਹੜੀ ਸ਼ਕਤੀ ਹੈ ਜਿਸ ਨੇ ਦੂਲੇ ਭਾਈ ਬੀਰ ਸਿੰਘ ਜੀ ਨੂੰ ਦੜਾ-ਦੜ ਪੈਂਦੀਆਂ ਤੋਪਾਂ ਦੀ ਬੁਛਾੜ ਵਿਚ ਪਹਾੜ ਦੀ ਨਿਆਈਂ ਅਚੱਲ ਅਤੇ ਅਹਿਲ ਸਮਾਧੀ ਵਿਚ ਇਸਥਿਤ ਬਿਠਾਈ ਰੱਖਿਆ? ਉਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ ਸਮਾਨ-ਬਿਰਤ ਅਤੇ ਕਸ਼ਟ ਮਹਿਸੂਸ ਕਰਨੋਂ ਰਹਿਨ ਰੱਖਿਆ? ਉਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ ਕਲਾ ਹੈ, ਜਿਸ ਨੇ ਕਿ ਅੰਗ ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉਤੇ ਚੜ੍ਹ ਕੇ ਜਰਖੜੇ ਜਾਂਦਿਆਂ ਭਾਈ ਸੁਬੇਗ ਸਿੰਘ ਜੀ ਆਦਿਕ ਨੂੰ ਸੀ ਤਕ ਉਚਾਰਨ ਦਾ ਫੁਰਨਾ ਨਹੀਂ ਫੁਰਨ ਦਿੱਤਾ? ਇਹ ਕੇਵਲ ਉਹ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ। ਇਹ ਮਹਾਂ ਅਨੰਦ-ਰਸੀ ਗੰਭੀਰਤਾ ਦੀ ਆਤਮ-ਮੌਜ ਹੈ। ਇਹ ਚੜ੍ਹਦੀਆਂ ਕਲਾਂ ਵਾਲੀ ਸੂਰਬੀਤਾ ਦੀ ਬਿਰਤੀ ਹੈ। ਇਹ ਦੁਖ ਸੁਖ ਸਮ ਕਰਿ ਜਾਣਨ ਵਾਲੀ ਸੱਚੀ ਸ਼ਾਂਤ-ਸਮਾਈ ਹੈ। ਇਹ ਆਤਮ-ਰੰਗਾਂ ਦੀ ਉਚੀ ਬਿਵਸਥਾ ਹੈ। ਇਹ ਸੱਚੀ ਭੈ-ਭਾਵਨੀ ਉਪੰਨਾ ਨਿਰਭੈ ਪਦ ਹੈ। ਐਸੀ ਅਤੇ ਐਨ ਇਸ ਪ੍ਰਕਾਰ ਦੀ ਗਤੀ ਪ੍ਰਾਪਤ ਹੋਏ ਬਗੈਰ ਸੱਚਾ ਬੀਰ ਰ, ਪਰਉਪਕਾਰ ਰਤੰਨਾ ਬੀਰ ਰਸ ਬਣਿ ਆਉਣਾ ਅਸੰਭਵ ਹੈ। ਏਥੇ ਬੀਰ ਰਸ ਤੇ ਸ਼ਾਂਤ ਰਸ ਅਭੇਦ ਹੈ। ਦਰਅਸਲ ਸਿੱਖੀ ਦਾ ਪੈਂਡਾ ਖੰਡੇ ਦੀ ਧਾਰ ਨਾਲੋਂ ਤਿੱਖਾ ਹੈ। ਗੁਰੂ ਦੇ ਪਿਆਰ ਦੀ ਖੇਡ ਖੇਡਣ ਲਈ ਸੀਸ ਤਲੀ ਤੇ ਧਰ ਕੇ ਆਉਣਾ ਪੈਂਦਾ ਹੈ। ਗੁਰੂ ਘਰ ਦੀ ਐਸੀ ਰੀਤ ਸ਼ੁਰੂ ਤੋਂ ਹੀ ਗੁਰੂ ਨਾਨਕ ਦੇਵ ਜੀ ਤੋਂ ਹੀ ਚਲੀ ਆਈ ਹੈ-

*ਜਉ ਤਉ ਪ੍ਰੇਮ ਖੇਲਣ ਕਾ ਚਾਉ*

*ਸਿਰ ਧਰ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1412*

ਕਾਇਰ ਮਨੁੱਖ ਮੌਤ ਤੋਂ ਡਰਦਾ ਹਰ ਘੜੀ ਮਰਦਾ ਰਹਿੰਦਾ ਹੈ, ਜੀਵਨ ਵਿਚ ਹਜ਼ਾਰ ਵਾਰ ਮਰਦਾ ਹੈ। ਨਾਮ-ਰਸੀਆਂ ਹੈ, ਜੀਵਨ ਵਿਚ ਹਜ਼ਾਰ ਵਾਰ ਮਰਦਾ ਹੈ। ਨਾਮ-ਰਸੀਆ ਸਰੀਰ ਤੇ ਸੰਸਾਰ ਨਾਲ ਨਹੀਂ ਜੁੜਦਾ, ਗੁਰੂ ਨਾਮ ਅਤੇ ਨਿਰੰਕਾਰ ਨਾਲ ਜੁੜਦਾ ਹੈ, ਸਮਾਂ ਬਣਨ ਤੇ ਸੂਰਮਗਤੀ ਨੂੰ ਪ੍ਰਾਪਤ ਕਰਕੇ ਗੁਰੂ ਚਰਨਾਂ ਵਿਚ ਪੁੱਜਦਾ ਹੈ। ਸੱਚ ਲਈ ਜੂਝਣਾ ਉਸ ਦਾ ਹੱਕ ਬਣ ਜਾਂਦਾ ਹੈ -

*ਮਰਣੁ ਮੁਣਸਾ ਸੂਰਿਆਂ ਹੱਕ ਹੈ*
*ਜੋ ਹੋਇ ਮਰਨਿ ਪਰਵਾਣੋ॥ ਅੰਗ - 51*

ਆਤਮ-ਰਸੀਆ, ਨਾਮ ਰਸੀਆ ਬਿਨਸਨਹਾਰ ਦੇਹ ਨਾਲ ਮੋਹ ਨਹੀਂ ਪਾਉਂਦਾ, ਨਾਮ-ਜਹਾਜ਼ ਤੇ ਚੜ੍ਹ ਕੇ ਭਵ-ਸਾਗਰ ਪਾਰ ਕਰ ਲੈਂਦਾ ਹੈ -

*ਦੇਹ ਅਨਿਤ ਨ ਨਿਤ ਰਹੈ*
*ਜਸੁ ਨਾਵ ਚੜੈ ਭਵਸਾਗਰ ਤਾਰੈ॥*
*(ਗੁਰੂ ਗੋਬਿੰਦ ਸਿੰਘ ਜੀ)*

"ਜੈਸਾ ਸੇਵੈ ਤੈਸਾ ਹੋਇ" ਦੇ ਸਿਧਾਂਤ ਨੂੰ ਮੁੱਖ ਰਖਦਿਆਂ ਗੁਰਮਤਿ ਨੇ ਗੁਰਸਿੱਖਾਂ ਨੂੰ ਨਿਰਭਉ ਨਿਰਵੈਰ' ਅਕਾਲ ਪੁਰਖ ਦਾ ਸੇਵਨ ਕਰਨ ਦਾ ਉਪਦੇਸ਼ ਦਿਤਾ ਤੇ ਹਰ ਰੋਜ਼ ਨਿਤਨੇਮ ਵਿਚ ਇਹ ਸਬਕ ਦ੍ਰਿੜ੍ਹ ਕਰਵਾਇਆ-

*ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ,*
*ਤਿਨ ਕਾ ਭਉ ਸਭੁ ਗਵਾਸੀ॥ ਅੰਗ - 11*

ਐਸੀ ਮਾਨਸਿਕ ਦਸ਼ਾ ਵਿਚ ਗੁਰਸਿੱਖ ਵਿਸ਼ੇ ਵਿਕਾਰਾਂ ਅਤੇ ਹਉਮੈ ਦੀ ਮੌਤ ਮਰ ਕੇ ਜੀਵਨ-ਮੁਕਤਿ ਪਦ ਅਤੇ ਪਰਮ ਅਨੰਦ ਨੂੰ ਪ੍ਰਾਪਤ ਹੁੰਦਾ ਹੈ -

*ਜਿਸ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*
*ਅੰਗ - 1365*

ਤੇ ਜਦੋਂ ਸਮਾਂ ਮੰਗ ਕਰਦਾ ਹੈ ਤਾਂ -

*ਜਬ ਆਵ ਕੀ ਅਉਧ ਨਿਦਾਨ ਬਨੈ*
*ਅਤ ਹੀ ਰਨ ਮੈ ਤਬ ਜੂਝ ਮਰੋਂ॥*
*(ਚੰਡੀ ਚਰਿਤ੍ਰ ਪਾ. ੧੦)*

ਆਓ ਗੁਰਸਿੱਖੋ! ਐਸੇ ਮਹਾਨ ਵਿਰਸੇ ਨਾਲ ਜੁੜੀਏ! "ਸਚਾ ਸਚਿਦਾਨੰਦ ਸਤੁੰ ਪ੍ਰਨਾਸੀ' ਦਾ ਸੇਵਨ ਕਰੀਏ! 'ਸਤਿ ਸੁਹਾਣੁ ਸਦਾ ਮਨ ਚਾਉ' ਦੀ ਅਰਾਧਨਾ ਕਰੀਏ! ਸੰਸਾਰਕ ਬਿਖੈ-ਰਸ ਦਾ ਤਿਆਗ ਕਰੀਏ! ਨਾਮ-ਮਹਾਂ-ਰਸ ਨਾਲ ਜੁੜ ਕੇ ਸਾਹਿਬਜ਼ਾਦਿਆਂ ਦੇ ਹਾਣੀ ਬਣੀਏ। ਗੁਰੂ ਕੇ ਸਪੂਤ ਬਣਨ ਦਾ ਮਾਣ ਪ੍ਰਾਪਤ ਕਰੀਏ। ਵੈਰ-ਵਿਰੋਧ, ਈਰਖਾ, ਦ੍ਵੈਤ, ਵਿਸਿਆਂ ਦੇ ਅੰਧ ਗੁਬਾਰ ਵਿਚ ਨਿਕਲ ਕੇ ਗੁਰਮਤਿ ਦੇ ਚਾਨਣ ਵਿਚ ਜੀਉਣਾ ਲੋੜੀਏ, ਮਨੁੱਖਤਾ ਦੇ ਉਥਾਨ ਦਾ ਵਸੀਲਾ ਬਣੀਏ! ਨਾਮ-ਬਾਣੀ ਵਿਚ ਜੁੜੇ ਮਨੁੱਖ ਨੂੰ ਇਹ ਸਮਰੱਥਾ ਸਹਿਜੇ ਪ੍ਰਾਪਤ ਹੈ, ਹੋ ਜਾਂਦੀ ਹੈ।

'ਆਤਮ ਮਾਰਗ' ਦੇ ਪਾਂਧੀਆਂ ਲਈ ਇਹ ਪ੍ਰਾਪਤੀ ਹੋਰ ਵੀ ਸੁਖੈਨ ਹੈ। ਆਪ ਜੀ ਨੂੰ ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਵਲੋਂ ਸਦਾ ਸੇਧ ਪ੍ਰਾਪਤ ਹੁੰਦੀ ਰਹੀ ਹੈ। ਨਵੰਬਰ ਅੰਕ ਵਿਚ ਆਪ ਜੀ ਨੇ ਮਹਾਂਪੁਰਸ਼ਾਂ ਦੀ ਲਿਖਤ ਗੁਰੂ ਤੇਗ ਬਹਾਦਰ ਦੀ ਲਾਸਾਨੀ ਸ਼ਹਾਦਤ ਦਾ ਸਾਕਾ ਪੜ੍ਹਿਆ ਹੈ। ਦਸੰਬਰ ਅੰਕ ਵਿਚ ਆਪ ਜੀ ਸਾਹਿਬਜ਼ਾਦਿਆਂ, ਅਨੇਕਾਂ ਸ਼ਹੀਦਾਂ ਮੁਰੀਦਾਂ ਸਚਿਆਰਿਆਂ ਪਿਆਰਿਆਂ ਦੀਆਂ ਅਦੁਤੀਆਂ ਕੁਰਬਾਨੀਆਂ ਦਾ ਸਾਕਾ ਪੜ੍ਹੋਗੇ। ਪੜ੍ਹਦਿਆਂ ਪੜ੍ਹਦਿਆਂ ਸਹਜੇ ਹੀ ਅੰਦਰ ਨਾਮ-ਰੌਅ ਦੀਆਂ ਲਹਿਰਾਂ ਪੈਦਾ ਹੁੰਦੀਆਂ ਹਨ ਜੋ ਨਾਮ-ਬਾਣੀ ਦੇ ਮਹਾਂ-ਰਸ ਨਾਲ ਜੋੜਦੀਆਂ ਹਨ ਅਤੇ ਗੁਰੂ ਕੇ ਸੰਤ-ਸਿਪਾਹੀ ਬਣਨ ਲਈ ਪ੍ਰੇਰਤ ਕਰਦੀਆਂ ਹਨ।

ਪਿਛਲੇ ਮਹੀਨੇ ਆਪ ਜੀ ਨੇ ਗੁਰੂ-ਪਿਆਰ ਨਾਲ ਜੋੜਨ ਵਾਲੀ ਰਤਵਾੜਾ ਸਾਹਿਬ ਦੀ ਮਹਾਨ ਸ਼ਖਸੀਅਤ ਦੀ ਚੌਥੀ ਬਰਸੀ ਦੇ ਉਪਲਕਸ਼ ਵਿਚ ਸਜਾਏ ਮਹਾਨ ਗੁਰਮਤਿ ਸਮਾਗਮਾਂ ਦਾ ਰਸ ਮਾਣਿਆ ਹੈ। ਮਹਾਂਪੁਰਸ਼ ਜਨਮ ਮਰਣ ਵਿਚ ਨਹੀਂ ਹੁੰਦੇ। ਹੁਕਮ ਦੀ ਖੇਡ ਵਿਚ ਸੰਸਾਰ ਵਿਚ ਸਰੀਰ ਧਾਰਨ ਕਰਦੇ ਹਨ, ਨਾਮ ਜਪਦੇ ਜਪਾਂਦੇ, ਜੀਅ-ਦਾਨ ਦਿੰਦੇ ਹੁਕਮ ਵਿਚ ਗੁਰੂ ਚਰਨਾਂ ਵਿਚ ਜਾ ਬਿਰਾਜਦੇ ਹਨ।

ਸਮਾਂ ਬੀਤਣ ਨਾਲ ਉਨ੍ਹਾਂ ਦੀ ਯਾਦ ਮੱਧਮ ਨਹੀਂ ਹੁੰਦੀ, ਸਗੋਂ ਵਧੇਰੇ ਤੀਖਣ ਹੁੰਦੀ ਹੈ। ਉਨ੍ਹਾਂ ਦੇ ਪ੍ਰਵਚਨ 'ਆਤਮ ਮਾਰਗ' ਅਤੇ ਪੁਸਤਕਾਂ ਰਾਹੀਂ ਪੜ੍ਹ ਕੇ ਜਾਂ ਆਡੀਓ ਵੀਡੀਓ ਰਾਹੀਂ ਸੁਣ ਕੇ ਇੰਜ ਲਗਦਾ ਹੈ ਕਿ ਜਿਵੇਂ ਉਹ ਸਦਾ ਸਦਾ ਸਾਡੇ ਨਾਲ ਹਨ। ਨਾਮ-ਰਸ ਵਿਚ ਭਿੱਜੀ ਬ੍ਰਹਮ-ਲੀਨ ਐਸੀ ਮਹਾਨ ਆਤਮਾ ਨੂੰ ਹਜ਼ਾਰਾਂ ਲੋਕਾਂ ਨੇ ਦੇਸ ਪ੍ਰਦੇਸ ਤੋਂ ਰਤਵਾੜਾ ਸਾਹਿਬ ਆ ਕੇ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕੀਤੀ। ਇਸ ਦਾ ਬਖਾਨ ਤਸਵੀਰਾਂ ਸਣੇ ਆਪ ਜੀ ਇਸ ਅੰਕ ਵਿਚ ਮਾਣੋਗੇ। ਸਤਿਗੁਰ ਸਾਨੂੰ ਸਮਰਥਾ ਬਖਸ਼ੇ, ਅਸੀਂ ਵੀ ਮਹਾਂਪੁਰਸ਼ਾਂ ਵਲੋਂ ਬਖਸ਼ੀ ਸੇਧ ਅਨੁਸਾਰ ਨਾਮ-ਬਾਣੀ ਨਾਲ ਜੁੜੀਏ, ਸਾਡਾ ਲੋਕ ਸੁਖੀ ਅਤੇ ਪਰਲੋਕ ਸੁਹੇਲਾ ਹੋਵੇ! ਗੁਰ ਫਤਹਿ!

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)**

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

## ਹੁਕਮਨਾਮਾ

*ਸੋਰਠਿ ਮਹਲਾ ੫॥*
*ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ॥*
*ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ॥੧॥*
*ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ॥*
*ਕਰਿ ਕਿਰਪਾ ਪ੍ਰਭ ਦੀਨ ਦਇਆਲਾ*
*ਗੁਣ ਗਾਵਉ ਰੰਗਿ ਰਾਤਾ॥ਰਹਾਉ॥*
*ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ*
*ਚਿੰਤਾ ਸਗਲ ਬਿਨਾਸੀ॥*
*ਕਰਿ ਕਿਰਪਾ ਅਪੁਨੋ ਕਰਿ ਲੀਨਾ*
*ਮਨਿ ਵਸਿਆ ਅਬਿਨਾਸੀ॥੨॥*
*ਤਾ ਕਉ ਬਿਘਨੁ ਨ ਕੋਊ ਲਾਗੈ*
*ਜੋ ਸਤਿਗੁਰਿ ਅਪੁਨੈ ਰਾਖੈ॥*
*ਚਰਨ ਕਮਲ ਬਸੇ ਰਿਦ ਅੰਤਰਿ*
*ਅੰਮ੍ਰਿਤ ਹਰਿ ਰਸੁ ਚਾਖੈ॥੩॥*
*ਕਰਿ ਸੇਵਾ ਸੇਵਕ ਪ੍ਰਭ ਅਪੁਨੇ*
*ਜਿਨਿ ਮਨ ਕੀ ਇਛ ਪੁਜਾਈ॥*
*ਨਾਨਕ ਦਾਸ ਤਾ ਕੈ ਬਲਿਹਾਰੈ*
*ਜਿਨਿ ਪੂਰਨ ਪੈਜ ਰਖਾਈ॥੪॥੧੪॥੨੫॥ਅੰਗ - 615*

ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਹਰੀ ਜਸ ਸਰਵਣ ਕਰਨ ਤੋਂ ਬਾਅਦ ਗੁਰੂ ਮਹਾਰਾਜ ਜੀ ਦਾ ਜੋ ਹੁਕਮਨਾਮਾ ਹੈ ਆਪ ਨੇ ਸਰਵਣ ਕੀਤਾ ਹੈ। ਜੋ ਪਹਿਲੀ ਤੁਕ ਆਈ ਹੈ –

*ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ॥*
*ਅੰਗ - 615*

ਵਾਹਿਗੁਰੂ ਜੀ ਦੀ ਜੋ ਸਰਨ ਹੈ ਉਸ ਦੀ ਮਹਿਮਾ ਵਰਣਨ ਕਰਦੇ ਹੋਏ ਫੁਰਮਾਨ ਕਰਦੇ ਨੇ ਕਿ ਜੋ ਵੀ ਵਾਹਿਗੁਰੂ ਜੀ ਦੀ ਸ਼ਰਨ ਵਿਚ ਆ ਗਿਆ ਉਸ ਦੇ ਸਾਰਿਆਂ ਦੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ, ਸਾਰੇ ਭੈਅ ਹਟ ਜਾਇਆ ਕਰਦੇ ਨੇ। ਨਾ ਤਾਂ ਦੁਖਾਂ ਦੀ ਕੋਈ ਗਿਣਤੀ ਹੈ ਨਾ ਭੈਆਂ ਦੀ ਕੋਈ ਗਿਣਤੀ ਹੈ। ਡਰ ਆਦਮੀ ਦੇ ਉਤੇ ਹਰ ਵਕਤ ਸਵਾਰ ਰਹਿੰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਇਹ ਜੋ ਡਰ ਹੈ ਜਿਸ ਨੂੰ ਸੰਸਾ ਆਖਦੇ ਨੇ, ਆਸ਼ਾ ਆਖਦੇ ਨੇ, ਆਸ਼ਾਵਾਂ ਪੂਰੀਆਂ ਨਾ ਹੋਣੀਆਂ, ਅੰਦੇਸਾ ਆਖਦੇ ਨੇ। ਇਹ ਦੋ ਦਰਵਾਜੇ ਰੱਬ ਦੇ ਦਰ ਤੇ ਲੱਗੇ ਹੋਏ ਨੇ, ਬੱਜਰ ਕਪਾਟ।

*ਦੁਖੁ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ॥*
*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ॥ ਅੰਗ - 877*

ਵਾਹਿਗੁਰੂ ਜੀ ਇਸ ਸਰੀਰ ਦੇ ਅੰਦਰ ਵਸਦੇ ਨੇ। 3-4 ਚੀਜ਼ਾਂ ਮਹਾਰਾਜ ਜੀ ਨੇ ਇਥੇ ਦੱਸੀਆਂ ਨੇ ਕਿ ਦੁਖ ਦਾ ਦਰਵਾਜਾ ਹੈ, ਕ੍ਰੋਧ ਇਸ ਦੀ ਰਖਵਾਲੀ ਕਰਦਾ ਹੈ, ਆਸ਼ਾ ਤੇ ਅੰਦੇਸੇ ਦੇ 'ਬਜਰ ਕਪਾਟ' ਜੜੇ ਹੋਏ ਨੇ ਤੇ ਮਾਇਆ ਦੀ ਖਾਈ ਐਨੀ ਡੂੰਘੀ ਹੈ ਜਿਸ ਵਿਚ ਪਾਣੀ ਭਰਿਆ ਹੋਇਆ ਹੈ। ਉਸ ਦੇ ਨਾਲ ਹੀ ਮਾਇਆ ਦੀ ਡੂੰਘੀ ਖਾਈ ਦੇ ਪਾਣੀ ਵਿਚ ਹੀ ਘਰ ਬੰਨ੍ਹਿਆ ਹੋਇਆ ਹੈ ਤੇ ਜਿਹੜਾ ਸਤਿ ਦਾ ਆਸਣ ਹੈ, ਇਸ ਸਰੀਰ ਵਿਚ, ਉਥੇ ਵਾਹਿਗੁਰੂ ਰਹਿੰਦਾ ਹੈ।

ਇਸ ਨੂੰ ਤਲਾਸ਼ ਕਰਨ ਵਾਸਤੇ ਜਦੋਂ ਤੋਂ ਸੰਸਾਰ ਬਣਿਆ ਹੈ ਉਸ ਵੇਲੇ ਤੋਂ ਹੀ ਅਨੇਕਾਂ ਤਰੀਕੇ ਕੱਢੇ ਗਏ ਨੇ ਕਿ ਕਿਸ ਤਰ੍ਹਾਂ ਇਸ ਘਰ ਤੱਕ ਪਹੁੰਚਿਆ ਜਾਵੇ। ਸੋ ਇਸ ਦੇ ਵਿਚ ਜੋ ਅੰਦੇਸ਼ਾ ਹੈ ਜਿਸ ਨੂੰ ਡਰ ਕਹਿੰਦੇ ਨੇ, ਉਹ ਇਕ ਬਹੁਤ ਵੱਡਾ ਦਰਵਾਜਾ ਹੈ ਜਿਸ ਨੂੰ ਅਸੀਂ ਪਾਰ ਨਹੀਂ ਕਰ ਸਕਦੇ। ਸੋ ਮਹਾਰਾਜ ਕਹਿੰਦੇ –

*ਪ੍ਰਭ ਕੀ ਸਰਣਿ ਸਗਲ ਭੈ ਲਾਥੈ............॥*
*ਅੰਗ - 615*

ਜਦੋਂ ਸ਼ਰਨ ਲੈ ਲਈ ਵਾਹਿਗੁਰੂ ਦੀ ਉਸ ਵੇਲੇ ਜਿਹੜੇ ਇਹ ਆਸ਼ਾ ਤੇ ਅੰਦੇਸੇ ਸੀ ਇਨ੍ਹਾਂ ਦੇ ਸਾਰੇ ਡਰ ਖਤਮ ਹੋ ਗਏ। ਆਦਮੀ ਦੇ ਡਰਾਂ ਦੀ ਜੇ ਗਿਣਤੀ ਕਰੀਏ ਤਾਂ ਜਿੰਨੀਆਂ ਪ੍ਰਾਪਤੀਆਂ ਨੇ, ਉਤਨਾ ਹੀ ਨਾਲ ਡਰ ਹੋਇਆ ਕਰਦਾ ਹੈ। ਪੈਸਾ ਆ ਗਿਆ, ਪਹਿਲਾਂ ਕਮਾਉਣ ਵੇਲੇ ਜਿਥੇ ਕਮਾਉਂਦਾ ਹੈ ਉਥੇ ਡਰ ਹੈ। ਫੇਰ ਜਦੋਂ ਕਮਾ ਲਿਆ ਉਸ ਨੂੰ ਸਾਂਭਣ ਦਾ ਡਰ ਹੈ। ਫੇਰ ਜਿਥੇ ਲਾ ਦਿੱਤਾ ਕਿਸੇ ਵਪਾਰ ਆਦਿ ਵਿਚ ਫੇਰ ਉਸ ਰਸ ਨੂੰ ਵਧਾਉਣ ਦਾ ਡਰ ਹੈ, ਬਰਬਾਦ ਨਾ ਹੋ ਜਾਵੇ। ਉਸ ਦਾ ਸਦਾ ਹੀ ਧਿਆਨ ਮਾਇਆ ਵਿਚ ਰਹਿੰਦਾ ਹੈ। ਇਕ ਮਿੰਟ ਵੀ ਧਿਆਨ ਰੱਬ ਵਲ ਨਹੀਂ ਆਉਂਦਾ। ਜੇ ਸੱਚੇ ਦਿਲੋਂ ਮਨੁੱਖ ਇੱਕ ਛਿਨ ਲਈ ਵੀ ਗੁਰੂ ਦੇ ਚਰਨਾਂ ਨਾਲ ਜੁੜ ਜਾਵੇ ਤਾਂ ਨਿਸਤਾਰਾ ਹੋ ਸਕਦਾ ਹੈ। ਅਜਾਮਲ ਦਾ ਧਿਆਨ ਪੁੱਤਰ ਨਾਰਾਇਣ ਨੂੰ ਆਵਾਜ਼ ਮਾਰਣ ਨਾਲ ਹੀ ਪ੍ਰਮੇਸ਼ੁਰ ਨਾਰਾਇਣ ਨਾਲ ਜਾ ਜੁੜਿਆ। ਉਸ ਛਿਨ ਨੇ ਹੀ ਨਿਸਤਾਰਾ ਕਰ ਦਿਤਾ। ਕਿਉਂਕਿ ਉਸ ਦ ਧਿਆਨ ਚਲਿਆ ਗਿਆ ਉਸ ਦੇ ਵਿਚ। ਇਸੇ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ –

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥*
*ਅੰਗ - 632*

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰ ਨਾਰਾਇਣ ਬੁਲਾਰੇ॥***

***ਅੰਗ - 981***

ਪਿਆਰ ਤਾਂ ਕਰਿਆ ਸੀ ਆਪਣੇ ਪੁਤਰ ਨਾਲ ਲੇਕਿਨ ਨਾਰਾਇਣ ਦਾ ਨਾਂ ਲੈ ਕੇ ਆਵਾਜ਼ ਮਾਰ ਦਿੱਤੀ ਜਮਦੂਤਾਂ ਨੂੰ ਦੇਖ ਕੇ ਡਰ ਕੇ –

ਹੁਣ ਸਮੇਂ ਦੀ, ਕਾਲ ਦੀ ਗਿਣਤੀ ਨਹੀਂ ਹੈ ਇਸ ਦੇ ਵਿਚ ਕਿ 100 ਸਾਲ ਹੋ ਗਏ ਵਿਚਾਰੇ ਨੂੰ ਮੇਰਾ ਨਾਂ ਲੈਂਦੇ ਨੂੰ, ਮੇਰੇ ਵੱਲ ਧਿਆਨ ਕਰਦੇ ਨੂੰ, ਭਾਵਨੀ ਨਹੀਂ ਬਣ ਸਕੀ 100 ਸਾਲ ਵਿਚ। ਸਾਰੇ ਹੀ ਦੇਖ ਲਓ ਸਾਡੀ ਕਿੰਨੀ ਕੁ ਭਾਵਨੀ ਹੈ ਵਾਹਿਗੁਰੂ ਨਾਲ ਬਣਦੀ, ਕਿਸੇ ਦੀ ਸ਼ਾਇਦ ਕਦੇ ਭਾਵਨੀ ਬਣ ਜਾਵੇ, ਬਾਕੀ ਤਾਂ ਆਪਣੇ ਆਪ ਤੇ ਹੀ ਰਹਿੰਦਾ ਹੈ, ਮੈਂ ਤੇ ਹੀ ਰਹਿੰਦਾ ਹੈ। ਜਦੋਂ ਭਾਵਨੀ ਬਣੀ –

***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ***
***ਜਮਕੰਕਰ ਮਾਰਿ ਬਿਦਾਰੇ॥***
***ਅੰਗ - 981***

ਉਸੇ ਵੇਲੇ ਜਿਹੜੇ ਜਮ ਆਏ ਹੋਏ ਸੀ ਉਨ੍ਹਾਂ ਨੂੰ ਮਾਰ ਕੇ ਉਥੋਂ ਕੱਢ ਦਿੱਤਾ।

***ਜਮਗਣ ਮਾਰੇ ਹਰਿ ਜਨਾਂ***
***ਗਇਆ ਸੁਰਗ ਜਮੁਡੰਡੁ ਨ ਸਹਿਆ।***
***ਨਾਇ ਲਏ ਦੁਖੁ ਡੇਰਾ ਢਹਿਆ॥***

***ਭਾਈ ਗੁਰਦਾਸ ਜੀ ਦੀ ਵਾਰ 10/20***

ਨਾਉਂ ਲੈਣ ਨਾਲ ਦੁਖਾਂ ਦਾ ਜਿਹੜਾ ਡੇਰਾ ਸੀ, ਪਹਾੜ ਸੀ ਉਹ ਸਾਰਾ ਢਹਿ ਗਿਆ। ਸੋ ਇਹ ਜੋ ਸਰਨ ਆਉਂਦਾ ਹੈ ਸਹੀ ਜੇ ਦੇਖਣਾ ਹੋਵੇ ਕਿ ਕਿਸ ਮੌਕੇ ਨੂੰ ਸਥਿਤੀ ਨੂੰ ਸ਼ਰਨ ਕਹਿੰਦੇ ਨੇ।

ਦ੍ਰੋਪਦੀ ਦੇ ਬਸਤ੍ਰ ਲਹਿਣੇ ਸ਼ੁਰੂ ਹੋ ਗਏ। ਉਸ ਦਾ ਕੋਈ ਚਾਰਾ ਨਹੀਂ ਚਲਦਾ–

***ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।***

***ਭਾਈ ਗੁਰਦਾਸ ਜੀ ਦੀ ਵਾਰ 10/8***

ਹੁਣ ਉਹ ਕੁਝ ਕਰ ਨਹੀਂ ਸਕਦੇ, ਬਹੁਤ ਸੰਕਟ ਆ ਗਿਆ। ਦਲੀਲਾਂ ਬੜੀਆਂ ਦਿੱਤੀਆਂ ਪਰ ਕੁਝ ਨਾ ਬਣਿਆ, ਅਪੀਲਾਂ ਕਰੀਆਂ ਕੁਝ ਨਾ ਬਣਿਆ। ਅਖੀਰ ਦੁਸ਼ਾਸ਼ਨ ਨੇ ਝਟਕਾ ਮਾਰਿਆ ਤੇ ਅੱਧੀ ਧੋਤੀ ਲਹਿ ਗਈ ਹੁਣ ਸਿਰਫ ਅੱਧੀ ਬਚਦੀ ਸੀ, ਕਿੰਨਾ ਕੁ ਸਮਾਂ ਲਗਣਾ ਸੀ ਇਸਦੇ ਵਿਚ, ਉਸ ਵੇਲੇ ਉਹ ਸ਼ਰਨ 'ਚ ਹੋ ਗਈ –

***ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।***

***ਭਾਈ ਗੁਰਦਾਸ ਜੀ ਦੀ ਵਾਰ 10/8***

ਜਿਸ ਵਕਤ ਆਵਾਜ ਦਿੱਤੀ –

***ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥***

***ਅੰਗ - 1008***

ਰਾਮ ਦੇ ਨਾਮ ਦੀ ਮਹਿਮਾ ਦੀ ਸੁਧ ਆ ਗਈ –

***ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥***

***ਅੰਗ - 1008***

ਉਸੇ ਵੇਲੇ ਮੁਕਾਬਲਾ ਸ਼ੁਰੂ ਹੋ ਗਿਆ ਕਿਉਂਕਿ ਇਕ ਪਾਸੇ ਪ੍ਰਭੂ ਦੀ ਸ਼ਰਨ ਵਿਚ ਜਾ ਚੁੱਕੀ ਹੈ ਤੇ ਇਕ ਪਾਸੇ ਸੰਸਾਰ ਦੀ ਸ਼ਕਤੀ ਹੈ। ਗੁਰੂ ਦਸਵੇਂ ਪਾਤਸ਼ਾਹ ਨੇ ਇਸ ਪ੍ਰਸੰਗ ਨੂੰ ਬੜਾ ਵਿਸਥਾਰ ਨਾਲ ਲਿਖਿਆ ਹੈ। ਆਪ ਫੁਰਮਾਨ ਕਰਦੇ ਨੇ ਕਿ ਸੱਤ ਦਿਨ, ਸੱਤ ਰਾਤਾਂ ਕੱਪੜੇ ਲਾਹੀ ਗਏ। ਪਹਿਲਾ ਬੇਹੋਸ਼ ਹੋ ਕੇ ਗਿਰ ਗਿਆ, ਦੂਸਰਾ ਦੁਰਯੋਜਨ ਵੀ ਅਭਿਮਾਨ ਵਿਚ ਆਇਆ ਹੋਇਆ ਗਿਰ ਗਿਆ। ਜਦੋਂ ਕੋਈ ਵਸ ਨਾ ਚੱਲਿਆ ਤਾਂ –

***ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।***

***ਭਾਈ ਗੁਰਦਾਸ ਜੀ ਦੀ ਵਾਰ 10/8***

ਹੱਥ ਮਰੋੜਦੇ ਨੇ, ਸਿਰ ਹਿਲਾਉਂਦੇ ਨੇ, ਪਛਤਾਵਾ ਕਰਦੇ ਨੇ ਕਿ ਮਾੜਾ ਕੰਮ ਵੀ ਕਰਿਆ ਤੇ ਕਾਮਯਾਬ ਵੀ ਨਾ ਹੋਏ, ਰੱਬ ਨਾਲ ਮੱਥਾ ਲਾਇਆ ਤੇ ਬਣੀ ਗੱਲ ਕੋਈ ਨਾ। ਸੋ ਇਹ ਜਿਹੜੀ ਸਥਿਤੀ ਹੈ ਉਸ ਵੇਲੇ ਦੀ ਕਿ ਬਸਤ੍ਰ ਲਹਿ ਰਹੇ ਨੇ, ਬੇਵਸ ਹੋਈ ਹੋਈ ਹੈ, ਕੋਈ ਚਾਰਾ ਨਹੀਂ ਚਲਦਾ। ਇਕ ਪਾਸੇ ਆਪਣੀ ਇਜ਼ਤ ਦਾ ਸਵੈਮਾਨ ਦਾ ਸਵਾਲ ਹੈ, ਦੂਜੇ ਪਾਸੇ ਕੋਈ ਸਹਾਰਾ ਨਹੀਂ ਹੈ, ਉਹ ਜਿਹੜੀ ਸਥਿਤੀ ਮੰਨਦੀ ਹੈ, ਜਿਸ ਡਿਗਰੀ ਤੇ ਉਹ ਪਹੁੰਚੀ ਹੈ ਜਦੋਂ ਪ੍ਰਮੇਸ਼ਰ ਦਾ ਉਸ ਨੇ ਧਿਆਨ ਧਰਿਆ, 100% ਭਰੋਸੇ ਨਾਲ, ਉਸ ਨੂੰ ਕਹਿੰਦੇ ਨੇ ਕਿ ਸ਼ਰਨ ਲੈ ਲਈ ਏਸ ਨੇ ਕਿਉਂਕਿ –

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥*** ***ਅੰਗ - 277***

ਮਹਾਰਾਜ ਕਹਿੰਦੇ ਜਿੰਨੀ ਦੇਰ ਇਹ ਸ਼ਰਨ ਨਹੀਂ ਲੈਂਦਾ ਤੇ ਮੈਂ ਦੇ ਅਧਾਰ ਤੇ ਇਸ ਦਾ ਜੀਵਨ ਹੈ –

***ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥***
***ਤਬ ਇਸ ਕਉ ਸੁਖੁ ਨਾਹੀ ਕੋਇ॥***
***ਜਬ ਇਹ ਜਾਨੈ ਮੈ ਕਿਛੁ ਕਰਤਾ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*** ***ਅੰਗ - 278***

ਓਨੀ ਦੇਰ ਤੱਕ ਨਾ ਜੰਮਣ ਮਰਨ ਦਾ ਦੁਖ ਹਟਦਾ ਹੈ ਤੇ ਨਾ ਡਰ ਖਤਮ ਹੁੰਦੇ ਨੇ। ਜਦੋਂ ਸ਼ਰਨ ਲੈ ਕੇ ਪ੍ਰਮੇਸ਼ਰ ਦੀ ਹਾਜਰੀ ਵਿਚ ਰਹਿਣ ਲੱਗ ਗਿਆ, ਉਸ ਦੇ ਨਾਲ ਜੁੜ ਕੇ ਰਹਿਣ ਲੱਗ ਗਿਆ ਤਾਂ ਮਹਾਰਾਜ ਕਹਿੰਦੇ ਉਸ ਵੇਲੇ –

***ਪ੍ਰਭ ਕੀ ਸਰਣਿ ਸਗਲ ਭੈ ਲਾਥੇ ..........॥***

***ਅੰਗ - 615***

ਭੈ ਕਿਹੜਾ ਰਹਿ ਗਿਆ ਫੇਰ, ਭੈ ਦਾ ਤਾਂ ਉਥੇ ਕੋਈ ਥਾਂ ਹੀ ਨਹੀਂ ਹੈ। ਭੈ ਤਾਂ ਇਸ ਕਾਲ ਦੀ ਦੁਨੀਆਂ ਦੀ ਸ਼ਬਦਾਵਲੀ ਹੈ। ਵਾਹਿਗੁਰੂ ਨਿਰਭਉ ਹੈ। ਨਿਰਭਉ ਦਾ ਮੰਡਲ ਨਿਰਭਉ ਹੋਇਆ ਕਰਦਾ ਹੈ ਉਥੇ ਕੋਈ ਭੈਅ, ਕੋਈ ਦੁਖ, ਕੋਈ ਘਾਟਾ ਕੁਝ ਨਹੀਂ ਹੋਇਆ ਕਰਦਾ ਕਿਉਂਕਿ ਉਸ ਨੇ ਸ਼ਰਨ ਲੈ ਲਈ ਵਾਹਿਗੁਰੂ ਜੀ ਦੀ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-37)*

ਗੁਰ ਦਸਵੇਂ ਪਾਤਸ਼ਾਹ ਮਹਾਰਾਜ ਜੀ ਦੇ ਸਮੇਂ ਸੰਗਰਾਂਦ ਦਾ ਦੀਵਾਨ ਲੱਗਿਆ ਹੋਇਆ ਹੈ ਤੇ ਆਪ ਨੇ ਭੋਗ ਪੈਣ ਉਪਰੰਤ ਕਿਹਾ ਕਿ ਉਹ ਜਿਹੜਾ ਗੁਰਸਿਖ ਬੈਠਾ ਹੈ, ਉਸ ਨੂੰ ਜਾਣ ਨਹੀਂ ਦੇਣਾ, ਸਾਡੇ ਪੇਸ਼ ਕਰਿਓ। ਸਮਾਪਤੀ ਹੋ ਗਈ ਤੇ ਉਨ੍ਹਾਂ ਨੇ ਜਾ ਕੇ ਕਿਹਾ ਕਿ ਗੁਰਸਿਖਾ! ਤੈਨੂੰ ਗੁਰੂ ਮਹਾਰਾਜ ਬੁਲਾਉਂਦੇ ਨੇ, ਚਲਿਆ ਗਿਆ।

ਮਹਾਰਾਜ ਕਹਿੰਦੇ, "ਗੁਰਸਿਖਾ! ਤੂੰ ਕਦੇ ਕਦੇ ਆਉਂਦਾ ਹੈ ਲੇਕਿਨ ਅਸੀਂ ਇਹ ਦੇਖਿਆ ਹੈ ਕਿ ਤੂੰ ਰਹਿ ਕੇ ਨਾ ਕਦੇ ਸੇਵਾ ਕਰਦਾ ਹੈਂ, ਨਾ ਕਦੇ ਆਪਣੇ ਗੁਰਸਿਖ ਭਾਈਆਂ ਨਾਲ ਰੂਹਾਨੀਅਤ ਦੀ ਸੋਝੀ ਪ੍ਰਾਪਤ ਕਰਦਾ ਹੈਂ ਤੇ ਤੂੰ ਦੀਵਾਨ ਦੀ ਸਮਾਪਤੀ ਉਪਰੰਤ ਉਦੋਂ ਹੀ ਚਲਿਆ ਜਾਂਦਾ ਹੈ। ਕਿੰਨਾ ਕੁ ਜਾਣਦਾ ਹੈ?"

ਕਹਿੰਦਾ, "ਮਹਾਰਾਜ! ਮੈਂ ਬਾਣੀ ਤਾਂ ਪੜ੍ਹਦਾ ਹਾਂ ਤੇ ਮਾੜੀ ਮੋਟੀ ਮੈਂ ਕਥਾ ਵੀ ਕਰ ਲੈਂਦਾ ਹਾਂ।"

ਕਹਿੰਦੇ, "ਫੇਰ ਚਲਿਆ ਕਿਉਂ ਜਾਂਦਾ ਹੈ?"

ਕਹਿੰਦਾ,"ਮਹਾਰਾਜ! ਮੈਂ ਮਜ਼ਦੂਰ ਹਾਂ ਘਰ ਵਿਚ ਮਾਇਕ ਹਾਲਤ ਚੰਗੀ ਨਹੀਂ ਹੈ, ਜਿਹੜਾ ਕੋਲ ਹੈ ਉਹ ਖਾ ਲਿਆ ਦੂਜੇ ਦਿਨ ਦਾ ਫਿਕਰ ਹੈ।"

ਮਹਾਰਾਜ ਕਹਿੰਦੇ, "ਫੇਰ?"

ਕਹਿੰਦਾ, "ਜੇ ਮੈਂ ਨਾ ਜਾਵਾਂ, ਮਹਾਰਾਜ! ਮੇਰੇ ਬੱਚੇ, ਮੇਰੀ ਘਰਵਾਲੀ ਭੁੱਖੇ ਮਰ ਜਾਣਗੇ, ਜੇ ਦੋ ਦਿਨ ਨਾ ਜਾਵਾਂ। ਇਕ ਦਿਨ ਦਾ ਮੈਂ ਕਰਕੇ ਆਉਂਦਾ ਹੁੰਦਾ ਹਾਂ ਕਿ ਸਵੇਰੇ ਆਵਾਂਗਾ, ਸਵੇਰ ਦੀ ਰੋਟੀ ਦਾ ਆਹ ਹੈ ਬੰਦੋਬਸਤ ਪੈਸਿਆਂ ਦਾ, ਇਸ ਦਾ ਲੈ ਆਇਓ ਰਾਸ਼ਨ।"

ਮਹਾਰਾਜ ਕਹਿੰਦੇ, "ਤੂੰ ਬਾਣੀ ਪੜ੍ਹਦਾ ਹੈਂ ਜਾਂ ਵਿਚਾਰ ਵੀ ਕਰਦਾ ਹੈਂ?"

ਕਹਿੰਦਾ, "ਮਹਾਰਾਜ! ਪੜ੍ਹਦਾ ਵੀ ਹਾਂ ਜੋ ਵਿਚਾਰ ਵਿਚ ਆਉਂਦੀ ਹੈ ਉਹ ਵੀ ਕਰਦਾ ਹਾਂ।"

ਕਹਿੰਦੇ, "ਇਸ ਦਾ ਕੀ ਅਰਥ ਹੈ?"

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥ਅੰਗ - 10***

ਕਹਿੰਦਾ, "ਮਹਾਰਾਜ! ਇਹ ਤਾਂ ਸੁਖਾਲਾ ਹੀ ਹੈ ਕਿ ਅਹਾਰ ਵਾਹਿਗੁਰੂ ਖਾਣ ਨੂੰ ਦਿੰਦਾ ਹੈ ਕੀੜੇ ਨੂੰ ਵੀ ਦਿੰਦਾ ਹੈ, ਰਸਤਾ ਹੈ ਨਹੀਂ ਉਥੇ।"

ਮਹਾਰਾਜ ਕਹਿੰਦੇ, "ਫੇਰ! ਤੂੰ ਰਿਜ਼ਕ ਦਾਤਾ ਬਣਦਾ ਹੈ ਸਾਰੇ ਪਰਿਵਾਰ ਦਾ, ਰਾਜ਼ਕ ਤਾਂ ਵਾਹਿਗੁਰੂ ਹੈ ਜਿਸ ਨੇ ਹਰੇਕ ਨੂੰ ਰਿਜ਼ਕ ਦੇਣਾ ਹੈ ਤੇ ਤੂੰ ਤਾਂ ਰਾਜ਼ਕ ਨਹੀਂ ਹੈ, ਪੰਛੀਆਂ ਨੂੰ ਦਿੰਦਾ ਹੈ ਉਹ ਕੋਈ ਹਲ ਚਲਾਉਂਦੇ ਨੇ। ਕਿੰਨੇ ਜੀਵ ਜੰਤੂ ਨੇ ਆਦਮੀ ਤਾਂ ਕੁਝ ਵੀ ਨਹੀਂ ਹਨ, ਜੀਵ ਜੰਤੂ ਕਿੰਨੇ ਹੀ ਨੇ ਜਿਹੜੇ ਦਾਣਿਆਂ ਤੇ ਪਲਦੇ ਨੇ, ਬਾਕੀ ਇਕ ਦੂਜੇ ਨੂੰ ਖਾ ਕੇ ਪਲਦੇ ਨੇ। ਸਮੁੰਦਰ ਦੇ ਵਿਚ ਕਿੰਨੇ ਹੀ ਨੇ। ਉਸ ਰਾਜ਼ਕ ਨੇ ਪ੍ਰਬੰਧ ਕੀਤਾ ਹੋਇਆ ਹੈ ਸਭ ਦਾ ਤੇ ਤੂੰ ਆਪਣੇ ਆਪ ਨੂੰ ਰਾਜ਼ਕ ਬਣਾਉਂਦਾ ਹੈਂ।"

ਕਹਿੰਦਾ, "ਮਹਾਰਾਜ! ਕੁਝ ਨਾ ਕੁਝ ਤਾਂ ਕਰਨਾ ਹੀ ਪੈਂਦਾ ਹੈ ਆਦਮੀ ਨੂੰ।"

ਕਹਿੰਦੇ, "ਉਹ ਨਹੀਂ ਕਰਦੇ, ਉਹ ਰਿਜ਼ਕ ਦਿੰਦਾ ਹੈ।"

ਬਾਬਾ ਫਰੀਦ ਜੀ ਪੰਛੀਆਂ ਨੂੰ ਦੇਖ ਰਹੇ ਨੇ। ਚੋਗਾ ਚੁਗਿਆ ਦਰਖਤਾਂ ਤੇ ਜਾ ਬੈਠੇ। ਦੂਜਾ ਦਿਨ ਹੋਇਆ ਉਡਾਰੀ ਮਾਰੀ ਫੇਰ ਚੋਗਾ ਚੁਗ ਲਿਆ। ਕਹਿੰਦੇ ਉਹ ਸਾਰੇ ਪੰਛੀ ਜਿੰਨੇ ਜੀਵ ਜੰਤੂ ਦੁਨੀਆਂ ਤੇ ਬਣਾਏ ਨੇ ਇਨ੍ਹਾਂ ਨੂੰ ਰੋਜ਼ੀ ਦਿੰਦਾ ਹੈ ਪ੍ਰਮੇਸ਼ਰ ਤੈਨੂੰ ਨਹੀਂ ਦਏਗਾ? ਐਸਾ ਬਾਬਾ ਫਰੀਦ ਜੀ ਦਾ ਭਾਵ ਹੈ -

***ਧਾਰਨਾ - ਕੰਕਰ ਚੁਗਦੇ ਥਲਾ ਦੇ ਵਿਚ ਵਸਦੇ,***
***ਕੱਕਰ ਚੁਗਦੇ -2,2.***
***ਕੰਕਰ ਚੁਗਦੇ ਥਲਾਂ ਦੇ ਵਿਚ ਵਸਦੇ***
***ਰੱਬ ਦੀ ਨਾ ਆਸ ਛਡਦੇ ਪੰਛੀ -2, 2.***
***ਕੰਕਰ ਚੁਗਦੇ ਥਲਾਂ ਦੇ ਵਿਚ ਵਸਦੇ,........... -2.***

***ਫਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿੰਨਾ ਵਾਸੁ॥***
***ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥***
***ਅੰਗ - 1383***

ਉਸ ਦੇ ਵਿਚ ਵਸਦੇ ਨੇ ਲੇਕਿਨ ਰੋਜ ਉਡਾਰੀਆਂ ਮਾਰ ਕੇ ਆ ਕੇ ਫੇਰ ਚੁਗ ਲੈਂਦੇ ਨੇ। ਵਿਸ਼ਵਾਸ ਹੈ ਉਨ੍ਹਾਂ ਨੂੰ ਪ੍ਰਮੇਸ਼ਰ ਰਾਜ਼ਕ ਹੈ ਸਾਧ ਸੰਗਤ ਜੀ! ਸਭ ਦੁਨੀਆਂ ਨੂੰ ਦਿੰਦਾ ਹੈ।

ਕਹਿਣ ਲੱਗੇ, "ਤੈਨੂੰ ਇਹ ਵਿਸ਼ਵਾਸ ਨਹੀਂ ਆਇਆ?"

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੁਆਣੇ ਵਾਲੇ ਹਜ਼ੂਰ ਸਾਹਿਬ ਸਵਾ ਲੱਖ ਪਾਠ ਕਰ ਰਹੇ ਸੀ ਜਪੁਜੀ ਸਾਹਿਬ ਦਾ। ਪਾਠ ਕਰਦਿਆਂ ਦੀ ਬਿਰਤੀ ਹੌਲੀ ਹੌਲੀ ਨਾਮ ਦੇ ਵਿਚ ਐਨੀ, ਰਸ ਵਿਚ ਚਲੀ ਜਾਂਦੀ ਹੈ ਕਿ ਜੀਅ ਨਹੀਂ ਕਰਦਾ ਕਿਸੇ ਚੀਜ਼ ਨੂੰ ਖਾਣ ਨੂੰ, ਪੀਣ ਨੂੰ। ਆਪ ਦੇ ਮਨ ਵਿਚ ਆਇਆ ਕਿ ਮੈਂ ਇਥੋਂ 3-4 ਮੀਲ ਚਲਿਆ ਜਾਵਾ ਤੇ ਉਥੇ ਪਾਣੀ ਥੋੜ੍ਹਾ ਹੈ, ਪਾਣੀ ਵਿਚ ਬੈਠ ਕੇ ਪਾਠ ਕਰਾਂ, ਮੌਜ ਹੈ ਮਹਾਂਪੁਰਸ਼ਾਂ ਦੀ, ਕਿਵੇਂ ਘਾਲਣਾ ਘਾਲਦੇ ਨੇ। ਦੂਜਾ ਦਿਨ ਹੋ ਗਿਆ ਪਰਸ਼ਾਦਾ ਛਕਿਆ ਨਹੀਂ। ਉਸ ਰਾਤ ਉਥੇ ਜੋ ਹੈਡ ਗ੍ਰੰਥੀ ਸੀ ਉਸ ਨੂੰ ਸੁਪਨਾ ਆਇਆ ਕਿ ਭਾਈ ਸਾਡਾ ਇਕ ਸਿੱਖ ਦਰਿਆ ਵਿਚ ਬੈਠਾ ਜਪ ਕਰ ਰਿਹਾ ਹੈ, ਕੱਲ ਦਾ ਭੁਖਾ ਹੈ ਉਹ। ਤੂੰ ਪਰਾਸ਼ਾਦਾ ਲੈ ਕੇ ਜਾਈਂ। ਉਸ ਨੇ ਜਾਗ ਕੇ ਆਪਣੀ ਘਰ ਵਾਲੀ ਨੂੰ ਕਿਹਾ। ਕਹਿੰਦੀ, "ਵਾਹ! ਐਥੇ ਹੋਰ ਸੁਪਨੇ ਕਾਹਦੇ ਆਉਣੇ ਨੇ ਆਪਾਂ ਨੂੰ ਲੜਾਈਆਂ ਦੇ ਆਉਣੇ ਨੇ? ਲੰਗਰ ਵਰਤਾਉਂਦੇ ਹਾਂ, ਲੰਗਰ ਦੇ ਹੀ ਆਉਂਦੇ ਨੇ, ਪਰਸ਼ਾਦਾ ਉਸ ਨੇ ਵੀ ਰੋਕ ਦਿੱਤਾ। ਦੂਜੇ ਦਿਨ ਫੇਰ ਆਇਆ ਕਿ ਤੈਨੂੰ ਕੱਲ੍ਹ ਕਿਹਾ ਸੀ, ਤੂੰ ਗਿਆ ਨਹੀਂ?"

ਉਸ ਨੇ ਫੇਰ ਕਿਹਾ, "ਮੈਨੂੰ ਅੱਜ ਫੇਰ ਸੁਪਨਾ ਆਇਆ ਹੈ।"

ਘਰਵਾਲੀ ਕਹਿੰਦੀ, "ਤੇਰੇ ਗਹਿਰਾ ਚਲਿਆ ਗਿਆ ਸੰਸਕਾਰ ਤਾਂ ਫੇਰ ਆਇਆ ਹੈ?"

ਉਹ ਦੂਜੇ ਦਿਨ ਫੇਰ ਟਲ ਗਿਆ। ਤੀਜੇ ਦਿਨ ਤਾੜਨਾ ਨਾਲ ਕਿਹਾ। ਕਹਿੰਦੇ ਤੈਨੂੰ ਦੋ ਦਿਨ ਹੋ ਗਏ ਕਹਿੰਦਿਆ ਨੂੰ। 4 ਮੀਲ ਤੇ ਬੈਠਾ ਹੈ ਉਹ, ਜਿਧਰ ਨੂੰ ਪਾਣੀ ਜਾ ਰਿਹਾ ਹੈ। ਪਰਸ਼ਾਦਾ ਬਣਾਇਆ, ਦੋ ਕੁ ਮੀਲ ਜਾ ਕੇ ਕਹਿਣ ਲੱਗਿਆ ਕਿ ਮੈਂ ਵੀ ਕਮਲਾ ਹੀ ਹਾਂ ਇਥੇ ਐਨਾ ਚਿਰ ਦਾ ਮੈਂ ਰਹਿੰਦਾ ਹਾਂ ਕਦੇ ਇਥੇ ਹੋਈ ਹੈ ਇਹ ਗੱਲ ਦੂਰ ਤੱਕ ਦੇਖ ਦੁਖ ਕੇ ਆ ਗਿਆ, ਨਾਲ ਕਹੇ ਲੈ ਐਵੇਂ ਹੀ ਮੈਨੂੰ ਖਿਆਲ ਇਕ ਐਸਾ ਦ੍ਰਿੜ ਹੋ ਗਿਆ ਮੇਰੇ ਅੰਦਰ ਪੱਕ ਗਿਆ, ਰੋਜ਼ ਓਹੀ ਸੁਪਨਾ ਆਉਂਦਾ। ਫੇਰ ਆਇਆ ਕਿ ਉਹ ਤਾਂ ਅੱਠਵੇਂ ਮੀਲ ਤੇ ਚਲਿਆ ਗਿਆ ਦੂਰ, ਨੇੜਿਓ ਨਾ ਮੁੜ। ਜਦੋਂ ਉਥੇ ਫੇਰ ਗਿਆ ਪਰਸ਼ਾਦੇ ਲੈ ਕੇ, ਮਹਾਂਪੁਰਸ਼ ਜਲ ਵਿਚ ਬੈਠੇ। ਬੇਨਤੀ ਕਰੀ ਬਾਹਰ ਆਏ।

ਕਹਿਣ ਲੱਗਿਆ, "ਮਹਾਰਾਜ! ਚਾਰ ਦਿਨ ਮੈਂ ਤੁਹਾਡਾ ਪਰਸ਼ਾਦਾ ਨਹੀਂ ਲਿਆ ਸਕਿਆ ਕਿਉਂਕਿ ਮੇਰੇ ਮਨ ਦੇ ਅੰਦਰ ਤਰਕ ਆ ਜਾਂਦੀ ਸੀ ਤੇ ਅੱਜ ਕਿਰਪਾ ਕਰੋ ਪਰਸ਼ਾਦਾ ਛਕੋ।"

ਕਹਿਣ ਲੱਗੇ, "ਸਾਡੇ ਵਾਸਤੇ ਮਹਾਰਾਜ ਜੀ ਐਨੀ ਖੇਚਲ ਕਰਦੇ ਹਨ ਕਿ ਤੇਰੇ ਸੁਪਨਿਆ 'ਚ ਆ ਕੇ ਕਹਿੰਦੇ ਨੇ। ਚੱਲ ਅਸੀਂ ਉਥੇ ਹੀ ਬੈਠਾਂਗੇ ਹੁਣ।"

ਰਿਜ਼ਕ ਨਹੀਂ ਜਾਂਦੇ ਕਦੇ ਵੀ ਕਿਤੇ। ਬਹਿ ਲਓ ਜਿਥੇ ਜੀਅ ਕਰਦਾ ਹੈ, ਕੋਈ ਬੰਦਾ ਜਿਹੜਾ ਵੀ ਹੈ ਪਰ ਸੱਚਾ ਹੋਵੇ, ਨਿਸ਼ਚਾ ਹੋਵੇ ਉਸ ਦੇ ਮਨ ਵਿਚ। ਨਿਸ਼ਚੇ ਤੇ ਸੁਆਮੀ ਰਾਮ ਤੀਰਥ ਵੱਡੇ ਮਹਾਤਮਾ ਹੋਏ ਨੇ, ਪ੍ਰੋਫੈਸਰ ਪੂਰਨ ਸਿੰਘ ਉਨ੍ਹਾਂ ਦੀ ਸੰਗਤ ਵਿਚ ਆ ਕੇ ਪਹਿਲਾਂ ਸਵਾਮੀ ਬਣਿਆ ਸੀ, ਫੇਰ ਭਾਈ ਵੀਰ ਸਿੰਘ ਦੀ ਸੰਗਤ ਨਾਲ ਗੁਰਸਿਖੀ 'ਚ ਆ ਗਿਆ ਸੀ। ਉਹ ਦਸਦੇ ਨੇ ਕਿ ਸਵਾਮੀ ਜੀ ਦਾ ਇਹੀ ਸੀ 12 ਵਜੇ ਠੀਕ ਪਰਸ਼ਾਦਾ ਕਿਤੋਂ ਆਵੇ, ਜਿਥੋਂ ਜੀਅ ਕਰਦਾ ਹੈ ਆ ਜਾਂਦਾ ਸੀ। ਇਕਲਿਆ ਨੂੰ ਨਹੀਂ ਜਿੰਨੀ ਸੰਗਤ ਨਾਲ ਹੁੰਦੀ ਸਭ ਦਾ ਹੀ ਹੁੰਦਾ ਸੀ। ਕਹਿੰਦੇ, ਅਸੀਂ ਗੱਡੀ ਵਿਚ ਬੈਠੇ ਹੋਏ ਜਾ ਰਹੇ ਸੀ। ਇਕ ਨਿੱਕਾ ਜਿਹਾ ਸਟੇਸ਼ਨ ਆਉਣਾ ਸੀ, ਉਥੇ 12 ਵਜਣੇ ਸੀ।

ਕਹਿੰਦਾ, "ਸਵਾਮੀ ਜੀ! ਅੱਜ ਕੀ ਬਣੇਗਾ, ਅੱਜ ਆਪਣਾ ਸਫਰ ਬੜਾ ਲੰਮਾ ਹੈ।"

ਕਹਿੰਦੇ, "ਦੇਖ ਭਾਈ! ਬਿਸ਼ੰਭਰ ਨੇ ਤਾਂ ਕੋਈ ਨਾ ਕੋਈ ਬੰਦੋਬਸਤ ਕਰਨਾ ਹੀ ਹੈ।"

ਕਹਿੰਦੇ, "ਜਦੋਂ ਅਸੀਂ ਉਸ ਸਟੇਸ਼ਨ ਤੇ ਗਏ ਇਕ ਸੇਠ ਕਾਹਲੀ ਕਾਹਲੀ ਨਾਲ ਦੇਖਦਾ ਹੈ। ਉਸ ਦੇ ਜਦੋਂ ਦੇਖੇ ਭਗਵੇਂ ਕੱਪੜੇ ਤਾਂ ਕਹਿਣ ਲੱਗਿਆ ਤੁਸੀਂ ਸਵਾਮੀ ਰਾਮ ਤੀਰਥ ਨਹੀਂ?"

ਕਹਿੰਦੇ, "ਹਾਂ! ਕੀ ਗੱਲ?"

ਕਹਿੰਦਾ, "ਮਹਾਰਾਜ! ਮੈਂ ਗੱਡੀ ਰੁਕਵਾ ਲਈ ਹੈ ਪਰਸ਼ਾਦਾ ਤਿਆਰ ਹੈ, ਮੈਂ ਪਰਸ਼ਾਦਾ ਲੈ ਕੇ ਆਇਆ ਪੂਰੀਆਂ ਵਗੈਰਾ।"

ਕਹਿੰਦੇ, "ਚਲੋ ਭਾਈ। ਛਕੋ।"

ਉਸ ਨੂੰ ਵੀ ਛਕਾਇਆ, ਗਾਰਡਾਂ ਨੂੰ ਵੀ ਛਕਾਇਆ, ਹੋਰ ਜਿਹੜੇ ਭੁਖੇ ਸੀ ਸਾਰਿਆਂ ਨੂੰ ਛਕਾਇਆ ਕਹਿੰਦੇ, "ਕੀ ਗੱਲ?"

ਕਹਿੰਦਾ, "ਰਾਤ ਮੈਨੂੰ ਸੁਪਨਾ ਆਇਆ ਕਿ ਸਵੇਰੇ ਹੀ 12 ਵਜੇ ਦੀ ਗੱਡੀ ਤੇ ਇਕ ਮਹਾਤਮਾ ਨੇ ਆਉਣਾ ਹੈ ਉਸ ਦੇ ਨਾਲ ਹੈ ਸੰਗਤ ਤੇ ਐਨਾ ਪਰਸ਼ਾਦਾ ਤਿਆਰ ਕਰਕੇ ਲੈ ਜਾਈਂ।"

ਇਹ ਵਾਹਿਗੁਰੂ ਦਾ ਬੰਦੋਬਸਤ ਹੈ। ਡਾ. ਸਵਾਮੀ ਰਾਮ ਜੀ ਜਿਹੜੇ ਆਪਣੇ ਆਉਂਦੇ ਉਹ ਇਕ ਜੰਗਲ ਵਿਚ ਚਲੇ ਗਏ। ਕਹਿਣ ਲੱਗੇ ਕਿ ਮੈਂ ਖਾਣ ਵਾਸਤੇ ਨਾ

ਕੰਦਮੂਲ ਚੁਣਨੇ ਨੇ, ਨਾ ਕੋਈ ਬੰਦੋਬਸਤ ਕਰਨਾ ਹੈ, ਨਾ ਪੱਤੇ ਖਾਣੇ ਨੇ ਵਾਹਿਗੁਰੂ ਭੇਜੇਗਾ ਤਾਂ ਮੈਂ ਛਕਾਂਗਾ। ਉਹ ਲਿਖਦੇ ਨੇ ਕਿ ਪਾਣੀ ਤਾਂ ਮੈਂ ਪੀ ਲੈਣਾ ਪਰ ਉਹ ਬਚਨ ਕਰਿਆ ਹੋਇਆ ਸੀ ਮੇਰਾ। ਕਹਿੰਦਾ ਜਦੋਂ ਹਫਤਾ ਲੰਘ ਗਿਆ ਮੈਨੂੰ ਆਵਾਜ਼ ਆਈ ਕਿ ਉਹ ਪਿਆਲਾ ਜਿਹੜਾ ਆ ਰਿਹਾ ਹੈ ਰੁੜ੍ਹਿਆ ਪਾਣੀ ਦੇ ਉਤੇ ਉਹ ਫੜ ਲੈ ਜਾ ਕੇ। ਜਦੋਂ ਮੈਂ ਦੇਖਿਆ ਮੈਨੂੰ ਨਜ਼ਰ ਆਇਆ, ਮੈਂ ਕਹਿੰਦਾ ਫੜ ਲਿਆ। ਮੈਂ ਚੁੱਕ ਲਿਆਇਆ, ਕਹਿੰਦਾ, "ਮੈਂ ਹੈਰਾਨ ਹੋ ਗਿਆ, ਉਹ ਰਾਸ਼ਨ ਨਾਲ ਭਰ ਗਿਆ ਪੱਕਿਆ ਪਕਾਇਆ। ਕਹਿੰਦਾ ਮੈਂ ਖਾ ਲਿਆ ਧੋ ਦਿੱਤਾ, ਰੱਖ ਦਿੱਤਾ। ਦੂਏ ਦਿਨ ਫੇਰ, ਤੀਏ ਦਿਨ ਫੇਰ ਜਿੰਨੀ ਮੈਨੂੰ ਖੁਰਾਕ ਦੀ ਲੋੜ ਸੀ ਉਹ ਆਪੇ ਹੀ ਭਰ ਜਾਂਦਾ। ਇੰਨੇ ਕਹਿਣ ਲੱਗਿਆ ਕਿ ਪਤਾ ਲਗ ਗਿਆ ਲੋਕਾਂ ਨੂੰ ਕਿ ਇਹ ਭੁੱਖਾ ਹੀ ਹੈ ਕਿਸੇ ਤੋਂ ਲੈਂਦਾ ਨਹੀਂ ਹੈ। ਕੋਈ ਪਿਆਲਾ ਹੈ ਇਸ ਦੇ ਕੋਲ ਉਸ ਦੇ ਵਿਚੋਂ ਖਾ ਕੇ, ਉਸ ਨੂੰ ਧੋ ਦਿੰਦਾ ਹੈ। ਫਿਰ ਦਿੰਦਾ ਕੌਣ ਹੈ? ਕਹਿੰਦਾ ਉਸ ਤੋਂ ਬਾਅਦ ਸੰਗਤ ਆਉਣ ਲਗ ਗਈ। ਮੇਰੇ ਮਨ ਵਿਚ ਆਇਆ ਕਿ ਦੋ ਪ੍ਰੇਮੀ ਆਏ ਹੋਏ ਨੇ ਇਨ੍ਹਾਂ ਦਾ ਭੋਜਨ ਵੀ ਹੋ ਜਾਵੇ। ਕਹਿੰਦਾ ਉਹ ਮੁੱਕੇ ਹੀ ਨਾ, ਉਹ ਹੋਰ ਹੋ ਜਾਵੇ, ਉਹ ਹੋਰ ਹੋ ਜਾਵੇ, ਅਖੀਰ ਮੈਂ ਪ੍ਰਸ਼ਾਦ ਵਰਤਾਉਣ ਲੱਗ ਗਿਆ ਉਸ ਦੇ ਵਿਚੋਂ, ਉਹ ਫੇਰ ਵੀ ਪਿਆਲਾ ਮੁਕਿਆ ਨਾ ਕਰੇ। ਪ੍ਰਸ਼ਾਦ ਦੀ ਗੱਲ ਮੈਂ ਤੁਹਾਨੂੰ ਦਸਦਾ ਹਾਂ। ਮਹਾਰਾਜ ਜੀ ਤਪ ਕਰ ਰਹੇ ਸੀ ਰਾੜੇ ਸਾਹਿਬ, ਬੋਲਦੇ ਨਹੀਂ ਸੀ ਕਿਸੇ ਨਾਲ, ਮੌਨ ਬ੍ਰਤ ਧਾਰਿਆ ਹੋਇਆ ਸੀ। ਗੁਜਰਵਾਲ ਦਾ ਕੋਈ 100 ਕੁ ਬੰਦਾ ਮਕਾਣ ਜਾ ਰਿਹਾ ਸੀ ਜਰਗ। ਉਨ੍ਹਾਂ ਦੇ ਮਨ 'ਚ ਆਇਆ ਕਿ ਇਥੇ ਦਰਸ਼ਨ ਕਰ ਚਲੀਏ। ਉਹ ਪਹਿਲਾਂ ਸਵੇਰੇ ਤਾਂ ਚਲੇ ਗਏ ਉਥੋਂ ਵਾਪਸ ਆਏ। ਵਾਪਸ ਆ ਕੇ ਮਹਾਰਾਜ ਨੂੰ ਨਮਸ਼ਕਾਰ ਕਰੀ।

ਆਪਨੇ ਫੁਰਮਾਇਆ ਕਿ ਜਾਓ ਭਾਈ! ਲੰਗਰ 'ਚ ਪ੍ਰਸ਼ਾਦਾ ਕਰੋ, ਕੜਾਹ ਪ੍ਰਸ਼ਾਦ ਬਣਿਆ ਹੋਇਆ ਹੈ। ਉਥੇ ਚਲੇ ਗਏ ਜਾ ਕੇ ਪੰਗਤ ਲਾ ਲਈ। ਉਥੇ ਜਿਹੜਾ ਹੈਡ ਲਾਂਗਰੀ ਸੀ, ਸ੍ਰੀ ਮਾਨ ਸੀ, ਉਹ ਆਇਆ, ਕਹਿੰਦਾ, "ਮਹਾਰਾਜ ਸਚੇ ਪਾਤਸ਼ਾਹ! ਸਵੇਰੇ ਪ੍ਰਸ਼ਾਦ ਬਣਾਇਆ ਸੀ ਢਾਈ ਰੁਪਏ ਦਾ ਉਹ ਤਾਂ ਵਰਤਾ ਦਿੱਤਾ। ਹੁਣ ਮੈਂ ਇਨ੍ਹਾਂ ਨੂੰ ਕੀ ਦੇਵਾਂ? ਤੁਸੀਂ ਹੁਕਮ ਕਰ ਦਿੱਤਾ ਕਿ ਪ੍ਰਸ਼ਾਦ ਦੇਹ।"

ਕਹਿੰਦੇ, "ਛੋਟੇ ਸੰਤਾਂ ਨਾਲ ਗੱਲ ਕਰ।"

ਉਨ੍ਹਾਂ ਕੋਲ ਗਿਆ ਉਹ ਕਹਿੰਦੇ, "ਵਡਿਆਂ ਨੇ ਕਿਹਾ ਹੈ ਉਨ੍ਹਾਂ ਨਾਲ ਹੀ ਗੱਲ ਕਰ।"

ਉਨ੍ਹਾਂ ਨੇ ਫੇਰ ਮੋੜ ਦਿੱਤਾ ਕਹਿੰਦੇ, ਸੇਵਾ ਉਨ੍ਹਾਂ ਦੀ ਹੈ ਲੰਗਰ ਦੀ।"

ਏਨੇ ਨੂੰ ਛੋਟੇ ਮਹਾਰਾਜ ਆ ਗਏ, ਆ ਕੇ ਉਨ੍ਹਾਂ ਨੇ ਕਿਹਾ, "ਲਿਆ ਭਾਈ! ਆਪਣਾ ਬਾਟਾ ਅੱਧਾ ਕੁ ਭਰਿਆ ਹੋਇਆ। ਓਨਾ ਕੁ ਹੀ ਬਚਦਾ ਸੀ। ਆਪਣਾ ਰੁਮਾਲ ਪਾ ਦਿੱਤਾ ਉਸ ਦੇ ਉਤੇ।

ਕਹਿੰਦੇ, "ਲੈ ਏਧਰਲੇ ਪਾਸਿਓ ਕੱਢੀ ਜਾਈਂ, ਰੁਮਾਲ ਨਾ ਉਡੇ। ਖੁੱਲ੍ਹਾ ਵਰਤਾ ਦੋਹਾਂ ਹੱਥਾਂ ਨਾਲ।"

ਪਰਾਤ ਭਰ ਕੇ ਲੈ ਜਾਇਆ ਕਰੇ, ਵਰਤਾਈ ਗਿਆ ਸਾਰੇ ਰੱਜ ਗਏ, 100 ਬੰਦਾ। ਉਸ ਤੋਂ ਬਾਅਦ ਬਾਹਰ ਪਤਾ ਲੱਗਿਆ ਕਿ ਅੱਜ ਪ੍ਰਸ਼ਾਦ ਵਰਤ ਰਿਹਾ ਹੈ ਕਿਉਂਕਿ ਉਨ੍ਹਾਂ ਦਿਨਾਂ ਵਿਚ ਕਿਰਿਆ ਬਹੁਤ ਸੰਕੋਚਦੀ ਸੀ, ਬਹੁਤੇ ਸਿੰਘ ਨਹੀਂ ਸੀ ਰਹਿੰਦੇ। ਉਹ ਆ ਗਏ, ਮੁੰਡੇ ਆ ਗਏ ਰੌਲਾ ਪੈ ਗਿਆ ਆਈ ਜਾਂਦੇ ਨੇ, ਛਕੀ ਜਾਂਦੇ ਨੇ, ਆਈ ਜਾਂਦੇ ਨੇ, ਛਕੀ ਜਾਂਦੇ ਨੇ। ਜਦੋਂ ਸਾਰੇ ਹੀ ਛਕ ਹਟੇ ਲਾਂਗਰੀ ਸਿੰਘ ਨੂੰ ਬੁਲਾਇਆ ਮਹਾਰਾਜ ਨੇ।

ਕਹਿੰਦੇ, "ਕਿਉਂ ਬਈ ਕੀ ਹਾਲ ਹੈ? ਤੂੰ ਤਾਂ ਘਬਰਾ ਗਿਆ ਸੀ। ਆਪਾਂ ਪਸ਼ਾਦ ਛਕਾਉਣਾ ਹੈ ਇਹ ਤਾਂ ਗੁਰੂ ਨਾਨਕ ਦਾ ਲੰਗਰ ਹੈ ਇਸ ਦੇ ਵਿਚ ਕਦੇ ਤੋਟ ਨਹੀਂ ਆਏਗੀ। ਚਾਹੇ ਇਕ ਕਿਣਕਾ ਬਚਦਾ ਹੋਵੇ।" ਤੋਟ ਨਹੀਂ ਇਸ ਦੇ ਵਿਚ ਆਉਂਦੀ। ਇਸ ਦੇ ਵਿਚ ਤੋਟ ਤਾਂ ਆਉਂਦੀ ਹੈ ਜੇ ਬੰਦਾ ਕਹੇ ਮੇਰਾ ਲੰਗਰ ਹੈ, ਮੈਂ ਕਰਦਾ ਹਾਂ। ਬਿਲਕੁਲ ਨਹੀਂ। ਆਹ ਤੁਹਾਡੇ ਸਾਹਮਣੇ ਲੰਗਰ ਚਲਦਾ ਹੈ ਤੋਟ ਆਉਣੀ ਹੀ ਨਹੀਂ ਵਧਦਾ ਹੀ ਜਾਏਗਾ। ਰਤਵਾੜੇ ਸਾਹਿਬ ਕਿੰਨੀ ਸੰਗਤ ਹੁੰਦੀ ਹੈ। ਅਖਬਾਰਾਂ ਵਾਲਿਆਂ ਦਾ ਅੰਦਾਜ਼ਾ ਹੈ ਕਿ ਦਸ ਲੱਖ ਬੰਦਾ ਉਥੇ ਆ ਜਾਂਦਾ ਹੈ 4-5 ਦਿਨਾਂ ਵਿਚ ਕਦੇ ਹੋਇਆ ਹੀ ਨਹੀਂ। ਉਸ ਤੋਂ ਬਾਅਦ ਸਾਡੇ ਕੋਲ 70-80 ਬੋਰੀਆਂ ਵਧੀਆ ਪਈਆਂ ਹੁੰਦੀਆਂ ਹਨ ਆਟੇ ਦੀਆਂ। ਇਹ ਪ੍ਰਮੇਸ਼ਰ ਨੇ ਦੇਣਾ ਹੈ ਗੁਰੂ ਦਾ ਲੰਗਰ ਹੈ, ਵਾਹਿਗੁਰੂ ਦਾ ਵੱਡਾ ਲੰਗਰ ਹੈ ਸਭ ਨੂੰ ਦਿੰਦਾ ਹੈ।

ਮਹਾਰਾਜ ਕਹਿੰਦੇ, "ਕਿਉਂ ਬਈ ਪ੍ਰੇਮੀਆ ਤੈਨੂੰ ਨਹੀਂ ਵਿਸ਼ਵਾਸ ਆਇਆ?"

ਕਹਿੰਦਾ, "ਮਹਾਰਾਜ! ਕੁਝ ਤਾਂ ਕਰਨਾ ਪੈਂਦਾ ਹੈ।" ਕੱਚਾ ਸੀ ਵਿਸ਼ਵਾਸ ਦਾ, ਗਿਆਨੀ ਸੀ ਮੂੰਹ ਦਾ ਤੇ ਨਿਸ਼ਚੇ ਦਾ ਕੱਚਾ ਸੀ।

ਮਹਾਰਾਜ ਕਹਿੰਦੇ, "ਆਹ! ਸਾਡੀ ਚਿੱਠੀ ਪਹੁੰਚਾ ਦੇਈ ਫਲਾਣੇ ਥਾਓਂ।"

ਉਸ ਦੇ ਵਿਚ ਲਿਖ ਦਿੱਤਾ ਕਿ ਇਸ ਸਿੱਖ ਨੂੰ ਨੌਂ ਮਹੀਨੇ ਨਹੀਂ ਜਾਣ ਦੇਣਾ, ਕਥਾ ਕਰਾਓ ਇਸ ਤੋਂ। ਜਦੋਂ ਚਿੱਠੀ ਦਿੱਤੀ ਤਾਂ ਉਹ ਕਹਿਣ ਲੱਗੇ, "ਲੈ ਭਾਈ

ਗੁਰਸਿੱਖਾ! ਚਿੱਠੀ ਸੁਣ ਲੈ ਗੁਰੂ ਨੇ ਕਿਹਾ ਹੈ ਕਿ ਇਸ ਨੂੰ 9 ਮਹੀਨੇ ਨਹੀਂ ਜਾਣ ਦੇਣਾ, ਪਹਿਰਾ ਲਾ ਦਿਓ ਇਸ ਦੇ ਉੱਤੇ।"

ਬੋਲਿਆ ਹੀ ਨਾ।

ਕਹਿੰਦੇ, "ਕੀ ਗੱਲ ਨਾਰਾਜ਼ ਹੋ ਗਿਆ?"

ਕਹਿੰਦਾ, "ਮੈਂ ਤਾਂ ਆਏਂ ਹੈਰਾਨ ਹਾਂ ਕਿ ਗੁਰੂ ਤਾਂ ਪਾਲਦੇ ਹੁੰਦੇ, ਇਹ ਮੇਰੇ ਬਾਲ ਬਚਿਆਂ ਨੂੰ ਹੀ ਮਾਰਨ ਲੱਗੇ ਨੇ, ਉਹ ਤਾਂ ਭੁੱਖੇ ਮਰ ਜਾਣਗੇ। ਮੈਂ ਤਾਂ ਰੋਟੀ ਖਾ ਲਊਂ, ਭਲਾ ਤੁਹਾਡੇ ਕੋਲ।"

ਉਹ ਕਹਿੰਦੇ, "ਗੁਰਸਿੱਖਾ! ਕੋਈ ਭੇਤ ਹੁੰਦਾ ਹੈ। ਮਹਾਂਪੁਰਸ਼ਾਂ ਦੇ ਜਿਹੜੇ ਬਚਨ ਨੇ।"

***ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥***

***ਅੰਗ - 306***

ਉਹ ਐਵੇਂ ਨਹੀਂ ਗੱਲ ਹੁੰਦੀ।

ਸੋ ਉਥੇ ਰੱਖ ਲਿਆ ਮਜਬੂਰੀ। ਰੋਜ਼ ਸੋਚੀ ਜਾਂਦਾ ਹੈ ਕਿ ਹੁਣ ਤਾਂ ਮਰ ਗਏ ਹੋਣਗੇ, ਹੁਣ ਤਾਂ ਨਹੀਂ ਹੋਣਗੇ। ਉਧਰਲੇ ਪਾਸੇ ਕੀ ਹੋਇਆ? ਪਿੰਡ ਨੇ ਕਿਹਾ ਕਿ ਉਹ ਤਾਂ ਗਿਆ ਹੋਇਆ ਹੈ ਗੁਰੂ ਦੀ ਸੇਵਾ ਵਿਚ ਲੱਗ ਗਿਆ ਕਿ ਚਲੋ ਇਨ੍ਹਾਂ ਨੂੰ ਦਾਣੇ ਇਕੱਠੇ ਕਰ ਦੇਈਏ। ਇਕੱਠੇ ਹੋ ਕੇ ਦਾਣੇ ਇਕੱਠੇ ਕਰ ਦਿੱਤੇ। ਥੋੜ੍ਹੇ ਦਿਨਾਂ ਤੋਂ ਬਾਅਦ ਉਨ੍ਹਾਂ ਨੇ ਕਿਹਾ ਕਿ ਉਹ ਤਾਂ ਆਇਆ ਨਹੀ ਸੇਵਾ ਵਿਚ ਲਗ ਗਿਆ ਤੇ ਆਪਾਂ ਹੱਥ ਪੈਰ ਹਿਲਾਈਏ। ਉਹ ਬੀਬੀ ਸੀ, ਇਕ ਲੜਕੀ ਸੀ ਵੱਡੀ ਸਰਦਾਰਨੀ ਦੇ ਕੋਲ ਗਏ ਕਿ ਸਾਨੂੰ ਤੁਸੀਂ ਕੋਈ ਕੰਮ ਦੇ ਦਿਓ।

ਉਹ ਕਹਿੰਦੀ ਠੀਕ ਹੈ। ਮੇਰੀ ਲੜਕੀ ਦੀ ਸ਼ਾਦੀ ਹੈ, ਚੰਗਾ ਹੋਇਆ ਤੁਸੀਂ ਆ ਗਏ। ਤੁਸੀਂ ਆਹ ਦਾਣੇ ਚੁਗਣੇ ਨੇ, ਸਾਫ ਕਰਨੀਆਂ ਨੇ ਦਾਲਾਂ।"

ਤੇ ਉਹ ਕੰਮ ਕਰਨ ਲੱਗ ਗਈਆਂ। ਦੂਜੇ ਦਿਨ ਕਹਿਣ ਲੱਗੀ ਕਿ ਤੁਸੀਂ ਆਏਂ ਕਰੋ ਘਰ ਆਪਾਂ ਪਾਂਡੂ ਫੇਰਨਾ ਹੈ ਤੁਸੀਂ ਪਾਂਡੂ ਲਾ ਆਓ। ਉਦੋਂ ਕੱਚੇ ਹੁੰਦੇ ਸੀ ਘਰ ਲਿਪਣ ਵਾਲੇ। ਉਹ ਚਲੀਆਂ ਗਈਆਂ, ਮਾਵਾਂ ਧੀਆਂ, ਜਦੋਂ ਪੁੱਟਣ ਲੱਗੀਆਂ ਮਠਿਆਨੇ ਦੇ ਵਿਚ ਖੜਕਾ ਹੋਇਆ।

ਲੜਕੀ ਕਹਿੰਦੀ, "ਮਾਂ ਜੀ! ਕੁਝ ਖੜਕਦਾ ਹੈ।"

ਕਹਿੰਦੀ, "ਹੌਲੀ ਹੌਲੀ ਦੇਖ"

ਜਦੋਂ ਹੌਲੀ ਹੌਲੀ ਦੇਖਿਆ ਤਾਂ ਇਕ ਗਾਗਰ ਪਈ ਮੋਹਰਾਂ ਦੀ ਭਰੀ ਹੋਈ। ਬੜੀਆਂ ਖੁਸ਼ ਹੋਈਆਂ। ਕਹਿੰਦੀ, "ਦੇਖੋ ਗੁਰੂ ਮਹਾਰਾਜ ਕੋਲ ਸੇਵਾ ਕਰਨ ਗਏ ਨੇ ਤੇ ਮਹਾਰਾਜ ਨੇ ਸਾਨੂੰ ਕਿੱਡੀ ਵੱਡੀ ਦਾਤ ਦੇ ਦਿੱਤੀ।"

ਉਹ ਬੀਬੀ ਕੋਲ ਆ ਗਈ। ਕਹਿੰਦੀ, "ਆਹ! ਸਾਨੂੰ ਉਥੋਂ ਮਿਲੀ ਹੈ।"

ਉਹ ਕਹਿੰਦੀ, "ਤੁਸੀਂ ਚੁਪ ਕਰੋ। ਤੁਹਾਨੂੰ ਨਹੀਂ ਆਉਂਦਾ ਖਰਚਣਾ ਕਿ ਕਿਵੇਂ ਖਰਚਣਾ ਹੈ, ਮੈਂ ਖਰਚਦੀ ਹਾਂ।"

ਉਸ ਨੇ 5-7 ਖੂਹਾਂ ਦੀ ਜ਼ਮੀਨ ਲੈ ਦਿੱਤੀ, ਘਰ ਪਾਉਣਾ ਸ਼ੁਰੂ ਕਰ ਦਿੱਤਾ, ਦੋ ਮੰਜਲਾ ਘਰ ਪਾ ਦਿੱਤਾ ਪਸ਼ੂ ਲੈ ਆਉਂਦੇ, ਨੌਕਰ ਰੱਖ ਦਿੱਤੇ ਬਹੁਤ ਵਾਰੇ ਨਿਆਰੇ ਹੋ ਗਏ। ਇਧਰ ਇਸ ਦੇ 9 ਮਹੀਨੇ ਪੂਰੇ ਹੋ ਗਏ।

ਕਹਿੰਦੇ, "ਜਾਹ ਗੁਰਸਿਖਾ ਚਾਹੇ ਹੁਣ ਗੁਰੂ ਸਾਹਿਬ ਕੋਲ ਜਾਹ, ਚਾਹੇ ਤੂੰ ਆਪਣੇ ਘਰ ਨੂੰ ਜਾਹ।"

ਉਹ ਕਹਿੰਦਾ, "ਘਰ ਕੀ ਜਾਣਾ ਹੈ? ਉਥੇ ਤਾਂ ਮਰਿਆਂ ਦੀ ਖਬਰ ਮਿਲਣੀ ਹੈ ਮੈਨੂੰ ਸਾਰਿਆਂ ਦੀ।"

ਉਹ ਕਹਿੰਦੇ, "ਜਾਹ ਤਾਂ ਸਹੀ ਤੂੰ, ਗੁਰੂ ਤੇ ਵਿਸ਼ਵਾਸ ਕਰ ਤੇਰਾ ਗੁਰੂ ਅਧੂਰਾ ਨਹੀਂ ਹੈ ਸਮਰਥ ਗੁਰੂ ਹੈ।"

ਉਹ ਜਿਸ ਵਕਤ ਘਰ ਗਿਆ ਤਾਂ ਦੂਰੋਂ ਹੀ ਮੱਥਾ ਠਣਕ ਗਿਆ ਕਿ ਮੇਰੀ ਝੌਂਪੜੀ ਤਾਂ ਢਾਹ ਦਿੱਤੀ ਆਹ ਤਾਂ ਪੱਕਾ ਕਿਸੇ ਨੇ ਚੁਬਾਰਿਆਂ ਵਾਲਾ ਮਕਾਨ ਬਣਾ ਲਿਆ। ਉਹ ਉਥੇ ਜਦੋਂ ਗਿਆ ਤਾਂ ਉਸ ਦਾ ਛੋਟਾ ਲੜਕਾ ਖੇਲਦਾ ਹੈ। ਉਸ ਨੂੰ ਦੇਖਿਆ ਉਹ ਨੱਠ ਕੇ ਗਿਆ ਕਿ ਮੈਂ ਆਪਣੀ ਮਾਂ ਨੂੰ ਦਸ ਦਿਆਂ. ਉਹ ਪੌੜੀਆਂ ਚੜ੍ਹ ਗਿਆ, ਇਹ ਵੀ ਕਾਹਲੀ ਨਾਲ ਪੌੜੀਆਂ ਚੜ੍ਹ ਗਿਆ। ਉਹ ਅੰਦਰ ਚਲਿਆ ਗਿਆ ਇਹ ਉਪਰਲੇ ਚਉਬਾਰੇ ਦੇ ਦਰਵਾਜੇ ਕੋਲ ਗਿਆ।

ਉਹ ਬੱਚਾ ਕਹਿੰਦਾ, "ਮਾਂ ਜੀ! ਮਾਂ ਜੀ! ਬਾਪੂ ਫੇਰ ਆ ਗਿਆ, ਆਪਾਂ ਫੇਰ ਭੁੱਖੇ ਮਰਾਂਗੇ ਹੁਣ।"

ਉਹ ਕਹਿੰਦਾ ਹੈਂ! ਇਹ ਮਾਮਲਾ ਕੀ ਹੋਇਆ। ਘਰ ਵਾਲੀ ਕੋਲ ਗਿਆ।

ਕਹਿੰਦੀ, "ਗੁਰੂ ਨੇ ਬਕਤਾਂ ਕਰ ਦਿੱਤੀਆਂ, ਤੂੰ ਗੁਰੂ ਦੀ ਸੇਵਾ ਨਹੀਂ ਸੀ ਕਰਦਾ। ਗੁਰੂ ਸਮਰੱਥ ਹੈ। ਜੇ ਗੁਰੂ ਨੇ ਤੈਨੂੰ ਰੱਖ ਲਿਆ ਸੀ ਤੂੰ ਖੁਸ਼ੀ ਖੁਸ਼ੀ ਰਹਿੰਦਾ ਤੇ ਜਾਹ ਹੁਣ ਤੂੰ ਉਥੇ ਸੇਵਾ ਕਰ ਗੁਰੂ ਨੇ ਸਾਨੂੰ ਬਹੁਤ ਕੁਝ ਦੇ ਦਿੱਤਾ। ਆ ਜਾਇਆ ਕਰ, ਮਿਲ ਜਾਇਆ ਕਰ, ਹੁਣ ਗੁਰੂ ਦਾ ਹੀ ਬਣ ਜਾਹ।"

ਸੋ ਮਹਾਰਾਜ ਕਹਿੰਦੇ –

***ਕਾਹੇ ਰੇ ਮਨ ਚਿਤਵਹਿ...........॥ ਅੰਗ - 10***

ਇਕ ਮਿਸਾਲ ਨਹੀਂ, ਮੈਨੂੰ ਬਹੁਤ ਪਤਾ ਹੈ, ਮੇਰੇ ਨਾਲ ਵੀ ਬੀਤੀ ਹੋਈ ਹੈ ਇਹ ਗੱਲ। ਮੈਂ ਵੀ ਇਕ ਵਾਰੀ ਫੈਸਲਾ ਕਰ ਲਿਆ ਕਿ ਮੈਂ ਨੌਕਰੀ ਕਰਨ ਗਿਆ ਸੀ ਸਿੰਧ ਤੇ ਥੋੜ੍ਹੇ ਜਿਹੇ ਪੈਸੇ, ਸਵਾ ਕੁ ਰਪਿਆ ਬਚ ਗਿਆ। ਮੈਂ ਕਿਹਾ ਬਾਣੀ ਤਾਂ ਰੋਜ਼ ਪੜ੍ਹਦੇ ਹਾਂ।

***ਕਾਹੇ ਰੇ ਮਨ ਚਿਤਵਹਿ ਉਦਮੁ.........॥***

***ਅੰਗ - 10***

ਮੈਂ ਜਾਂਦਾ ਹਾਂ ਹੋਟਲ ਵਿਚ ਖਾਣ, ਨੌਕਰੀ ਕਰਨ ਆਇਆ ਹਾਂ। ਮੈਂ ਕਿਹਾ ਨਾ ਨੌਕਰੀ ਕਰੀਏ ਨਾ ਹੋਟਲ ਵਿਚ ਜਾਈਏ, ਭਜਨ ਕਰਦੇ ਹਾਂ। ਭਜਨ 'ਚ ਬਿਰਤੀ ਬਹੁਤ ਲਗਦੀ ਸੀ, ਦਿਨ ਰਾਤ ਕਰੀ ਜਾਓ। ਉਸ ਤੋਂ ਬਾਅਦ ਦਰਵਾਜੇ ਬੰਦ ਕਰ ਲਏ। ਇਕ ਮੰਗਤਾ ਜਿਹਾ ਆ ਗਿਆ। ਮੈਂ ਕਿਹਾ ਆਹ! ਜਿਹੜਾ ਸਵਾ ਰੁਪਈਆ ਮੇਰੇ ਕੋਲ ਬਚਦਾ ਹੈ। ਸਵਾ ਰੁਪਈਆ ਸਵਾ ਸੌ ਰੁਪਈਆ ਹੈ ਅੱਜ ਦਾ, ਡੇਢ ਸੌ। ਮੈਂ ਕਿਹਾ ਇਸ ਦਾ ਫਾਹਾ ਵੱਢਾ ਪਹਿਲਾਂ। ਇਸ ਨੇ ਫੁਰਨਾ ਮੈਨੂੰ ਕਰੀ ਜਾਣਾ ਕਿ ਜਾਹ ਰੋਟੀ ਖਾ, ਰੋਟੀ ਖਾ। ਉਹ ਮੈਂ ਉਸ ਨੂੰ ਦੇ ਦਿੱਤਾ। ਉਸ ਤੋਂ ਦਿਨ ਲੰਘ ਗਿਆ। ਦੂਜਾ ਦਿਨ ਆ ਗਿਆ ਤਾਂ ਥੋੜ੍ਹਾ ਜਿਹਾ ਆਟਾ ਪਿਆ ਸੀ ਮੇਰੇ ਮਨ 'ਚ ਆਇਆ ਕਿ ਪਕਾ ਕੇ ਖਾ ਲਵਾਂ ਕਿਉਂ ਭੁੱਖ ਬਹੁਤ ਔਖੀ ਹੈ ਸਹਿਣੀ। ਏਨੇ ਕੋਈ ਆ ਗਿਆ। ਮੈਂ ਪੀਪੇ 'ਚੋਂ ਪਾ ਦਿੱਤਾ, ਮੈਂ ਕਿਹਾ ਚੱਲ! ਹੁਣ ਠੀਕ ਹੈ। ਮੇਰਾ ਨਿਸ਼ਚਾ ਕੀ ਸੀ? ਜਿਸ ਕੋਠੇ ਵਿਚ ਮੈਂ ਰਹਿੰਦਾ ਸੀ ਉਥੇ ਛੱਤ ਵਿਚ ਮੋਘਾ ਸੀ ਜਿਸ ਦੇ ਵਿਚ ਸਰੀਏ ਨਹੀਂ ਸੀ ਖੁੱਲ੍ਹਾ ਹੀ ਸੀ। ਮੈਂ ਕਿਹਾ ਲੈ ਇਥੋਂ ਦੀ ਆ ਜਾਇਆ ਕਰੇਗਾ, ਇਥੋਂ ਖਾ ਕੇ ਮੁੜ ਜਾਇਆ ਕਰੇਗਾ। ਪੱਕਾ ਨਿਸ਼ਚਾ ਸੀ ਆਏਂ ਕੱਚਾ ਨਹੀਂ ਸੀ। ਤੀਜੇ ਦਿਨ ਮੇਰਾ ਦਰਵਾਜਾ ਖੜਕਿਆ ਕਿ ਛੇਤੀ ਖੋਲ੍ਹ। ਮੈਂ ਜਾ ਕੇ ਖੋਲ੍ਹਿਆ ਤਾਂ ਇਕ ਬੀਬੀ ਬਾਜਰੇ ਦੀ ਰੋਟੀ ਤੇ ਸਾਗ ਪਾਇਆ ਹੋਇਆ ਪਲੇਟ ਦੇ ਵਿਚ ਮੈਨੂੰ ਫੜਾ ਗਈ ਤੇ ਨੱਠ ਗਈ। ਉਹ ਭਾਂਡੇ ਲੈਣ ਆਈ।

ਕਹਿੰਦੀ, "ਵਰਿਆਮ ਸਿੰਘ! ਮੈਂ ਰੋਟੀ ਲਾਹੁੰਦੀ ਸੀ, ਮੈਨੂੰ ਖਬਰ ਨਹੀਂ ਕੀ ਹੋ ਗਿਆ। ਮੇਰੇ ਕੱਪੜੇ ਖਿੱਚ ਖਿੱਚ ਕੋਈ ਕਹੇ ਜਾ ਕੇ ਦੇ ਕੇ ਆ, ਜਾ ਕੇ ਦੇ ਕੇ ਆਹ। ਮੈਂ ਤਾਂ ਨਠਿਆਈ ਸੀ, ਰੋਟੀ ਮੇਰੀ ਤਵੇ ਤੇ ਪਈ ਸੀ ਦੂਜੀ।"

ਮੈਂ ਕਿਹਾ ਵਾਹਿਗੁਰੂ ਜੀ ਹੋਰ ਤਰ੍ਹਾਂ ਕਰਨ ਲੱਗ ਗਏ। ਮੈਂ ਤਾਂ ਉਡੀਕਦਾ ਸੀ ਇਥੋਂ ਦੀ। ਤੀਜੇ ਦਿਨ ਵੀ ਆ ਗਿਆ, ਚੌਥੇ ਦਿਨ ਵੀ ਆ ਗਿਆ, ਪੰਜਵੇਂ ਦਿਨ ਉਹ ਬਦਲ ਕੇ ਆਈ ਗਏ। ਕੋਈ ਕੋਈ ਕਹਾਣੀ ਸੁਣਾਵੇ ਕੋਈ ਕੋਈ। ਇਕ ਬੀਬੀ ਕਹਿੰਦੀ, "ਠੇਕੇਦਾਰ ਨੇ ਕਿਹਾ ਹੈ ਕਿ ਜੇ ਤੂੰ ਰੋਟੀ ਨਾ ਲੈ ਕੇ ਗਈ, ਮੇਰੀ ਵੀ ਨਾ ਲਿਆਈਂ।"

ਉਸ ਤੋਂ ਬਾਅਦ ਸੱਤਵਾਂ ਦਿਨ ਆ ਗਿਆ। ਮੈਨੂੰ ਕਿਹਾ ਕਿ ਹੇ ਸੱਚੇ ਪਾਤਸ਼ਾਹ! ਮੈਂ ਹੁਣ ਨਹੀਂ ਖਾਣੀ। ਮੈਨੂੰ ਨਹੀਂ ਇਹ ਇੰਤਜਾਮ ਤੇਰਾ ਪਸੰਦ ਹੈ ਕਿ ਕਦੇ ਕੋਈ ਲਿਆਉਂਦਾ ਹੈ, ਕਦੇ ਕੋਈ। ਉਸ ਦਿਨ ਪਰਸ਼ਾਦਾ ਨਾ ਆਇਆ ਇਕ ਬੀਬੀ ਆ ਗਈ। ਉਨ੍ਹਾਂ ਦਿਨਾਂ ਵਿਚ ਉਨ੍ਹਾਂ ਕੋਲ ਕਾਰ ਸੀ 1935–36 ਵਿਚ 36–37 ਦੀ ਗੱਲ ਹੈ, ਜਦ ਫੋਰਡ ਕਾਰਾਂ ਹੁੰਦੀਆਂ ਪੁਰਾਣੀਆਂ। ਸ਼ਹਿਰ ਵਿਚ ਸਭ ਤੋਂ ਅਮੀਰ ਸੀ ਉਹ ਉਥੇ ਦੀ 38 ਮੁਰੱਬੇ ਜਮੀਨ ਸੀ, 4 ਕੋਠੀਆਂ ਸੀ, ਇਕ ਬਜਾਰ, ਇਕ ਸਿਨੇਮਾ ਉਹ ਆ ਕੇ ਇਕੋ ਗੱਲ ਕਹੇ।

ਕਹਿੰਦੀ, "ਵਰਿਆਮ ਸਿੰਘ! ਤੇਰੇ ਨਾਲ ਇਕ ਗੱਲ ਕਰਨੀ ਹੈ। ਪਹਿਲਾਂ ਬਚਨ ਦੇਹ ਤੂੰ ਮੰਨ ਲਏਂਗਾ।"

ਮੈਂ ਕਿਹਾ, "ਆਏਂ ਤਾਂ ਕੋਈ ਵੀ ਨਹੀਂ ਬਚਨ ਦਿੰਦਾ। ਬਿਨਾ ਗੱਲ ਜਾਣੇ ਤੋਂ।"

ਉਹ ਬਾਰ ਬਾਰ ਕਹੀ ਗਈ। ਮੈਂ ਕਿਹਾ ਜੇ ਮੇਰੇ ਅਸੂਲ ਨਾਲ ਟਕਰਾਈ ਨਾਹ ਗੱਲ ਤਾਂ ਮੈਂ ਸੋਚਾਂਗਾ ਕਿ ਮੈਂ ਮੰਨ ਲਵਾਂ?

ਕਹਿੰਦੀ, "ਮੇਰੇ ਨਾਲ ਚੱਲ ਘਰ।"

ਕਾਰ ਵਿਚ ਬਹਿ ਗਏ। ਕੋਠੀ ਦਿਖਾਈ, ਬੜੀ ਵੱਡੀ ਕੋਠੀ ਕਿੰਨੇ ਹੀ ਏਕੜਾਂ ਦੀ, ਬਾਗ ਲੱਗੇ ਹੋਏ।

ਕਹਿੰਦੀ, "ਕਿਹੜਾ ਕਮਰਾ ਪਸੰਦ ਹੈ?" ਜਿਹੜਾ ਬਾਗ ਵੱਲ ਨੂੰ ਖੁੱਲ੍ਹਦਾ ਸੀ।

ਮੈਂ ਕਿਹਾ, "ਆਹ ਕਮਰਾ ਬੜਾ ਸੋਹਣਾ ਹੈ।" ਮੈਂ ਦੇਖਦਾ ਹੀ ਜਾਂਦਾ ਸੀ ਕਿ ਭਜਨ ਕਰਨ ਨੂੰ ਇਹ ਵਧੀਆ ਹੈ।

ਕਹਿੰਦੀ, "ਇਹ ਕਮਰਾ ਲੈ ਲੈ ਤੇ ਪਰਸ਼ਾਦਾ ਇਥੇ ਹੀ ਛਕਣਾ ਹੈ, ਤੂੰ ਕਿਤੇ ਨਹੀਂ ਛਕਣਾ।"

ਮੈਂ ਕਿਹਾ, "ਵਾਹ! ਮੈਨੂੰ ਫਸਾਉਣਾ ਹੈ ਤੁਸੀਂ ਇਥੇ?"

ਮੈਂ ਫੇਰ ਤੁਰ ਆਇਆ, ਤੁਰ ਆਇਆ ਤਾਂ ਮੇਰੇ ਮਗਰ ਹੀ 8–10 ਕੋਲੀਆਂ ਲਈਆਂ ਹੋਈਆਂ, ਥਾਲ ਲਿਆ ਹੋਇਆ, ਪਰਸ਼ਾਦਾ ਲਿਆ ਦਿੱਤਾ। ਮੈਂ ਇਕ ਪਰਸ਼ਾਦਾ ਛਕਦਾ ਸੀ ਇਕ ਪਰਸ਼ਾਦਾ ਛਕਿਆ ਇਕ ਸਬਜੀ ਚਮਚੇ ਦੋ ਪਾ ਲਏ, ਮੈਂ ਕਿਹਾ, "ਲੈ ਜਾਓ।"

ਕਹਿੰਦੀ, ਨਹੀਂ, ਮੈਂ ਤਾਂ ਰੋਜ਼ ਲਿਆਉਣਾ ਹੈ।"

ਮੈਂ ਕਿਹਾ, "ਬੀਬੀ! ਮੇਰੀ ਵੀ ਸ਼ਰਤ ਹੈ ਜੇ ਤੂੰ ਮੰਨੇ। ਪਹਿਲੀ ਇਹ ਹੈ ਕਿ ਇਕ ਤਾਂ ਮੇਰੀ ਖੁਰਾਕ ਦਾ ਜ਼ਿਕਰ ਨਾ ਕਿਸੇ ਨੂੰ ਕਰੀ ਕਿ ਇਕੋ ਹੀ ਰੋਟੀ ਖਾਂਦਾ ਹੈ ਅੱਠਾਂ ਪਹਿਰਾਂ ਵਿਚ, ਇਕ ਮੇਰੀ ਮਹਿਮਾ ਨਾ ਕਰੀਂ ਕਿ ਅੰਦਰ ਨਾਮ ਜਪਦਾ ਰਹਿੰਦਾ ਹੈ, ਮੈਨੂੰ ਇਥੇ ਕੋਈ ਨਹੀਂ ਜਾਣਦਾ, ਤੂੰ ਐਵੇਂ ਨਾ ਰੌਲਾ ਪਾ ਦੇਈਂ। ਦੂਜਾ ਇਹ ਹੈ ਕਿ ਕੋਈ ਹੋਰ ਮੈਂ ਗੱਲ ਨਹੀਂ ਕਰਨੀ ਸਿਵਾਏ ਪਰਮੇਸ਼ਰ ਤੋਂ। ਤੁਸੀਂ ਪਰਸ਼ਾਦਾ ਲਿਆਉਣਾ ਹੈ, ਮੈਂ ਛਕ ਲੈਣਾ ਹੈ ਤੁਸੀਂ ਮੇਰੇ ਨਾਲ ਕੋਈ ਗੱਲ ਨਹੀਂ ਕਰਨੀ। ਉਹ ਦੋ ਢਾਈ ਮਹੀਨੇ ਚੱਲੀ ਗਿਆ, ਦੋ ਢਾਈ ਮਹੀਨੇ ਬਾਅਦ ਉਸ ਨੇ ਦੱਸ ਦਿੱਤਾ। ਸਵੇਰੇ ਹੀ ਦਰਵਾਜੇ ਖੜਕਣੇ ਸ਼ੁਰੂ ਹੋ ਗਏ। ਕੋਈ ਕੁਝ ਕਹੇ ਕੋਈ ਕੁਝ ਕਹੇ, ਸ਼ਾਮ ਹੋ ਗਈ। ਮੈਂ ਕਿਹਾ ਲੈ ਭਾਈ ਇਸ ਨੇ ਤਾਂ ਪਾ ਦਿੱਤਾ ਰੌਲਾ, ਹੁਣ ਤਾਂ ਰਹਿਣਾ ਇਥੇ ਹੈ ਔਖਾ। ਮੈਂ ਅੰਮ੍ਰਿਤ ਵੇਲੇ ਇਸ਼ਨਾਨ ਕਰਿਆ। ਇਕ ਵਜਿਆ ਸੀ। ਰੇਲਵੇ ਸਟੇਸ਼ਨ ਤੇ ਚਲਿਆ ਗਿਆ ਉਥੇ ਇਕ ਮੈਨੂੰ ਬੰਦਾ ਮਿਲ ਗਿਆ।

ਕਹਿੰਦਾ, "ਤੂੰ ਕਿਧਰ ਨੂੰ ਜਾਂਦਾ ਹੈ?"

ਮੈਂ ਕਿਹਾ, "ਗੱਡੀ ਕਿਹੜੀ ਆ ਰਹੀ ਹੈ?"

ਕਹਿੰਦਾ, "ਇਧਰ interior ਅੰਦਰ ਵਲ ਨੂੰ ਜਾਣ ਵਾਲੀ ਆ ਰਹੀ ਹੈ ਪਿੰਡਾਂ ਵੱਲ ਨੂੰ ਲਾਟ ਖਾਣੇ ਵੱਲ ਨੂੰ।"

ਮੈਂ ਕਿਹਾ ਵਧੀਆ ਹੈ। ਮੈਂ ਉਸ ਦੇ ਵਿਚ ਚੜ੍ਹ ਗਿਆ ਤੇ ਜਦੋਂ ਦਿਨ ਚੜ੍ਹ ਗਿਆ ਤਾਂ ਉਥੇ ਟਿਕਟ ਕੰਡਕਟਰ ਆ ਗਿਆ 15 ਬੰਦਿਆਂ ਨੂੰ ਵਲ੍ਹੇਟੀ ਫਿਰੇ। ਉਹ ਮੇਰੇ ਵਾਲੇ ਡੱਬੇ ਵਿਚ ਹੀ ਚਾੜ੍ਹ ਦਿੱਤੇ।

ਕਹਿੰਦਾ, "ਹੁਣ ਤੁਹਾਨੂੰ 15-15 ਦਿਨ ਦੀ ਕੈਦ ਕਰਾਊਂ, ਟਿਕਟ ਤੋਂ ਬਿਨਾਂ ਸਫਰ ਕਰਦੇ ਹੋ।

ਮੈਂ ਕਿਹਾ, "ਸਚੇ ਪਾਤਸ਼ਾਹ! 15 ਦਿਨ ਦੀ ਰੋਟੀ ਦਾ ਬੰਦੋਬਸਤ ਤਾਂ ਤੂੰ ਇਕ ਦਮ ਹੀ ਕਰ ਦਿੱਤਾ।"

ਹੁਣ ਮੈਨੂੰ ਕੀ ਹੈ? ਵਾਧੂ ਮੈਂ ਭਜਨ ਹੀ ਕਰਨਾ ਸੀ ਉਥੇ ਬਿਠਾ ਦਿੰਦੇ ਚਾਹੇ, ਉਥੇ ਬਿਠਾ ਦਿੰਦੇ, ਚਾਹੇ ਬਾਹਰ ਬੈਠਾ ਰਹਿੰਦਾ। ਜਦੋਂ ਮੈਂ ਉਤਰਿਆ।

ਕਹਿੰਦਾ, "ਤੁਸੀਂ ਕਿਥੇ ਜਾਣਾ ਹੈ?"

ਮੈਂ ਕਿਹਾ, "ਕਿਤੇ ਵੀ ਨਹੀਂ।"

ਕਹਿੰਦਾ, "ਕਿਉਂ?"

ਮੈਂ ਕਿਹਾ, "ਜਿਹੜਾ ਸਟੇਸ਼ਨ ਆ ਗਿਆ ਇਥੇ ਉਤਰ ਜਾਣਾ ਹੈ।"

ਜਦੋਂ ਉਤਰਿਆ ਤਾਂ ਬਾਬੂ ਕੋਲ ਚਲਿਆ ਗਿਆ ਜਿਹੜਾ ਟਿਕਟ ਲੈਂਦਾ ਸੀ। ਕੋਈ ਗੱਲ ਕਰੀਂ, ਉਸ ਨੇ ਮੇਰੇ ਤੋਂ ਪੁਛਿਆ ਹੀ ਨਾ। ਮੈਂ ਬਾਹਰ ਖੜ੍ਹ ਗਿਆ।

ਕਹਿੰਦਾ, "ਜੀ! ਜਾਇਓ ਨਾ ਮੈਨੂੰ ਮਿਲੇ ਬਿਨਾ।" ਸਿੰਧੀ ਬਾਬੂ ਸੀ। ਜਿਸ ਵਕਤ ਸਭ ਕੰਮ ਕਰ ਹਟਿਆ।

ਮੈਂ ਕਿਹਾ, "ਦੱਸੋ ਹੁਣ ਮੈਂ ਜਾ ਰਿਹਾ ਹਾਂ।"

ਕਹਿੰਦਾ, "ਮੇਰੇ ਨਾਲ ਘਰ ਚਲੋ ਮੈਂ ਪਰਸ਼ਾਦਾ ਛਕਾਉਣਾ ਹੈ ਤੁਹਾਨੂੰ।"

ਮੈਂ ਕਿਹਾ, "ਲੈ ਸੱਚੇ ਪਾਤਸ਼ਾਹ ਨੇ ਬੰਦੋਬਸਤ ਹੋਰ ਤਰ੍ਹਾਂ ਕਰ ਦਿੱਤਾ। ਉਥੇ ਗਿਆ ਪਰਸ਼ਾਦਾ ਛਕਾਇਆ, ਬਾਣੀ ਪੜ੍ਹੀ ਅਰਥ ਵਗੈਰਾ ਸੁਣਦਾ ਰਿਹਾ ਮੈਨੂੰ ਆਦਤ ਸੀ ਗੱਲਾਂ ਕਰਨ ਦੀ ਰੱਬ ਦੀਆਂ। ਉਹ ਬੜਾ ਪ੍ਰਭਾਵਿਤ ਹੋਇਆ।

ਕਹਿੰਦਾ, "ਤੁਸੀਂ ਇਥੇ ਹੀ ਰਹੋ ਮੇਰੇ ਕੋਲ।"

ਮੈਂ ਕਿਹਾ, "ਇਥੇ ਤਾਂ ਨਹੀਂ।" ਮੈਂ ਤੜਕੇ ਹੀ ਤੁਰ ਗਿਆ। ਮੈਂ ਕਿਹਾ ਇਥੇ ਵੀ ਬੰਝਨ ਪੈ ਜਾਏਗਾ। ਉਥੋਂ ਤੁਰ ਕੇ 4-5 ਮੀਲ ਤੇ ਚਲਿਆ ਗਿਆ, 5 ਮੀਲ। ਉਥੇ ਲਾਹੌਰ ਦੇ ਪੰਜਾਬੀ ਕਰਾਹ ਕਰਦੇ ਸੀ, ਉਥੇ ਮੈਨੂੰ ਜਗ੍ਹਾ ਲੱਗੀ ਬਹੁਤ ਵਧੀਆ, ਪਾਣੀ ਸੀ ਆਲੇ ਦੁਆਲੇ, ਬੂਟੇ ਖੜ੍ਹੇ ਉਥੇ ਮੈਂ ਬੈਠ ਗਿਆ ਸਵੇਰ ਦਾ ਗਿਆ ਹੋਇਆ। ਪਰਸ਼ਾਦਾ ਆ ਗਿਆ ਹੁਣ। ਉਹ ਮੁੰਡਾ ਕਹਿਣ ਲੱਗਿਆ, "ਬਾਪੂ ਜੀ! ਇਕ ਮੁੰਡਾ ਬੈਠਾ ਹੈ ਉਥੇ।" ਦਾੜ੍ਹੀ ਅਜੇ ਆਈ ਨਹੀਂ ਸੀ ਮੇਰੇ। ਕਹਿੰਦਾ, "ਇਕ ਦੋ ਵਾਰੀ ਮੈਂ ਪਾਣੀ ਲੈਣ ਗਿਆ, ਉਵੇਂ ਹੀ ਬੈਠਾ ਹੈ ਨਾ ਹੱਥ ਹਿਲਾਉਂਦਾ ਹੈ ਨਾ ਪੈਰ, ਪਤਾ ਨਹੀਂ ਉਹ ਕੀ ਕਰਦਾ ਹੈ।"

ਉਹ ਕਹਿੰਦਾ, "ਜਾਹ! ਉਸ ਨੂੰ ਲੈ ਕੇ ਆ ਪਰਸ਼ਾਦਾ ਛਕਾਈਏ।"

ਉਹ ਆ ਗਿਆ, ਕਹਿੰਦਾ, "ਭਾਉ ਜੀ! ਭਾਉ ਜੀ!! ਬਾਪੂ ਬਲਾਉਂਦਾ ਹੈ।"

ਮੈਂ ਕਿਹਾ, "ਕਿਉਂ?"

ਕਹਿੰਦਾ, "ਪਰਸ਼ਾਦਾ ਛਕਣਾ ਹੈ।"

ਮੈਂ ਕਿਹਾ, "ਮੈਂ ਤਾਂ ਨਹੀਂ ਖਾਣਾ ਇਸ ਤਰ੍ਹਾਂ।" ਮੈਂ ਚਲਿਆ ਗਿਆ।

ਕਹਿੰਦਾ, "ਲੈ ਭਾਈ ਨਿਕਿਆ।"

ਲੜਕੀ ਨੂੰ ਕਹਿੰਦਾ, "ਕਿੰਨੇ ਬੰਦਿਆ ਦਾ ਪਰਸ਼ਾਦਾ ਲਿਆਈ ਹੈ।"

ਕਹਿੰਦੀ, "ਤਿੰਨ ਦਾ ਲਿਆਈ ਹਾਂ। ਦੋ ਤੁਸੀਂ ਹੋ ਇਕ

ਬੀਬੀ ਨੇ ਵਾਧੂ ਬੰਨ੍ਹ ਦਿੱਤਾ।"

ਮੈਂ ਕਿਹਾ, "ਭਾਈ! ਆਏਂ ਤਾਂ ਨਹੀਂ ਮੈਂ ਛਕਣਾ।"

ਕਹਿੰਦੇ, "ਹੋਰ ਕਿਵੇਂ ਛਕੇਗਾ।"

ਮੈਂ ਕਿਹਾ, "ਮੈਥੋਂ ਇਕ ਘੰਟਾ ਕੰਮ ਕਰਾ ਲਓ, ਕਰਾਹ ਕਰਨ ਮੈਂ ਜਾਵਾਂਗਾ।"

ਰੌਲਾ ਪੈ ਗਿਆ ਸਾਡਾ। ਉਹ ਕਹਿੰਦਾ ਜੇ ਤੂੰ ਨਹੀਂ ਛਕਣਾ ਤਾਂ ਅਸੀਂ ਵੀ ਨਹੀਂ ਛਕਦੇ।

ਕਹਿੰਦਾ, "ਲੈ ਭਾਈ! ਉਠ ਕਰਾਹ ਜੋੜ। ਜਦੋਂ ਕਰਾਹ ਜੋੜਿਆ ਤਾਂ ਮੈਂ ਇਕ ਕੰਨਾ ਫੜ ਲਿਆ। ਜਦੋਂ ਇਕ ਗੇੜਾ ਦੇ ਆਇਆ, ਉਸ ਨੇ ਕਿਹਾ ਕਿ ਹੈ ਤਾਂ ਕਾਰੀਗਰ ਕਰਾਹ ਕਰਨ ਵਾਲਾ ਵਧੀਆ ਪਰ ਉਹ ਕਹਿੰਦਾ ਨਹੀਂ ਨਹੀਂ ਨਹੀਂ। ਬਸ ਰੋਟੀ ਜੋਗਾ ਹੋ ਗਿਆ। ਮੈਂ ਫੇਰ ਬਹਿ ਗਿਆ, ਉਹ ਵੀ ਬਹਿ ਗਏ।

ਮੈਂ ਕਿਹਾ, "ਬਾਪੂ ਜੀ! ਇਕ ਗੱਲ ਕਰੋ ਜਾਂ ਤਾਂ ਮੈਥੋਂ ਕੰਮ ਕਰਾਈ ਜਾਓ ਮੈਂ ਖਾਣੀ ਹੈ ਅੱਠਾਂ ਪਹਿਰਾਂ ਬਾਅਦ ਇਕ ਰੋਟੀ। ਮੈਂ ਕੰਮ ਕਰ ਦਿਆਂ ਕਰਾਂਗਾ ਇਕ ਘੰਟਾ ਤੁਹਾਡਾ ਤੇ ਜਾਂ ਮੈਥੋਂ ਭਲਾ ਕਰਾ ਲਓ।"

ਉਹ ਕਹਿੰਦਾ, "ਆਹ ਗੱਲ ਵਧੀਆ ਭਲੇ ਵਾਲੀ। ਨਾਲ ਦੀ ਨਾਲ ਕਹਿੰਦਾ, ਦੇਖ ਮੈਂ ਸ਼ਰਾਬ ਨਹੀਂ ਛੱਡਣੀ ਜੇ ਤੂੰ ਸ਼ਰਾਬ ਕਹੀ। ਮੇਰੀ ਮਾਂ ਨੇ ਗੁੜ੍ਹਤੀ ਦਿੱਤੀ ਸੀ ਜੰਮਦੇ ਨੂੰ ਕਿ ਤੂੰ ਸ਼ਰਾਬ ਪੀਆ ਕਰ।"

ਮੈਂ ਕਿਹਾ, "ਕੋਈ ਨਾ।"

ਕਹਿੰਦੇ, "ਜੇ ਛੁਡਾ ਦਏਂਗਾ ਤਾਂ ਮੈਂ ਛੱਡ ਦਿਆਂਗਾ।" ਤਾਬਾ ਸਿੰਘ ਸੀ ਉਸ ਦਾ ਨਾਉਂ, ਮੁੰਡੇ ਦਾ ਨਾਉਂ ਗੁਰਪਾਲ ਸਿੰਘ ਸੀ। ਉਹ ਘਰ ਚਲੇ ਗਏ ਜਦੋਂ ਮੈਂ ਉਥੇ ਗਿਆ ਤਾਂ ਮੈਂ ਦੇਖਿਆ ਬੀਬੀਆਂ ਦੇ ਨੱਕ ਲਾਲ ਹੋਏ ਪਏ। ਮੈਂ ਕਿਹਾ ਇਹ ਤਾਂ ਨਸਵਾਰ ਲੈਂਦੀਆਂ ਹਨ। ਮੈਂ ਕਿਹਾ ਮੈਂ ਤਾਂ ਬੜਾ ਮਾੜਾ ਕੰਮ ਕਰਿਆ –

***ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀ ਰੀਤ***
***ਤਿਸਦੈ ਹਥਹੁ ਖਾਧੀਐ ਵਿਸਰੈ ਹਰਿ ਕੀ ਪ੍ਰੀਤ॥***

ਮੈਨੂੰ ਕਹਿੰਦੀ, ਭਾਊ ਜੀ! ਕੀ ਕਰਨਾ ਹੈ?"

ਮੈਂ ਕਿਹਾ, "ਡੱਬੀਆਂ ਲਿਆਓ ਸਾਰੀਆਂ।" ਸਾਰੀਆਂ ਲੈ ਆਂਦੀਆਂ। ਉਥੇ ਖਾਲਾ ਚਲਦਾ ਸੀ। ਮੈਂ ਕਿਹਾ, "ਇਸ ਦੇ ਵਿਚ ਸੁੱਟੋ।" ਮੈਂ ਕਿਹਾ ਮੈਂ ਇਸ ਦੀ ਸ਼ਰਾਬ ਛੁਡਾਏ ਤੇ ਜਾਣਾ ਹੈ ਚਾਹੇ ਮਹੀਨਾ ਲੱਗ ਜਾਏ ਮੈਨੂੰ, ਚਾਹੇ ਦੋ ਮਹੀਨੇ ਲੱਗ ਜਾਣ। ਮੈਂ ਰੋਜ ਥੋੜ੍ਹੀ ਥੋੜ੍ਹੀ ਘਟਾਉਂਦਾ ਗਿਆ, ਬਾਣੀ ਤੇ ਲਾ ਲਏ। ਬਾਣੀ ਯਾਦ ਕਰਾਉਣੀ ਸ਼ੁਰੂ ਕਰ ਦਿੱਤੀ। ਅੰਮ੍ਰਿਤ ਵੇਲੇ ਉਨ੍ਹਾਂ ਨੂੰ ਦੱਸ ਦਿੱਤਾ ਕਿ ਦੁੱਧ ਰਿੜਕਣਾ ਹੈ, ਇਸ ਹੱਥ ਨਾਲ ਵਾਹਿਗੁਰੂ ਕਹਿਣਾ ਹੈ, ਇਸ ਨਾਲ ਸਤਿਨਾਮ ਕਹਿਣਾ ਹੈ। ਸਾਰੀਆਂ ਲੱਗ ਗਈਆਂ। ਘਰ ਦੇ ਵਿਚ ਬਦਲੀ ਹੀ ਆ ਗਈ। ਉਹ ਬਜੁਰਗ ਨਾ ਹਟੇ, ਜੁਆਨ ਸੀ ਬਜੁਰਗ ਤਾਂ ਮੈਂ ਕਹਿੰਦਾ ਹਾਂ। ਮੈਂ ਥੋੜ੍ਹੀ ਜਿਹੀ ਉਸ ਨੂੰ ਕਿਹਾ 'ਡੋਲ੍ਹ ਦੇ' ਡੋਲ੍ਹ ਦਿਆ ਕਰੇ ਫੇਰ ਪੀ ਲਿਆ ਕਰੇ। ਅਖੀਰ ਇਕ ਉਂਗਲ ਰਹਿ ਗਈ। ਉਸ ਦਿਨ ਫੇਰ ਰੋਣ ਲੱਗ ਗਿਆ ਉੱਚੀ ਉੱਚੀ ਜਿਵੇਂ ਬੱਚੇ ਰੋਂਦੇ ਨੇ।

ਕਹਿੰਦੇ, "ਲੈ ਕਰਮਾ ਵਾਲੀਏ ਤੇਰਾ ਤੇ ਮੇਰਾ ਜ਼ਿੰਦਗੀ ਦਾ ਸਾਥ ਸੀ। ਇਸ ਨੇ ਤੈਨੂੰ ਮੇਰੇ ਨਾਲੋ ਵਿਛੋੜ ਦਿੱਤਾ ਤੇ ਹੁਣ ਮੇਰਾ ਤੇ ਤੇਰਾ ਅੱਜ ਦਾ ਆਖਰੀ ਸਾਥ ਹੈ ਤੇ ਆਹ ਬੋਤਲ ਮੈਂ ਵਗਾਹ ਕੇ ਮਾਰਦਾ ਹਾਂ।"

ਬੋਤਲ ਵਗਾਹ ਕੇ ਮਾਰੀ। ਗੁਰਸਿਖੀ ਵਿਚ ਆ ਗਿਆ, ਨਾਮ ਦਾ ਪਤਾ ਲੱਗ ਗਿਆ, ਬਾਣੀ ਯਾਦ ਕਰਾ ਦਿੱਤੀ।

ਕਹਿੰਦਾ, "ਹੁਣ?"

ਮੈਂ ਕਿਹਾ, "ਮੇਰੀ ਸ਼ਰਤ ਹੋ ਗਈ ਪੂਰੀ।" ਉਥੋਂ ਮੈਂ 4-5 ਕੋਹ ਅੱਗੇ ਤੁਰ ਗਿਆ। ਉਥੇ ਇਕ ਮਾਈ ਖੜ੍ਹੀ।

ਕਹਿੰਦੀ, "ਵੇ ਪੁੱਤ! ਤੂੰ ਕਿਧਰ ਨੂੰ ਜਾਂਦਾ ਹੈ?"

ਮੈਂ ਕਿਹਾ, "ਕਿਤੇ ਵੀ ਨਹੀਂ, ਬੇਬੇ! ਮੈਂ ਕਿਥੇ ਜਾਣਾ ਸੀ?"

ਕਹਿੰਦੀ, "ਤੇਰੇ ਬਾਪੂ ਨੇ 8 ਮੁਰੱਬੇ ਲਏ ਨੇ, ਪੁੱਤ ਮੇਰੇ 7 ਨੇ। ਤੂੰ ਮੇਰਾ ਪੁੱਤ ਹੈ ਮੈਨੂੰ ਇਉਂ ਲਗਦਾ ਹੈ।"

ਮੈਂ ਕਿਹਾ, "ਮੈਨੂੰ ਵੀ ਇਉਂ ਹੀ ਲਗਦਾ ਹੈ ਕਿ ਕੋਈ ਮੇਰੇ ਪਿਛਲੇ ਜਨਮ ਦੀ ਮਾਂ ਹੀ ਹੈ ਤੂੰ।"

ਕਹਿੰਦੀ, "ਫੇਰ ਨਾ ਜਾਹ।"

ਸੋ ਮੈਂ ਐਨੀ ਬੇਨਤੀ ਕਰਦਾ ਸੀ ਕਿ ਰਿਜ਼ਕ ਹੈ ਨਾਹ ਜਿਹੜਾ ਜੇ ਤੁਹਾਡਾ ਪੂਰਾ ਨਿਸ਼ਚਾ ਹੈ ਡੋਲੋ ਨਾ ਕਦੇ ਵੀ। ਕਦੇ ਨਹੀਂ ਹੋ ਸਕਦਾ ਮਹਾਰਾਜ ਦਾ ਜੋ ਬਚਨ ਹੈ ਕਿ –

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜਿਉ ਪਰਿਆ॥ਅੰਗ - 10***

ਸੁਆਮੀ ਜੀ ਕੋਲ ਉਹ ਕਟੋਰਾ ਦੋ ਸਾਲ ਰਿਹਾ। ਗੁਰੂ ਆ ਗਿਆ ਕਹਿੰਦਾ, "ਆਹ ਕੀ ਤੂੰ ਕਰਨ ਲਗਿਆ, ਸੁੱਟ ਪਿਆਲਾ।" ਕਹਿੰਦਾ ਮੈਥੋਂ ਗੰਗਾ ਵਿਚ ਸੁਟਾ ਦਿੱਤਾ।

ਸੋ ਭਾਈ ਮੰਝ ਦਾ ਓਧਰ ਪੂਰੇ ਗੁਰੂ ਨਾਲ ਸੰਬੰਧ ਸੀ। ਉਹ ਕੋਈ ਕੱਚਾ ਪਿੱਲਾ ਸਾਡੇ ਵਰਗਾ ਤਾਂ ਸੀ ਨਹੀਂ। ਕਹਿੰਦਾ ਤੁਸੀਂ ਡੋਲੋਂ ਨਾ ਜਿਹੜਾ ਮਾਲਕ ਹੈ ਉਸ ਨੇ ਰੱਖਣਾ ਹੈ ਆਪੇ ਹੀ। ਫਿਕਰ ਨਾ ਕਰੋ। ਮੈਂ ਮਜਬੂਤ ਹਾਂ, ਕੰਮ ਕਰ

ਸਕਦਾ ਹਾਂ। ਉਥੇ ਗਏ ਜਾ ਕੇ ਝੌਂਪੜੀ ਪਾ ਲਈ ਪੁਛ ਕੇ। ਇਕ ਖੁਰਪਾ ਲੈ ਲਿਆ, ਇਕ ਤੰਗਲ ਲੈ ਲਿਆ। ਸਵੇਰੇ ਹੀ ਘਾਹ ਖੋਤ ਲਿਆਇਆ ਕਰੇ, ਲਿਆ ਕੇ ਵੇਚ ਦਿਆ ਕਰੇ। ਉਸ ਦਾ 4 ਪੈਸੇ ਦਾ ਵਿਕਿਆ ਕਰਦਾ ਸੀ ਉਨ੍ਹਾਂ ਦਿਨਾਂ ਵਿਚ। ਦੋ ਛਕ ਲੈਣੇ, ਦੋ ਗੁਰੂ ਦੇ ਨਮਿਤ ਰੱਖ ਲੈਣੇ ਕਿ ਮਹਾਰਾਜ ਦੇ ਜਦੋਂ ਦਰਸ਼ਨ ਕਰਾਂਗੇ, ਉਸ ਵੇਲੇ ਭੇਟਾ ਕਰਾਂਗੇ, ਖਾਲੀ ਹੱਥ ਨਹੀਂ ਜਾਵਾਂਗੇ ਤੇ ਉਸ ਵੇਲੇ ਮਹਾਰਾਜ ਦਾ ਹੁਕਮ ਸੀ ਕਿ ਭਾਈ ਮੰਝ ਜਦੋਂ ਤੱਕ ਅਸੀਂ ਬੁਲਾਈਏ ਨਾ, ਤੂੰ ਆਉਣਾ ਨਹੀਂ ਹੈ। ਬੰਦਗੀ ਕਰਦਾ ਹੈ ਦਿਨ ਰਾਤ ਨਾਮ ਜਪਦਾ ਹੈ। ਇਕ ਦਿਨ ਘਰ ਵਾਲੀ ਕਹਿਣ ਲੱਗੀ। ਕਹਿੰਦੀ, "ਦੇਖੋ! ਆਪਣੇ ਨਾਲ ਕਿਹੋ ਜਿਹਾ ਭਾਣਾ ਵਰਤਿਆ? ਮੈਨੂੰ ਤਾਂ ਹੈਰਾਨੀ ਆਉਂਦੀ ਹੈ ਕਿ ਜਿਨ੍ਹਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਕੀਤੀਆਂ, ਜਿਨ੍ਹਾਂ ਦੇ ਮਾਮਲੇ ਆਪਣੇ ਕੋਲੋਂ ਭਰੇ ਜ਼ਮੀਨ ਦੇ ਜਿਨ੍ਹਾਂ ਦੇ ਭਲੇ ਕੀਤੇ, ਫੈਸਲੇ ਕੀਤੇ, ਮੈਂ ਤਾਂ ਹੈਰਾਨ ਰਹਿ ਗਈ ਕਿ ਕਿੰਨੇ ਬੁਰੇ ਨਿਕਲੇ ਸਾਡੇ ਵੱਲ ਝਾਕੇ ਵੀ ਨਹੀਂ, ਗੱਲ ਵੀ ਨਹੀਂ ਕਰੀ, ਪਿੱਠ ਕਰ ਲਈ। ਉਸ ਵੇਲੇ ਕਹਿਣ ਲੱਗੇ, "ਨਾਂਹ! ਇਹ ਗੱਲ ਨਹੀਂ ਆਪਾਂ ਕਹਿਣੀ, ਇਹ ਮੇਰੇ ਸਤਿਗੁਰੂ ਨੂੰ ਨਹੀਂ ਭਾਉਂਦੀ, ਆਹ ਗੱਲ ਕਹੀ ਹੋਈ। ਮੇਰੇ ਸਤਿਗੁਰੂ ਦਾ ਜੋ ਹੁਕਮ ਹੈ ਉਹ ਤਾਂ ਇਸ ਤਰ੍ਹਾਂ ਦਾ ਹੈ।"

*ਧਾਰਨਾ - ਇਥੇ ਬੁਰਾ ਨਾ ਜਗਤ ਉਤੇ ਕੋਈ,*
*ਸਭਨੀ ਘਟੀ ਰਾਮ ਵਸਦੈ -2, 2.*
*ਪਿਆਰਿਓ, ਸਭਨੀ ਘਟੀਂ ਰਾਮ ਵਸਦੈ -2, 2.*
*ਇਥੇ ਬੁਰਾ ਨਾ ਜਗਤ ਉਤੇ ਕੋਈ,..... -2.*

ਆਪਾਂ ਨਹੀਂ ਕਿਸੇ ਨੂੰ ਬੁਰਾ ਕਹਿਣਾ। ਮੇਰੇ ਗੁਰੂ ਦਾ ਤਾਂ ਹੁਕਮ ਹੈ ਜੇ ਤੂੰ ਬੁਰਾ ਕਹੇ ਤੋਂ ਬਗੈਰ ਰਹਿ ਨਹੀਂ ਸਕਦਾ ਤਾਂ ਸੁਣ –

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਅੰਗ - 1364*

ਤਾਂ ਆਪਣੇ ਆਪ ਨੂੰ ਹੀ ਬੁਰਾ ਕਹੋ, ਦੂਜਾ ਨਹੀਂ –

*ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥*
*ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥*
*ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ॥*
*ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ॥*
*ਅੰਗ - 1302*

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ॥ ਅੰਗ - 610*

ਗੁਰੂ ਦਸਮੇਸ਼ ਪਿਤਾ ਪਾਸ ਸੰਗਤਾਂ ਆਉਂਦੀਆਂ ਹਨ। ਅਨੰਦਪੁਰ ਸਾਹਿਬ ਦੇ ਅੰਦਰ ਬਹੁਤ ਅਨੰਦ ਲੱਗੇ ਹੋਏ ਨੇ ਲੇਕਿਨ ਹਾਲਾਤ ਸਮੇਂ ਦੀ ਹਕੂਮਤ ਨੂੰ ਭਾਏ ਨਾ। ਉਸ ਵੇਲੇ ਉਨ੍ਹਾਂ ਨੇ ਪਹਿਲਾਂ ਪਹਾੜੀਆਂ ਨੂੰ ਚੁਕਿਆ, ਫੇਰ ਆਪ ਆ ਗਏ। ਇਕ ਬੜਾ ਭਾਰਾ ਯੁੱਧ ਕਰਕੇ ਅਨੰਦਪੁਰ ਸਾਹਿਬ ਘੇਰ ਲਿਆ। ਬਹੁਤ ਭਿਆਨਕ ਯੁੱਧ ਹੋ ਰਿਹਾ ਹੈ, ਲੰਮਾ ਹੋ ਗਿਆ ਬਹੁਤ। ਫੈਸਲਾ ਨਹੀਂ ਹੋ ਰਿਹਾ ਕਿਸੇ ਪਾਸਿਓ। ਰੋਪੜ ਦੇ ਰਹਿਣ ਵਾਲਾ ਇਕ ਮੁਗਲਖਾਨ ਨਾਮ ਦਾ ਜਰਨੈਲ ਸੀ। ਉਸ ਨੇ ਮੀਟਿੰਗ ਕੀਤੀ ਵੱਡਾ ਜਰਨੈਲ ਸੀ।

ਕਹਿਣ ਲੱਗਿਆ, ਦੇਖੋ! ਕਿੰਨਾ ਚਿਰ ਹੋ ਗਿਆ। ਆਪਣੀ ਫੌਜ ਕਿੰਨੀ ਜਿਆਦਾ ਹੈ ਤੇ ਉਥੇ ਤਾਂ ਛੋਟਾ ਜਿਹਾ ਕਿਲ੍ਹਾ ਹੈ, ਕਿੰਨੇ ਕੁ ਹੋ ਸਕਦੇ ਨੇ ਉਥੇ। ਬੜੇ ਸ਼ਰਮ ਦੀ ਗੱਲ ਹੈ ਕਿ ਅਸੀਂ ਅਜੇ ਤੱਕ ਗੁਰੂ ਗੋਬਿੰਦ ਸਿੰਘ ਨੂੰ ਨਾ ਫੜ ਸਕੇ ਹਾਂ ਤੇ ਨਾ ਸ਼ਹੀਦ ਕਰ ਸਕੇ ਹਾਂ ਤੇ ਅੱਜ ਮੈਂ ਬੀੜਾ ਚੁਕਣਾ ਹੈ ਅੱਜ ਜਾਂ ਮੈਂ ਚੜ੍ਹਾਈ ਕਰ ਜਾਵਾਂਗਾ ਜਾ ਉਹ ਕਰ ਜਾਣਗੇ। ਹਾਰ ਕੇ ਨਹੀਂ ਆਵਾਂਗਾ, ਜਿੱਤ ਕੇ ਆਵਾਂਗਾ।"

ਬਹੁਤ ਪ੍ਰਬੰਧ ਕਰਕੇ, ਬੜੀ ਵਿਉਂਤ ਦੇ ਨਾਲ ਫੌਜ ਚੜ੍ਹੀ, ਹੱਲਾ ਸ਼ੇਰੀ ਦਿੱਤੀ ਸਾਰਿਆਂ ਨੂੰ ਤੇ ਇਹੋ ਜਿਹਾ ਤੁੰਦ ਹਮਲਾ ਕੀਤਾ ਕਿ ਸ਼ਹਿਰ ਵਿਚ ਜਾ ਵੜੇ ਉਹ। ਉਧਰੋਂ ਸਾਹਿਬਜਾਤਾ ਅਜੀਤ ਸਿੰਘ ਜੀ ਨੇ ਪਰਤਵਾਂ ਕੀਤਾ ਸ਼ਹਿਰ ਤੋਂ ਕੱਢ ਕੇ ਬਾਹਰ ਕਰ ਦਿੱਤਾ। ਅਖੀਰ ਯੁੱਧ ਹੁੰਦਾ ਰਿਹਾ ਬਾਹਰ, ਸ਼ਾਮ ਪੈ ਗਈ। ਸ਼ਾਮ ਜਦੋਂ ਪੈ ਗਈ ਤਾਂ ਗੁਰੂ ਮਹਾਰਾਜ ਜੀ ਨੇ ਸਾਰੇ ਜਥੇਦਾਰਾਂ ਨੂੰ, ਕਿਉਂਕਿ ਹਨ੍ਹੇਰਾ ਹੋਣ ਤੋਂ ਬਾਅਦ ਫੇਰ ਯੁੱਧ ਨਹੀਂ ਸੀ ਕਰਿਆ ਕਰਦੇ ਆਪਣੇ ਜਖਮੀਆਂ ਨੂੰ ਸੰਭਾਲਦੇ ਸੀ। ਉਸ ਦੇ ਵਿਚ ਆਪਣੇ ਦਾ ਤੇ ਬਿਗਾਨੇ ਦਾ ਪਤਾ ਨਹੀਂ ਸੀ ਲਗਦਾ ਤਾਂ ਉਸ ਵੇਲੇ ਜਦੋਂ ਜਥੇਦਾਰ ਸਾਰੇ ਆਏ। ਮਹਾਰਾਜ ਨੇ ਕਿਹਾ, "ਕਿਉਂ ਭਾਈ! ਅੱਜ ਦਾ ਯੁੱਧ?"

ਕਹਿੰਦੇ, ਮਹਾਰਾਜ! ਬਹੁਤ ਤਨਦੇਹੀ ਨਾਲ ਯੁੱਧ ਹੋਇਆ। ਬਹੁਤ ਭਿਆਨਕ ਯੁੱਧ ਸੀ ਪਰ ਤੇਰੇ ਖਾਲਸੇ ਦੀ ਫਤਹਿ ਹੋਈ ਹੈ, ਪਿਛੇ ਹਟਾ ਦਿੱਤੇ।"

ਮਹਾਰਾਜ ਕਹਿੰਦੇ, "ਸ਼ਾਬਾਸ਼!"

ਕਹਿੰਦੇ, "ਮਹਾਰਾਜ! ਇਕ ਸਾਡੀ ਸ਼ਿਕਾਇਤ ਹੈ ਬੜੀ ਜਬਰਦਸਤ।"

ਕਹਿੰਦੇ, "ਕੀ ਹੈ? ਦੱਸੋ।"

ਕਹਿੰਦੇ, "ਆਪਣੀ ਫੌਜ ਵਿਚ ਇਕ ਜਾਸੂਸ ਹੈ। ਉਹ ਭੇਤ ਦਿੰਦਾ ਹੈ ਸਾਰੇ ਜਾ ਕੇ।"

ਮਹਾਰਾਜ ਕਹਿੰਦੇ, "ਇਹੋ ਜਿਹਾ ਕਿਹੜਾ ਗੁਰਸਿਖ ਹੈ?"

ਕਹਿੰਦੇ, "ਮਹਾਰਾਜ! ਉਹ ਕਨ੍ਹਈਆ ਸਾਧ, ਜਿਸ ਨੂੰ

ਤੁਸੀਂ ਸ੍ਰੀ ਸਾਹਿਬ ਪਵਾਈ ਸੀ ਪਰ ਉਸ ਨੇ ਸ੍ਰੀ ਸਾਹਿਬ ਦਾ ਮੁੱਠਾ ਸਾਹਮਣੇ ਨਹੀਂ ਕਰਿਆ, ਉਸ ਨੇ ਪਿਛਲੇ ਪਾਸੇ ਕਰ ਦਿੱਤਾ ਤੇ ਹਜ਼ੂਰ ਦੇ ਯਾਦ ਹੋਏਗਾ, ਆਪ ਨੇ ਪੁਛਿਆ ਸੀ ਕਿ ਕਨ੍ਹਈਆ ਪਿਛਲੇ ਪਾਸੇ ਕਰਿਆ ਹੈ ਤਾਂ ਉਹ ਕਹਿੰਦਾ ਸੀ ਮਹਾਰਾਜ! ਜਿਸ ਨੇ ਮੈਨੂੰ ਮਾਰਨਾ ਹੈ ਉਸ ਨੂੰ ਦੇਰ ਨਹੀਂ ਲਗੇਗੀ, ਮੇਰੀ ਹੀ ਕੱਢ ਕੇ ਮਾਰ ਦਏਗਾ। ਉਹ ਹੈ ਮਹਾਰਾਜ ਉਹ।"

ਕਹਿੰਦੇ, "ਉਹ ਕੀ ਕਰਦਾ ਹੈ?"

ਕਹਿੰਦਾ, "ਸੱਚੇ ਪਾਤਸ਼ਾਹ! ਉਸ ਦੇ ਉਤੇ ਨਾ ਕੋਈ ਗੋਲੀ ਚਲਾਉਂਦਾ ਹੈ, ਨਾ ਕੋਈ ਬਰਛਾ ਮਾਰਦਾ ਹੈ, ਨਾ ਕੋਈ ਕਿਰਪਾਨ, ਨਾ ਕੋਈ ਬਾਣ, ਕੁਝ ਨਹੀਂ ਕਰਦੇ। ਅਰਾਮ ਨਾਲ ਤੁਰਿਆ ਫਿਰਦਾ ਹੈ ਉਹ ਤਾਂ। ਉਹ ਪਾਣੀ ਪਿਲਾਉਂਦਾ ਫਿਰਦਾ ਹੈ ਜਿਹੜਾ ਕਹਿੰਦਾ ਹੈ ਪਾਣੀ! ਉਥੇ ਹੀ ਜਾ ਕੇ ਪਾਣੀ ਪਿਲਾਉਂਦਾ ਹੈ। ਅਸੀਂ ਵੀ ਮੰਗਦੇ ਹਾਂ, ਅਸੀਂ ਕਹਿੰਦੇ ਛੇਤੀ ਲਿਆਵੇ ਉਹ ਰਾਹ ਵਿਚ ਗਿਰੇ ਪਏ ਨੂੰ ਪਿਆਉਣ ਲੱਗ ਜਾਏਗਾ, ਸਾਡੇ ਕੋਲ ਪਿਛੋਂ ਆਏਗਾ। ਪੁਛਣਾ ਚਾਹੀਦਾ ਹੈ ਸੱਚੇ ਪਾਤਸ਼ਾਹ ਉਸ ਨੂੰ, ਰਹਿੰਦਾ ਇਥੇ ਹੈ।"

ਮਹਾਰਾਜ ਕਹਿੰਦੇ, "ਲਿਆਓ, ਹਾਜਰ ਕਰੋ।"

ਉਹ ਡੇਰੇ ਗਏ, ਡੇਰੇ ਪਤਾ ਲੱਗਿਆ ਕਿ ਉਹ ਅਜੇ ਤੱਕ ਆਏ ਨਹੀਂ, ਮੈਦਾਨ ਏ ਜੰਗ ਵਿਚੋਂ ਉਥੇ ਹੀ ਨੇ। ਰਾਤ ਵੱਡੀ ਗਈ ਹੋਈ ਸੀ।

ਮਹਾਰਾਜ ਕੋਲ ਆ ਗਏ, ਕਹਿੰਦੇ, "ਸੱਚੇ ਪਾਤਸ਼ਾਹ! ਡੇਰੇ ਤਾਂ ਆਇਆ ਨਹੀਂ ਅਜੇ ਤੇ ਉਸ ਦੇ ਸਾਥੀ ਕਹਿੰਦੇ ਨੇ ਕਿ ਅਜੇ ਉਥੇ ਮੈਦਾਨ ਵਿਚ ਹੀ ਹੈ, ਦੇਰ ਨਾਲ ਹੀ ਆਉਂਦਾ ਹੁੰਦਾ ਹੈ। ਬਹੁਤ ਰਾਤ ਅੱਧੀ ਤੋਂ ਵੀ ਬਾਅਦ ਆਉਂਦਾ ਹੈ ਕਦੇ ਬਹੁਤ ਦੇਰ ਨਾਲ। ਜਦੋਂ ਤੱਕ ਕੋਈ ਪਿਆਸਾ ਹੈ ਉਦੋਂ ਤੱਕ ਉਹ ਪਾਣੀ ਹੀ ਪਿਲਾਈ ਜਾਂਦਾ ਹੈ ਉਥੇ ਹੀ ਲਭੇਗਾ।"

ਮਹਾਰਾਜ ਕਹਿੰਦੇ, "ਅੱਛਾ! ਉਥੋਂ ਮੈਦਾਨ 'ਚੋਂ ਜਾ ਕੇ ਲਿਆਓ।" ਹਨ੍ਹੇਰਾ ਹੋਇਆ ਹੋਇਆ ਹੈ। ਮਿਸਾਲਾ ਜਾਲ ਜਾਲ ਕੇ ਖਾਲਸਾ ਫੌਜਾਂ ਵੀ ਆਪਣੇ ਜਖਮੀਆਂ ਨੂੰ ਚੁੱਕ ਰਹੀਆਂ ਨੇ ਤੇ ਉਧਰ ਮੁਗਲਾਂ ਦੀਆਂ ਫੌਜਾਂ ਵੀ ਜਖਮੀਆਂ ਨੂੰ ਚੁੱਕ ਰਹੀਆਂ ਨੇ। ਉਹ ਭਾਈ ਕਨ੍ਹਈਏ ਨੂੰ ਕਿਥੇ ਟੋਲ੍ਹਣ ਮੈਦਾਨ-ਏ-ਜੰਗ ਕਿਹੜਾ ਛੋਟਾ ਹੁੰਦਾ ਹੈ। ਉਸੇ ਵੇਲੇ ਇਕ ਆਵਾਜ਼ ਕੰਨ 'ਚ ਸੁਣਾਈ ਦਿੱਤੀ। ਕਹਿੰਦੇ, "ਆਹ! ਆਵਾਜ਼ ਸੁਣੋ ਕਿਸਦੀ ਹੈ।" ਆਵਾਜ਼ ਆਉਂਦੀ ਹੈ। ਪੜ੍ਹੋ ਪਿਆਰ ਨਾਲ -

***ਧਾਰਨਾ - ਤੂੰਹੀ ਤੂੰਹੀ ਮੋਹਿਨਾ, ਤੂੰਹੀ ਤੂੰਹੀ ਮੋਹਿਨਾ -2, 4.***

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ॥ ਅੰਗ - 407***

ਆਵਾਜ਼ ਦੀ ਸੇਧ ਵਿਚ ਗਏ ਕੀ ਦੇਖਦੇ ਨੇ ਕਿ ਇਕ ਜਖਮੀ ਦਾ ਸਿਰ ਚੁੱਕ ਕੇ ਆਪਣੇ ਪੱਟ ਤੇ ਰੱਖਿਆ ਹੋਇਆ, ਦੰਦਲ ਖੋਲ੍ਹ ਕੇ ਮੂੰਹ ਵਿਚ ਪਾਣੀ ਪਾ ਰਿਹਾ ਹੈ। ਉਧਰ ਜਦੋਂ ਹੋਸ਼ ਆਈ ਤਾਂ ਉਹ ਕਹਿਣ ਲੱਗਿਆ, "ਤੂੰ ਕੌਣ ਹੈ?" ਕਹਿਣ ਲੱਗਿਆ, "ਮੈਂ! ਮੈਂ ਕੁਝ ਵੀ ਨਹੀਂ। ਮੈਂ ਦਸ਼ਮੇਸ਼ ਪਿਤਾ ਦਾ ਇਕ ਅਦਨਾ ਜਿਹਾ ਸਿੱਖ ਹਾਂ, ਗਰੀਬੜਾ ਜਿਹਾ।"

ਕਹਿੰਦਾ, "ਕੀ ਨਾਉਂ ਹੈ?"

ਕਹਿੰਦੇ, "ਮੈਨੂੰ ਕਨ੍ਹਈਆ ਕਹਿੰਦੇ ਨੇ ਸਾਰੇ।"

ਕਹਿੰਦਾ, "ਕਨ੍ਹਈਆ! ਤੂੰ ਮੈਨੂੰ ਪਛਾਣ ਕੇ ਪਾਣੀ ਪਿਲਾ ਰਿਹਾ ਹੈ ਜਾਂ ਗਲਤੀ ਨਾਲ ਪਿਲਾ ਰਿਹਾ ਹੈ।"

ਕਹਿੰਦੇ, "ਪਛਾਣ ਕੇ ਹੀ ਪਿਲਾ ਰਿਹਾ ਹਾਂ, ਗਲਤੀ ਨਾਲ ਤਾਂ ਨਹੀਂ ਪਿਲਾ ਰਿਹਾ।"

ਕਹਿੰਦਾ, "ਮੈਂ ਕੌਣ ਹਾਂ? ਪਤਾ ਹੈ ਤੈਨੂੰ ਕੁਝ?"

ਕਹਿੰਦੇ, "ਸਾਨੂੰ ਤਾਂ ਲੋੜ ਹੀ ਨਹੀਂ ਹੈ, ਇਕੋ ਹੀ ਆਤਮਾ ਪਰੀਪੂਰਣ ਹੈ ਸਾਰੇ ਸੰਸਾਰ ਵਿਚ, ਇਥੇ ਦੂਜਾ ਨਹੀਂ ਹੈ ਕੋਈ ਵੀ।"

ਉਸ ਵੇਲੇ ਕਹਿਣ ਲੱਗਿਆ, "ਕਨ੍ਹਈਆ! ਮੈਂ ਉਹ ਜਰਨੈਲ ਹਾਂ ਜਿਸ ਨੇ ਅੱਜ ਫੈਸਲਾ ਕਰਿਆ ਸੀ ਕਿ ਜਾਂ ਗੁਰੂ ਗੋਬਿੰਦ ਸਿੰਘ ਨੂੰ ਸ਼ਹੀਦ ਕਰ ਦਿਆਂਗਾ ਜਾਂ ਫੜ ਕੇ ਲਿਆਵਾਂਗਾ ਪਰ ਮੇਰੇ ਆਰੀ ਜਖਮ ਲਗਿਆ ਤੇ ਮੈਂ ਮੈਦਾਨ-ਏ-ਜੰਗ ਵਿਚ ਪਿਆ ਹਾਂ। ਮੈਂ ਤੇਰਾ ਬੜਾ ਧੰਨਵਾਦੀ ਹਾਂ। ਤੂੰ ਮੈਨੂੰ ਇਕ ਗੱਲ ਦੱਸ ਮੇਰੀ ਗੱਲ ਸੁਣ ਕੇ ਤੈਨੂੰ ਗੁੱਸਾ ਨਹੀਂ ਆਉਂਦਾ?"

ਕਹਿੰਦਾ, "ਸਾਨੂੰ ਗੁੱਸਾ ਕਾਹਦਾ? ਗੁਰੂ ਨੇ ਤਾਂ ਗੁੱਸਾ ਸਾਡੇ ਵਿਚੋਂ ਓਈਂ ਖਤਮ ਕਰ ਦਿੱਤਾ।"

ਕਹਿੰਦਾ, "ਸਾਡੇ ਨਾਲ ਨਫਰਤ ਨਹੀਂ ਹੈ ਤੁਹਾਨੂੰ।"

ਕਹਿੰਦਾ, "ਨਹੀਂ ਮੇਰੇ ਗੁਰੂ ਦਾ ਜੋ ਹੁਕਮ ਹੈ ਉਹ ਹੋਰ ਤਰ੍ਹਾਂ ਹੈ। ਤੁਸੀਂ ਲੋਕ ਸਮਝਦੇ ਨਹੀਂ ਹੋ।"

***ਧਾਰਨਾ - ਨਾ ਦਿਸੇ ਬਿਗਾਨਾ ਜੀ,***
***ਨਾ ਕੋਈ ਵੈਰੀ, ਨਾ ਕੋਈ ਵੈਰੀ -2, 4.***

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ***

*ਸਗਲ ਸੰਗਿ ਹਮ ਕਉ ਬਨਿ ਆਈ॥ ਅੰਗ - 1299*

ਸਾਡੀ ਦ੍ਰਿਸ਼ਟੀ ਵਿਚ ਕੋਈ ਵੀ ਵੈਰੀ ਨਹੀਂ।

ਕਹਿੰਦਾ, "ਗੁਰੂ ਗੋਬਿੰਦ ਸਿੰਘ ਦਾ ਵੀ ਏਹੀ ਮਤ ਹੈ? ਉਹ ਵੀ ਐਵੇਂ ਹੀ ਕਹਿੰਦੇ ਨੇ?"

ਕਹਿੰਦਾ, "ਜਦੋਂ ਅਸੀਂ ਅਦਨੇ ਸਿੱਖ ਕਹਿੰਦੇ ਹਾਂ ਤਾਂ ਉਹ ਤਾਂ ਸਾਨੂੰ ਕਹਿੰਦੇ ਨੇ -

*ਵਵਾ ਵੈਰੁ ਨ ਕਰੀਐ ਕਾਹੂ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ॥ ਅੰਗ - 259*
*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*
*ਅੰਗ - 1382*

ਅਸੀਂ ਤਾਂ ਉਸ ਦੇ ਗਰੀਬੜੇ ਜਿਹੇ ਸਿੱਖ ਹਾਂ ਤੈਨੂੰ ਮੈਂ ਦਸਦਾ ਹਾਂ। ਪਿਛਲਾ ਜਿਹੜਾ ਜੰਗ ਹੋਇਆ ਸੀ ਉਸ ਦੇ ਵਿਚ ਤੁਹਾਡੇ ਵੱਡੇ ਜਰਨੈਲ ਦੀ ਘਰਵਾਲੀ ਰਹਿ ਗਈ ਫੌਜਾਂ ਨੱਠ ਗਈਆਂ, ਉਸ ਨੂੰ ਕੋਈ ਲਿਜਾ ਨਾ ਸਕਿਆ। ਉਹ ਮੈਦਾਨ-ਏ-ਜੰਗ 'ਚ ਰਹਿ ਗਈ ਇਕੱਲੀ ਸਾਡੇ ਗੁਰਸਿਖਾਂ ਨੇ ਉਸ ਨੂੰ ਪਾਲਕੀ 'ਚ ਬਿਠਾ ਕੇ ਗੁਰੂ ਦਸਮੇਸ਼ ਪਿਤਾ ਜੀ ਦੇ ਕੋਲ ਲੈ ਗਏ। ਹੁਕਮ ਪੁਛਿਆ ਪਾਤਸ਼ਾਹ! ਜਰਨੈਲ ਦੀ ਘਰਵਾਲੀ ਹੈ ਵੱਡੇ ਦੀ, ਕੀ ਹੁਕਮ ਹੈ ਆਪਦਾ? ਮਹਾਰਾਜ ਨੇ ਪਹਿਲਾਂ ਅੱਖਰ ਇਹ ਕਿਹਾ ਕਿ ਪਹਿਲਾਂ ਮੈਨੂੰ ਇਹ ਦਸੋ ਕਿਸੇ ਨੇ ਪਾਲਕੀ ਦਾ ਝੰਮਣ ਤਾਂ ਨਹੀਂ ਚੁੱਕਿਆ? ਸਿੱਖ ਕਹਿੰਦੇ ਨਾ ਸੱਚੇ ਪਾਤਸ਼ਾਹ! ਸਾਡੀ ਕੀ ਹਿੰਮਤ ਹੈ ਚੁੱਕਣ ਦੀ। ਕਹਿੰਦੇ ਸ਼ਾਬਾਸ਼! ਮਹਾਰਾਜ ਕਹਿੰਦੇ ਬੇਟੀ ਉਤਰ ਆ, ਆਪਣੀਆਂ ਮਾਤਾਵਾਂ ਕੋਲ ਰਹਿ ਤੂੰ ਆ ਕੇ, ਫਿਕਰ ਨਾ ਕਰ ਆਹ ਸ਼ਾਂਤੀ ਹੁੰਦੀ ਸਾਰ ਹੀ ਤੈਨੂੰ ਅਸੀਂ ਉਥੇ ਪਹੁੰਚਾ ਦਿਆਂਗੇ, ਡਰਨਾ ਨਹੀਂ ਤੂੰ, ਸਾਡੀ ਪੁੱਤਰੀ ਹੈਂ ਤੂੰ। ਜੰਗ ਠੰਡਾ ਹੋ ਗਿਆ ਤੇ ਫੌਜਾਂ ਜਾ ਰਹੀਆਂ ਨੇ, ਹਾਰ ਕੇ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਮਾਤਾਵਾਂ ਨੂੰ ਕਿਹਾ ਕਿ ਦੇਖੋ ਅੱਜ ਆਪਾਂ ਨੇ ਪੁੱਤਰੀ ਵਿਦਾ ਕਰਨੀ ਹੈ, ਆਪਣੇ ਪੁੱਤਰੀ ਤਾਂ ਹੈ ਨਹੀਂ ਪ੍ਰਮੇਸ਼ਰ ਨੇ ਦੇ ਦਿੱਤੀ। ਅੱਜ ਆਪਾਂ ਵਿਦਾ ਕਰਨੀ ਹੈ, ਜਿਵੇਂ ਧੀ ਨੂੰ ਵਿਦਾ ਕਰਦੀਆਂ ਨੇ ਮਾਵਾਂ ਇਸ ਤਰ੍ਹਾਂ ਵਿਦਾ ਕਰੋ। ਗਹਿਣਿਆਂ ਨਾਲ ਲੱਦ ਦਿੱਤੀ, ਬੇਅੰਤ ਕੀਮਤੀ ਚੀਜ਼ਾਂ, ਬੇਅੰਤ ਬਸਤ੍ਰ ਭਰ ਦਿੱਤੀ ਪਾਲਕੀ ਨਾਲ ਭੇਜੇ ਹੋਰ। ਜਾ ਕੇ ਪਾਲਕੀ ਲੈ ਗਏ ਖਬਰ ਭੇਜੀ। ਉਥੇ ਰੁਬਰੂ ਲੈ ਗਏ। ਉਸ ਵੇਲੇ ਉਹ ਪਾਲਕੀ ਵਿਚੋਂ ਨਿਕਲਦੀ ਹੀ ਕਹਿਣ ਲੱਗੀ ਤੁਸੀਂ ਕਿੰਨੇ ਮਾੜੇ ਹੋ। ਉਹ ਤਾਂ ਅੱਲ੍ਹਾ ਤਾਲਾ ਹੈ ਆਪ, ਗੁਰੂ ਗੋਬਿੰਦ ਸਿੰਘ ਨੂੰ ਸਮਝੋ, ਉਹ ਕੀ ਨੇ? ਯੁੱਧ ਕਰਦੇ ਹੋ ਤੁਸੀਂ ਉਨ੍ਹਾਂ ਨਾਲ। ਸਾਰੀ ਵਾਰਤਾ ਦੱਸੀ ਅੱਖਾਂ 'ਚ ਪਾਣੀ ਆ ਗਿਆ ਸਾਰਿਆਂ ਦੇ।

ਖਾਨ ਸਾਹਿਬ! ਗੁਰੂ ਦਸਮੇਸ਼ ਪਿਤਾ ਦੀ ਸਿਖਿਆ ਹੀ ਹੈ ਜਿਹੜੀ ਇਹ ਮੈਂ ਕਰ ਰਿਹਾ ਹਾਂ। ਮੇਰਾ ਗੁਰੂ ਹਰ ਰੋਜ ਸਿੱਖ ਨੂੰ ਕਹਿੰਦਾ ਹੈ ਕਿ ਜਦੋਂ ਤੂੰ ਨਿਤਨੇਮ ਕਰਕੇ ਹਟੇਂ, ਪਾਠ ਕਰਕੇ ਹਟੇਂ ਜਿਵੇਂ ਤੁਸੀਂ ਨਮਾਜ਼ਾਂ ਪੜ੍ਹਦੇ ਹੋ ਪੰਜ, ਅਸੀਂ ਵੀ ਇਵੇਂ ਹੀ ਪੜ੍ਹਦੇ ਹਾਂ। ਅਸੀਂ ਉਸ ਵੇਲੇ ਗੁਰੂਆਂ ਦਾ ਨਾਮ ਲੈਣ ਤੋਂ ਬਾਅਦ ਇਕ ਅਰਦਾਸ ਕਰਦੇ ਹਾਂ -

*ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਕਾ ਭਲਾ॥*

ਤੁਹਾਡਾ ਵੀ ਭਲਾ ਮੰਗਦੇ ਹਾਂ, ਜਿਹੜੇ ਤਲਵਾਰਾਂ ਲੈ ਕੇ ਚੜ੍ਹ ਕੇ ਆਉਂਦੇ ਨੇ, ਫੌਜਾਂ ਲੈ ਕੇ, ਅਸੀਂ ਉਨ੍ਹਾਂ ਦੀ ਵੀ ਅਰਦਾਸ ਕਰਦੇ ਹਾਂ। ਸੱਚੇ ਪਾਤਸ਼ਾਹ! ਇਨ੍ਹਾਂ ਦਾ ਭਲਾ ਕਰੀਂ।"

ਕਹਿਣ ਲੱਗਿਆ, "ਫੇਰ ਯੁੱਧ ਕਿਉਂ ਕਰਦੇ ਹੋ? ਮੈਨੂੰ ਇਸ ਗੱਲ ਦਾ ਚਾਹੀਦਾ ਹੈ ਨਿਰਣਾ।"

ਉਸ ਵੇਲੇ ਕਹਿਣ ਲੱਗੇ, "ਜਿਹੜਾ ਗੁਰੂ ਹੈ ਉਸ ਨੂੰ ਸਮਝਣਾ ਬਹੁਤ ਔਖਾ ਹੈ।" ਆਏਂ ਪੜ੍ਹ ਲਓ।

*ਧਾਰਨਾ - ਨਿਰਵੈਰ ਨਿਰਾਲਾ ਜੀ -2, 2.*
*ਸਤਿਗੁਰ ਪੁਰਖ ਅਗੰਮ ਹੈ -2, 4.*

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮ੍ਹਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ॥*
*ਭਾਈ ਗੁਰਦਾਸ ਜੀ ਦੀ ਵਾਰ 34/1*

ਕਹਿੰਦੇ, "ਖਾਨ ਸਾਹਿਬ! ਗੁਰੂ ਭਾਵਨਾ ਪੂਰੀ ਕਰਦਾ ਹੈ। ਸ਼ੀਸ਼ਾ ਦੇਖਿਆ ਹੈ ਨਾਹ?"

ਕਹਿੰਦਾ, "ਹਾਂ।"

ਕਹਿੰਦੇ, "ਜੇ ਉਸ ਦੇ ਸਾਹਮਣੇ ਵਿੰਗਾ ਮੂੰਹ ਕਰਕੇ ਆਵੇ ਤਾਂ ਕਸੂਰ ਕਿਸ ਦਾ ਹੈ? ਆਪ ਦਾ ਹੀ ਹੋਇਆ ਨਾਹ? ਤੁਸੀਂ ਵੈਰ ਧਾਰਦੇ ਹੋ ਸਸ਼ਤਰ ਲੈ ਕੇ ਆਉਂਦੇ ਹੋ। ਤੁਹਾਡੀ ਭਾਵਨਾ ਹੁੰਦੀ ਹੈ ਕਿ ਗੁਰੂ ਉਤੇ ਅਸੀਂ ਸ਼ਸਤਰ ਚਲਾਉਣੇ ਨੇ, ਉਹ ਤੁਹਾਨੂੰ ਉਸ ਦਾ ਜਵਾਬ ਦੇ ਦਿੰਦੇ ਨੇ, ਉਨ੍ਹਾਂ ਦਾ ਵੈਰ ਨਹੀਂ ਹੈ ਕਿਸੇ ਨਾਲ ਵੀ।"

ਕਹਿੰਦਾ, "ਮੁਸਲਮਾਨਾਂ ਨਾਲ ਵੈਰ ਨਹੀਂ ਕਰਦੇ ਉਹ?"

ਕਹਿੰਦੇ, "ਮੁਸਲਮਾਨ! ਸਭ ਤੋਂ ਪਹਿਲਾਂ ਸਿੱਖ ਜਿਹੜਾ ਹੋਇਆ ਹੈ, ਉਹ ਭਾਈ ਮਰਦਾਨਾ ਹੋਇਆ ਹੈ। ਉਹ ਕੌਣ ਸੀ? ਫੇਰ ਸਾਰੇ ਇਸਲਾਮ ਵਾਲੇ ਇਥੇ ਆਉਂਦੇ ਨੇ। ਕਿੰਨੀ ਦੇਰ ਗੁਰੂ ਨਾਨਕ ਸਾਹਿਬ ਕਾਅਬੇ ਵਿਚ ਰਹੇ, ਬਗਦਾਦ ਵਿਚ ਰਹੇ

ਕਿੰਨੀਆਂ ਸੰਗਤਾਂ ਤਰੀਆਂ ਹੋਣੀਆਂ ਨੇ ਉਨ੍ਹਾਂ ਤੋਂ।

ਨਾਂਹ! ਇਹ ਭੁਲੇਖਾ ਹੈ ਗੁਰੂ ਨਹੀਂ ਕਿਸੇ ਦਾ ਵੀ ਵੈਰੀ ਹੁੰਦਾ –

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ॥*

*ਭਾਈ ਗੁਰਦਾਸ ਜੀ ਦੀ ਵਾਰ 34/1*

ਨਿਰਵੈਰ ਹੈ।"

ਜਲ ਪਾ ਦਿੱਤਾ ਉਸ ਦੇ ਮੂੰਹ ਵਿਚ। ਸੁਰਤ ਬਦਲ ਗਈ ਉਸਦੀ। ਭਾਈ ਕਨ੍ਹਈਏ ਦੇ ਹੱਥ ਦਾ ਪਾਣੀ,

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥*

*ਅੰਗ - 273*

ਨੇਤਰਾਂ 'ਚ ਝਾਕਿਆਂ, ਝਾਕਣ ਦੇ ਨਾਲ ਹੀ ਜਰਨੈਲ ਦੀ ਸੁਰਤ ਬਦਲ ਗਈ। ਉਸ ਨੇ ਕਿਹਾ ਬੜਾ ਮਾੜਾ ਕੰਮ ਹੈ ਮੈਂ ਨੌਕਰੀ ਹੁਣ ਛੱਡ ਦੇਣੀ ਹੈ ਜਾਂਦੇ ਨੇ ਹੀ ਤੇ ਮੈਂ ਤਾਂ ਗੁਰੂ ਦਸਮੇਸ਼ ਪਿਤਾ ਦੀ ਸੇਵਾ ਕਰਨੀ ਹੈ।

ਕਹਿੰਦਾ, "ਐ ਪੁਰਖਾ! ਮੈਨੂੰ ਕੋਈ ਅਤਾ ਪਤਾ ਤਾਂ ਆਪਣਾ ਦੱਸ। ਤੂੰ ਤਾਂ ਮੇਰੇ ਖਿਆਲ ਬਦਲ ਦਿੱਤੇ, ਪਾਣੀ ਕੀ ਪਿਲਾਇਆ ਹੈ ਆਬ-ਏ-ਹਿਆਤ ਮੇਰੇ ਅੰਦਰ ਪੁਚਾ ਦਿੱਤਾ। ਮੈਂ ਬਦਲ ਗਿਆ ਬਿਲਕੁਲ ਹੀ।"

ਸੋ ਉਨ੍ਹਾਂ ਨੇ ਕਿਹਾ, "ਮੈਨੂੰ ਕਨ੍ਹਈਆ ਕਹਿੰਦੇ ਨੇ। ਐਨੇ ਨੂੰ ਉਹ ਸਿੰਘ ਨੇੜੇ ਆਏ ਹੋਏ ਸੀ ਗੱਲ ਬਾਤ ਸੁਣੀ ਉਨ੍ਹਾਂ ਨੇ।

ਕਹਿੰਦੇ, "ਕਨ੍ਹਈਆ! ਤੈਨੂੰ ਗੁਰੂ ਮਹਾਰਾਜ ਬੁਲਾਉਂਦੇ ਨੇ।"

ਉਸੇ ਵੇਲੇ ਆਪ ਹੁਕਮ ਮੰਨ ਕੇ ਚਲੇ ਗਏ ਤੇ ਮਹਾਰਾਜ ਜੀ ਦੇ ਪੇਸ਼ ਹੋਏ।

ਮਹਾਰਾਜ ਕਹਿੰਦੇ, "ਕਨ੍ਹਈਆ! ਤੇਰੀ ਸ਼ਿਕਾਇਤ ਹੈ ਭਾਈ ਅੱਜ।"

ਕਹਿੰਦਾ, "ਮਹਾਰਾਜ! ਸੱਚੇ ਪਾਤਸ਼ਾਹ!! ਮੈਂ ਤਾਂ ਸਾਰਾ ਹੀ ਗਲਤੀਆਂ ਦਾ ਭਰਿਆ ਹੋਇਆ ਹਾਂ, ਮੇਰੇ ਵਿਚ ਤਾਂ ਇਕ ਵੀ ਗੁਣ ਨਹੀਂ ਹੈ। ਉਹ ਤਾਂ ਤੁਹਾਡੀ ਮਿਹਰ ਦੇ ਨਾਲ ਜਿਵੇਂ ਚੰਦ ਦੇ ਵਿਚ ਰੋਸ਼ਨੀ ਨਹੀਂ ਹੁੰਦੀ ਸੂਰਜ ਦਾ ਪ੍ਰਕਾਸ਼ ਪੈਂਦਾ ਹੈ ਤੁਸੀਂ ਸਾਰੇ ਗੁਰਸਿੱਖਾਂ ਨੂੰ ਪਾਤਸ਼ਾਹ! ਆਪ ਹੀ ਚਲਾਉਣ ਵਾਲੇ, ਆਪ ਹੀ ਨੇਕੀ ਦੇਣ ਵਾਲੇ, ਆਪ ਹੀ ਸੋਝੀ ਦੇਣ ਵਾਲੇ।"

ਕਹਿੰਦੇ, "ਦਸੋ ਭਾਈ, ਸ਼ਿਕਾਇਤ।"

ਕਹਿੰਦੇ, "ਮਹਾਰਾਜ! ਇਹ ਉਨ੍ਹਾਂ ਨੂੰ ਪਾਣੀ ਪਿਲਾਉਂਦਾ ਰਿਹਾ, ਜਸੂਸ ਹੈ।"

ਕਹਿੰਦੇ, "ਕਿਉਂ ਭਾਈ ਕਨ੍ਹਈਆ! ਤੂੰ ਪਾਣੀ ਮੁਗਲ ਫੌਜਾਂ ਨੂੰ ਪਿਲਾਇਆ?"

ਕਹਿੰਦਾ, "ਨਾ ਸੱਚੇ ਪਾਤਸ਼ਾਹ!"

ਕਹਿੰਦੇ, "ਨਾਹ! ਮਹਾਰਾਜ! ਡਰਦਾ ਮਾਰਿਆਂ ਕਹਿੰਦਾ ਹੈ, ਡਰਦਾ ਹੈ, ਅਸੀਂ ਆਪ ਜਦੋਂ ਫੜਿਆ, ਲੈ ਕੇ ਆਏ ਹਾਂ ਉਸ ਵੇਲੇ ਸਭ ਤੋਂ ਖਤਰਨਾਕ ਜਰਨੈਲ ਜਿਹੜਾ ਅੱਜ ਆਇਆ ਸੀ ਉਹ ਮਾਰ ਕੇ ਸੁਟ ਆਏ ਸੀ। ਇਸ ਨੇ ਫੇਰ ਮੁੜ ਕੇ ਪਾਣੀ ਪਿਲਾ ਕੇ ਜਿਉਂਦਾ ਕਰ ਦਿੱਤਾ ਉਹ ਫੇਰ ਆਏਗਾ, ਜੰਗੀ ਮੁਜਰਮ ਹੈ ਇਸ ਨੂੰ ਸਜਾ ਦੇਣੀ ਚਾਹੀਦੀ ਹੈ।"

ਮਹਾਰਾਜ ਕਹਿੰਦੇ, "ਤੁਸੀਂ ਚੁੱਪ ਕਰੋ ਅਸੀਂ ਪੁਛ ਰਹੇ ਹਾਂ। ਕਿਉਂ ਕਨ੍ਹਈਆ ਤੂੰ ਮੁਗਲਾਂ ਨੂੰ ਪਾਣੀ ਪਿਲਾਇਆ ਹੈ?"

ਕਹਿੰਦਾ, "ਨਹੀਂ।"

ਕਹਿੰਦੇ, "ਫੇਰ ਤੂੰ ਪਹਾੜੀ ਫੌਜਾਂ ਨੂੰ ਪਿਲਾਇਆ ਹੈ?"

ਕਹਿੰਦਾ, "ਨਹੀਂ ਸੱਚੇ ਪਾਤਸ਼ਾਹ! ਮੈਂ ਕਿਸੇ ਨੂੰ ਨਹੀਂ ਪਾਣੀ ਪਿਲਾਇਆ।"

ਕਹਿੰਦੇ, "ਫੇਰ ਪਿਲਾਉਂਦਾ ਕਿਸ ਨੂੰ ਰਿਹਾ?"

ਕਹਿੰਦਾ, "ਸੱਚੇ ਪਾਤਸ਼ਾਹ! ਮੈਂ ਤੇਰੇ ਪ੍ਰੇਮ ਦੇ ਵਿਚ ਰੱਤਿਆ ਹੋਇਆ ਹਾਂ, ਤੂੰ ਮੇਰੇ ਰੋਮ ਰੋਮ ਵਿਚ ਆਪਣੇ ਪਿਆਰ ਦੀਆਂ ਝਰਨਾਟਾਂ ਭਰ ਦਿੱਤੀਆਂ। ਮੇਰੇ ਨੇਤਰਾਂ ਦਾ ਜਿਹੜਾ ਸੀ ਮੋਤੀਆ ਬਿੰਦ ਉਹ ਲਾਹ ਦਿੱਤਾ –

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*

*ਅੰਗ - 293*

ਮੇਰੀ ਤਾਂ ਬਾਤ ਇਹ ਹੋ ਗਈ, ਬੰਦ ਜਿਹੜੀਆਂ ਅੱਖਾਂ ਸੀ ਮੋਤੀਏ ਬਿੰਦ ਨਾਲ ਪਾਤਸ਼ਾਹ, ਤੇਰੀ ਸੇਵਾ ਕਰਕੇ ਖੁੱਲ੍ਹ ਗਈਆਂ ਤੇ ਜਦੋਂ ਅੱਖਾਂ ਖੁਲ੍ਹੀਆਂ ਤਾਂ ਅਸਲੀਅਤ ਮੈਂ ਦੇਖ ਲਈ, ਆਏਂ ਪੜ੍ਹ ਲਓ –

*ਧਾਰਨਾ - ਗੁਰਾਂ ਨੇ ਮੇਰੇ ਓ, ਨੈਣ ਖੋਲ੍ਹਤੇ -2, 2.*
*ਮੈਨੂੰ ਸਾਰੀਆਂ ਘਟਾਂ ਦੇ ਵਿਚ ਤੂੰ ਹੀ ਓ ਦਿਸਿਆ,*
*ਨੈਣ ਖੋਲਤੇ -2, 4.*
*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ॥* *ਅੰਗ - 407*

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*

*ਅੰਗ - 293*

ਹੇ ਪਾਤਸ਼ਾਹ! ਤੈਥੋਂ ਬਿਨਾ ਤਾਂ ਮੈਨੂੰ ਨਜ਼ਰ ਆਉਣ ਤੋਂ ਹੀ ਹਟ ਗਿਆ ਮੈਨੂੰ ਹੋਰ ਦਿਸਦਾ ਹੀ ਨਹੀਂ ਹੈ, ਨਾ ਮੈਨੂੰ ਤੁਰਕ ਦਾ ਪਤਾ, ਨਾ ਅਤੁਰਕ ਦਾ ਪਤਾ, ਨਾ ਕਿਸੇ ਮਾੜੇ ਦਾ ਪਤਾ, ਨਾ ਚੰਗੇ ਦਾ ਪਤਾ। ਜੇ ਮੈਨੂੰ ਕੋਈ ਹੋਸ਼ ਹੈ ਤਾਂ ਮੈਨੂੰ ਐਨਾ ਹੀ ਪਤਾ ਹੈ ਕਿ ਤੈਥੋਂ ਬਿਨਾਂ ਸੰਸਾਰ ਦੇ ਉਤੇ ਹੋਰ ਹੈ ਕੋਈ ਨਹੀਂ, ਨਾ ਕੋਈ ਹੋਇਆ ਹੈ, ਨਾ ਕਿਸੇ ਨੇ ਹੋਣਾ ਹੈ, ਨਾ ਕੋਈ ਪਹਿਲਾਂ ਸੀ। ਆਪੇ ਹੀ ਆਪ ਹੈ।"

(ਬਾਕੀ ਪੰਨਾ 39 ਤੇ)

# ਅਮਰ ਸ਼ਹਾਦਤ

## ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ ਦੇ ਪ੍ਰਸੰਗ ਵਿਚ ਵਿਸ਼ੇਸ਼ ਲੇਖ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਪੋਹ ਦਾ ਮਹੀਨਾ ਹੈ, ਠੰਢੀ ਹਵਾ ਜਿਸ ਨੂੰ ਪੇਂਡੂ ਇਲਾਕੇ ਵਿਚ ਰੀਵੀ ਆਖਦੇ ਹਨ, ਪੱਛਮ ਵਲੋਂ ਚਲਦੀ ਠੰਢ ਦਾ ਪੂਰਾ ਜ਼ੋਰ ਦਿਖਾਉਣ ਵਿਚ ਸਹਾਇਕ ਹੋ ਰਹੀ ਹੈ। ਸਾਮ੍ਹਣੇ ਇਕ ਉਚੇ ਬੋਹੜ ਦਾ ਦਰਖਤ ਹੈ, ਉਸ ਤੋਂ ਥੋੜ੍ਹੀ ਦੂਰ ਹੱਟ ਕੇ ਇਕ ਪਲੰਘ ਡਾਹਿਆ ਹੋਇਆ ਹੈ। ਜਿਧਰੋਂ ਹਵਾ ਆ ਰਹੀ ਹੈ, ਉਸ ਪਾਸੇ ਦੋ ਲਕੜੀਆਂ ਗੱਡ ਕੇ ਇਕ ਦੋਲਾਂ ਲਗਾਇਆ ਹੋਇਆ ਹੈ ਜੋ ਇਸ ਤੋਂ ਕੁਝ ਵੱਡਾ ਹੁੰਦਾ ਹੈ ਅਤੇ ਉਹ ਠੰਢੀ ਹਵਾ ਨੂੰ ਰੋਕ ਕੇ ਠੰਢ ਦੇ ਜ਼ੋਰ ਤੋਂ ਬਚਾਉਂਦਾ ਹੈ। ਪਲੰਘ ਉਪਰ ਇਕ ਬਹੁਤ ਹੀ ਪ੍ਰਭਾਵਸ਼ਾਲੀ ਵਿਅਕਤੀ ਬਿਰਾਜਮਾਨ ਹੈ, ਉਸ ਵਿਅਕਤੀ ਦੇ ਨੀਲੇ ਕਪੜੇ ਪਹਿਨੇ ਹੋਣ ਤੋਂ ਅਨੁਮਾਨ ਲਗਦਾ ਹੈ ਕਿ ਕੋਈ ਸੂਫੀ ਪੀਰ ਆਪਣੇ ਮੁਰੀਦਾਂ ਵਿਚ ਘੁੰਮਦਾ, ਅੱਜ ਇਥੇ ਦਰਸ਼ਨ ਦੇ ਰਿਹਾ ਹੈ। ਇਹ ਪਿੰਡ ਦੀ ਜੂਹ ਲੰਮੇ ਜੱਟਪੁਣੇ ਦੀ ਜੂਹ ਕਹਾਉਂਦੀ ਹੈ, ਜਿਥੋਂ ਦਾ ਹੁਕਮਰਾਨ ਰਾਏ ਕੱਲ੍ਹਾ ਹੈ, ਇਹ ਰਾਜਾ ਵੀ ਮੁਸਲਮਾਨ ਧਰਮ ਨਾਲ ਸਬੰਧ ਰੱਖਣ ਕਰਕੇ ਇਹੋ ਅੰਦਾਜ਼ਾ ਲਗਾਉਂਦਾ ਹੈ ਕਿ ਕੋਈ ਪੀਰ ਆਪਣੇ ਮੁਰੀਦਾਂ ਵਿਚ ਦਰਸ਼ਨ ਦੇਣ ਲਈ ਆਇਆ ਹੈ। ਉਸ ਦੇ ਇਕ ਦੋ ਮੁਰੀਦ ਜੋ ਪਹਿਰਾ ਦੇ ਰਹੇ ਹਨ ਉਨ੍ਹਾਂ ਨੇ ਵੀ ਨੀਲੇ ਵਸਤਰ ਹੀ ਪਹਿਨੇ ਹੋਏ ਹਨ ਪਰ ਉਨ੍ਹਾਂ ਦੇ ਕੱਦ ਡੀਲ ਡੋਲ ਤੋਂ ਐਉਂ ਪ੍ਰਤੀਤ ਹੁੰਦਾ ਹੈ ਕਿ ਕੋਈ ਮਹਾਨ ਸ਼ਸਤਰਧਾਰੀ ਵਿਅਕਤੀ ਹਨ। ਪਲੰਘ ਦੇ ਦੁਆਲੇ ਬਹੁਤ ਸਾਰੇ ਪ੍ਰੇਮੀ ਬੈਠੇ ਹਨ। ਕੁਝ ਬਚਨ ਬਿਲਾਸ ਚਲ ਰਹੇ ਹਨ, ਰਾਏ ਕੱਲੇ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ! ਆਪ ਦੇ ਜੋ ਅਸੀਂ ਬਚਨ ਸੁਣੇ ਹਨ ਅਤੇ ਆਪ ਦੇ ਗੁਰਸਿੱਖਾਂ ਨੇ ਜੋ ਸਾਨੂੰ ਦੱਸਿਆ ਹੈ ਕਿ ਅਨੰਦਪੁਰ ਸਾਹਿਬ ਬਹੁਤ ਹੀ ਵੱਡਾ ਯੁੱਧ ਕਰਕੇ ਆਪ ਸ਼ਾਹੀ ਫੌਜ ਨੂੰ ਸੂਰਮਿਆਂ ਵਾਂਗੂੰ ਰੋਕਦੇ ਰਹੇ। ਸਾਰੇ ਪੰਜਾਬ ਭਰ ਵਿਚ ਇਕੋ ਚਰਚਾ ਚਲਦੀ ਸੀ ਕਿ ਗੁਰੂ ਮਹਾਰਾਜ ਨੂੰ ਜਿੱਤਣ ਵਾਲਾ ਕੋਈ ਨਹੀਂ ਹੈ, ਉਹ ਸਰਬ ਕਲਾ ਸਮਰੱਥ ਹਨ, ਸਾਰੀਆਂ ਸ਼ਕਤੀਆਂ ਦੇ ਮਾਲਕ ਹਨ, ਤੁਹਾਡੇ ਗੁਰਸਿੱਖ ਜੋ ਜੰਗ ਵਿਚ ਨਹੀਂ ਸਨ ਜਾ ਸਕੇ, ਉਹ ਜਿਥੇ ਉਦਾਸ ਸਨ ਉਥੇ ਆਸਵੰਦ ਵੀ ਸਨ ਕਿ ਕੋਈ ਗੁਰੂ ਦਾ ਇਕ ਵਾਲ ਵੀ ਨਹੀਂ ਵਿਗਾੜ ਸਕਦਾ। ਉਹ ਤਾਂ ਐਨੀਆਂ ਸ਼ਕਤੀਆਂ ਦੇ ਮਾਲਕ ਹਨ ਕਿ ਜੇ ਉਹ ਚਾਹੁੰਣ ਤਾਂ ਇਕੋ ਬਾਣ ਨਾਲ ਸਾਰੀਆਂ ਫੌਜਾਂ ਦਾ ਖਤਮਾ ਕਰ ਸਕਦੇ ਸਨ। ਸਿਆਣੇ ਵਿਚਾਰਵਾਨ ਬ੍ਰਾਹਮਣ ਆਦਿ ਮਹਾਂਭਾਰਤ ਦੀਆਂ ਗੱਲਾਂ ਕਰਦੇ ਦੱਸਿਆ ਕਰਦੇ ਸਨ ਕਿ ਅਰਜਨ ਦੇ ਬਾਣਾਂ ਨਾਲ ਸੈਂਕੜੇ ਬੰਦੇ ਇਕੋ ਸਮੇਂ ਮਰ ਜਾਇਆ ਕਰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਵਰਸ਼ ਨੂੰ ਜ਼ਾਲਮ ਹਾਕਮਾਂ ਤੋਂ ਬਚਾਉਣ ਲਈ ਬਹੁਤ ਸੰਜਮ ਤੋਂ ਕੰਮ ਲਿਆ ਹੈ। ਨਾ ਹੀ ਉਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਨੇ ਕੋਈ ਮੁਅਜਜ਼ਾ (ਕਰਾਮਾਤ) ਵਿਖਾਇਆ ਸਗੋਂ ਬਹਾਦਰਾਂ ਵਾਂਗੂੰ ਭੈ ਤੋਂ ਰਹਿਤ ਹੋ ਕੇ ਉਥੇ ਬਾਦਸ਼ਾਹ ਨਾਲ ਬਚਨ ਕਰਕੇ ਸਮਝਾਉਣ ਦਾ ਯਤਨ ਕੀਤਾ ਕਿ ਐ ਔਰੰਗਜ਼ੇਬ! ਜਦੋਂ ਤੈਨੂੰ ਪ੍ਰਮੇਸ਼ਰ ਵਲੋਂ ਭਾਰਤ ਵਰਸ਼ ਦੀ ਬਾਦਸ਼ਾਹੀ ਦਾ ਤਾਜ ਪ੍ਰਾਪਤ ਹੋ ਹੀ ਗਿਆ ਹੈ ਤਾਂ ਰਾਜੇ ਦਾ ਧਰਮ ਨਮਾਜ਼ਾਂ ਪੜ੍ਹਨੀਆਂ ਨਹੀਂ ਹੁੰਦਾ, ਨਾ ਰੋਜ਼ੇ ਰਖਣਾ ਹੁੰਦਾ ਹੈ, ਰਾਜੇ ਦਾ ਧਰਮ ਨਿਆਂ ਹੋਇਆ ਕਰਦਾ ਹੈ, ਆਪਣੀ ਪਰਜਾ ਨਾਲ ਨਿਆਂ ਨਾਲ ਵਰਤਣਾ ਉਨ੍ਹਾਂ ਨੂੰ ਪੂਰਾ ਹੱਕ ਦੇਣਾ, ਉਨ੍ਹਾਂ ਦੇ ਵਧਣ ਫੁਲਣ ਲਈ ਕੋਈ ਦ੍ਵੈਤ ਨਾ ਰੱਖਣੀ, ਉਨ੍ਹਾਂ ਨੂੰ ਪੂਜਾ ਪਾਠ ਉਨ੍ਹਾਂ ਦੇ ਨਿਸ਼ਚਿਆਂ ਮੁਤਾਬਿਕ ਕਰਨ ਦਾ ਹੱਕ ਦੇਣਾ। ਜ਼ਾਲਮ ਹਾਕਮਾਂ ਦੇ ਜ਼ੁਲਮ ਤੋਂ ਰਾਖੀ ਕਰਨੀ ਰਾਜੇ ਦਾ ਧਰਮ ਹੋਇਆ ਕਰਦਾ ਹੈ ਪਰ ਇਸ ਦੇ ਵਿਪਰੀਤ ਤੁਸੀਂ ਜੋ ਕੁਝ ਕਰ ਰਹੇ ਹੋ, ਉਹ ਖੁਦਾਵੰਦ ਤਾਲਾਅ ਦੇ ਹੁਕਮ ਤੋਂ ਵਿਰੁਧ ਹੈ। ਇਸਲਾਮ ਵਾਲਿਆਂ ਨੂੰ ਛੱਡ ਕੇ ਤੁਸੀਂ ਬਾਕੀ ਸਾਰਿਆਂ ਨੂੰ ਕਾਫਰ ਆਖਦੇ ਹੋਂ, ਇਹ ਪਰਿਭਾਸ਼ਾ ਠੀਕ ਨਹੀਂ ਹੈ। ਕਾਫਰ ਉਹ ਹੁੰਦਾ ਹੈ ਜੋ ਪ੍ਰਮੇਸ਼ਰ ਤੇ ਯਕੀਨ ਨਾ ਲਿਆਵੇ। ਜੇ ਇਹ ਹਿੰਦੂ ਜਨਤਾ ਦੇਵਤਿਆਂ ਨੂੰ ਮੰਨਦੀ ਹੈ, ਬ੍ਰਹਮਾ ਜੀ, ਵਿਸ਼ਨੂੰ ਜੀ, ਸ਼ਿਵ ਜੀ ਮਹਾਰਾਜ ਆਦਿ ਦੇਵਤੇ ਇਹ ਸਾਰੀਆਂ ਪ੍ਰਮੇਸ਼ਰ ਦੀਆਂ ਸ਼ਕਤੀਆਂ ਹਨ ਉਸ ਨੇ ਹੀ ਸੰਸਾਰਕ ਪ੍ਰਬੰਧ ਚਲਾਉਣ ਲਈ ਇਨ੍ਹਾਂ ਨੂੰ ਤਾਣ ਦਿਤਾ ਹੋਇਆ ਹੈ। ਇਸ ਨਾਲ ਪ੍ਰਮੇਸ਼ਰ ਦਾ ਤਾਂ ਕੁਝ ਘਟਦਾ ਨਹੀਂ ਹੈ, ਉਨ੍ਹਾਂ ਦਾ ਨਿਸ਼ਚਾ ਪੂਰਨ ਰੂਪ ਵਿਚ ਪ੍ਰਭੂ ਵਿਚ ਹੈ, ਉਨ੍ਹਾਂ ਦੀ ਸਭਿਅਤਾ ਪਿਛਲੇ ਹਜ਼ਾਰਾਂ ਸਾਲਾਂ ਤੋਂ ਬਹੁਤ ਹੀ ਲਾਮਿਸਾਲ ਰਹੀ ਹੈ। ਉਨ੍ਹਾਂ ਨੂੰ ਕਾਫਰ ਨਹੀਂ ਆਖਿਆ ਜਾ ਸਕਦਾ। ਕਾਫਰ ਤਾਂ ਉਹ ਹੁੰਦੇ ਹਨ ਜਿਨ੍ਹਾਂ ਦਾ ਪ੍ਰਮੇਸ਼ਰ ਵਿਚ ਅਤੇ ਨਾ ਹੀ ਧਾਰਮਕ ਚਲਨ ਵਿਚ ਕੋਈ ਵਿਸ਼ਵਾਸ਼ ਹੁੰਦਾ ਹੈ। ਨਾ ਹੀ ਉਹ ਦਰਗਾਹ ਨੂੰ ਮੰਨਦੇ ਹਨ, ਨਾ ਉਨ੍ਹਾਂ ਦਾ ਵਿਸ਼ਵਾਸ਼ ਹੁੰਦਾ ਹੈ ਕਿ ਲੇਖਾ ਲੈਣ ਵਾਲਾ ਅਜ਼ਰਾਈਲ ਫਰੇਸ਼ਤਾ ਵੀ

ਹੈ, ਦੋਜ਼ਖ ਦਾ ਤਾਂ ਬਿਲਕੁਲ ਹੀ ਉਨ੍ਹਾਂ ਨੂੰ ਵਿਸ਼ਵਾਸ਼ ਨਹੀਂ ਹੁੰਦਾ। ਉਨ੍ਹਾਂ ਦਾ ਨਿਸ਼ਚਾ ਹੁੰਦਾ ਹੈ ਕਿ 'ਆਹ ਜਗ ਮਿੱਠਾ ਅਗਲਾ ਕਿਨ ਡਿੱਠਾ'। ਬਾਦਸ਼ਾਹ! ਐਸੇ ਲੋਕ ਵੀ ਮਾੜੇ ਨਹੀਂ ਹਨ, ਉਨ੍ਹਾਂ ਨੂੰ ਮਾਰਨਾ ਸਵਾਬ ਨਹੀਂ ਹੁੰਦਾ। ਉਹ ਭੁੱਲੇ ਹੋਏ ਇਨਸਾਨ ਹਨ, ਸੁਧਾਰੇ ਜਾ ਸਕਦੇ ਹਨ। ਮਾਰਨ ਨਾਲ ਘੋਰ ਹੱਤਿਆ ਆਪਣੇ ਸਿਰ ਚੜ੍ਹਦੀ ਹੈ। ਸੋ ਮੈਂ ਤੁਹਾਨੂੰ ਬੇਨਤੀ ਕਰਦਾ ਹੈ ਕਿ ਜੋ ਤੁਸੀਂ ਜਬਰੀ ਤਬਲੀਗ (ਧਰਮ ਬਦਲਾਉਣ) ਦੇ ਹੁਕਮ ਦਿਤੇ ਹਨ ਉਹ ਨਿਆਂਕਾਰੀ ਨਹੀਂ ਹਨ, ਰਾਜੇ ਦੇ ਧਰਮ ਤੋਂ ਵਿਪਰੀਤ ਹਨ, ਰਾਜਾ ਕਸਾਈ ਨਹੀਂ ਹੁੰਦਾ, ਉਹ ਪ੍ਰਜਾ ਦਾ ਖ਼ੂਨ ਨਹੀਂ ਪੀਂਦਾ, ਉਹ ਪਰਜਾ ਨੂੰ ਪਾਲਣ ਵਾਲੀ ਹਰਮਨ ਪਿਆਰਾ ਵਿਅਕਤੀ ਹੁੰਦਾ ਹੈ ਕਿਉਂਕਿ ਪ੍ਰਮੇਸ਼ਰ ਨੇ ਉਸ ਤੇ ਕ੍ਰਿਪਾ ਕਰਕੇ ਉਸ ਨੂੰ ਐਡੀ ਉਚੀ ਪਦਵੀ ਦਿਤੀ ਹੈ।

ਰਾਏ ਕੱਲ੍ਹਾ ਕਹਿਣ ਲੱਗਿਆ, "ਮਹਾਰਾਜ ਜੀ! ਉਨ੍ਹਾਂ ਨੂੰ ਵੀ ਉਸ ਔਰੰਗਜ਼ੇਬ ਨੇ ਸ਼ਹੀਦ ਕਰ ਦਿਤਾ, ਤੁਸੀਂ ਵੀ ਇਸੇ ਸਬੰਧ ਵਿਚ ਬਹੁਤ ਵੱਡੀ ਕੁਰਬਾਨੀ ਦਿਤੀ ਹੈ। ਭਾਵੇਂ ਗੁਰੂ ਤੇਗ ਬਹਾਦਰ ਸਾਹਿਬ ਪੂਰਨ ਸ਼ਕਤੀਮਾਨ ਸਨ, ਕਿਸੇ ਕਿਸਮ ਦਾ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ ਕਿ ਉਹ ਕੋਈ ਮੁਅਜ਼ਦਾ ਨਹੀਂ ਕਰ ਸਕਦੇ ਸਨ ਪਰ ਉਨ੍ਹਾਂ ਨੇ ਇਨਸਾਨੀ ਤੌਰ ਤੇ ਬਹੁਤ ਹੀ ਉਚੀ ਕਰਨੀ ਕੀਤੀ ਹੈ, ਆਪਣਾ ਸੀਸ ਤਾਂ ਦੇ ਦਿਤਾ ਪਰ ਅਸੂਲ ਨਹੀ ਛੱਡੇ।" ਇਸ ਤਰ੍ਹਾਂ ਗੁਰੂ ਮਹਾਰਾਜ ਜੀ! ਤੁਹਾਡੇ ਗੁਰਸਿੱਖ ਐਸੇ ਬਚਨ ਮੇਰੇ ਨਾਲ ਕਰਿਆ ਕਰਦੇ ਹਨ ਆਪ ਦੀ ਸੂਰਮਤਾਈ ਦੀ ਧਾਕ ਸਾਰੇ ਭਾਰਤ ਵਰਸ਼ ਵਿਚ ਸਾਰੇ ਸੂਰਮਿਆਂ ਦੀ ਜ਼ੁਬਾਨ ਉਪਰ ਹੈ। ਮੈਂ ਆਪ ਦੇ ਗੁਰਸਿਖਾਂ ਤੋਂ ਸੁਣ ਚੁੱਕਿਆ ਹਾਂ ਕਿ ਇਕ ਬਹੁਤ ਵੱਡਾ ਧਾਰਮਕ ਸੰਕਟ ਆਪ ਦੇ ਸਾਮ੍ਹਣੇ ਇਨ੍ਹਾਂ ਕਾਫਰ ਹੁਕਮਰਾਨਾਂ ਨੇ ਖੜ੍ਹਾ ਕਰ ਦਿਤਾ ਹੈ। ਕੁਰਾਨ ਸ਼ਰੀਫ ਦੇ ਨਾਲ ਬਾਦਸ਼ਾਹ ਔਰੰਗਜ਼ੇਬ ਦੀ ਇਕ ਚਿੱਠੀ ਲਾਈ ਗਈ ਸੀ। ਜਾਮਨੀ ਵਜੋਂ ਇਸਲਾਮ ਧਰਮ ਦੀ ਸਭ ਤੋਂ ਮਾਣਨੀਕ ਪੁਸਤਕ ਨਾਲ ਭੇਜੀ ਗਈ, ਹਿੰਦੂ ਰਾਜਿਆਂ ਨੇ ਇਕ ਗਊ ਬਣਾਈ ਅਤੇ ਸੁਣਿਆ ਹੈ ਕਿ ਉਨ੍ਹਾਂ ਨੇ ਵੀ ਆਪਣਾ ਇਕ ਧਰਮ ਗ੍ਰੰਥ ਨਾਲ ਰੱਖ ਕੇ ਭਰੋਸਾ ਦਿਵਾਇਆ ਕਿ ਜੋ ਗੱਲ ਅਸੀਂ ਲਿਖੀ ਹੈ ਉਸ ਦੀ ਜਾਮਨੀ ਅੱਲਾ ਤਾਲਾਹ ਨੂੰ ਵਿਚਾਰ ਵਿਚ ਰੱਖ ਕੇ ਦੇ ਰਹੇ ਹਾਂ। ਇਨ੍ਹਾਂ ਗੁਰਸਿਖਾਂ ਨੇ ਦੱਸਿਆ ਹੈ ਕਿ ਦੁਨੀਆਂ ਵਿਚ ਕੋਈ ਐਸੀ ਤਾਕਤ ਨਹੀਂ ਸੀ ਜੋ ਗੁਰੂ ਮਹਾਰਾਜ ਤੋਂ ਕਿਲ੍ਹਾ ਖਾਲੀ ਕਰਾ ਲੈਂਦੀ ਪਰ ਇਨ੍ਹਾਂ ਧਾਰਮਕ ਪੋਥੀਆਂ ਦਾ ਮਾਣ ਰੱਖਣ ਲਈ ਆਪ ਨੇ ਕਿਲ੍ਹਾ ਛੱਡ ਦਿਤਾ। ਸੱਚੇ ਪਾਤਸ਼ਾਹ! ਉਸ ਤੋਂ ਪਿਛੋਂ ਜੋ ਕੁਝ ਹੋਇਆ ਉਹ ਤਾਂ ਓਹੀ ਜਾਣਦੇ ਹਨ ਜੋ ਉਸ ਵਕਤ ਉਥੇ ਸਨ। ਸ਼ਾਹੀ ਫੌਜਾਂ ਦਾ ਹਮਲਾ ਕਰਨਾ ਇਸ ਗੱਲ ਦਾ ਪ੍ਰਤੀਕ ਹੈ ਕਿ ਇਨ੍ਹਾਂ ਨੂੰ ਨਾ ਕੁਰਾਨ ਸ਼ਰੀਫ ਤੇ ਭਰੋਸਾ ਹੈ, ਨਾ ਹਿੰਦੂ ਧਰਮ ਗ੍ਰੰਥ ਗੀਤਾ ਤੇ ਭਰੋਸਾ ਹੈ ਧੋਖਾ ਦੇਣ ਵਾਲੀ ਲੂੰਬੜ ਚਾਲ ਚੱਲ ਕੇ ਆਪ ਨੂੰ ਇਨ੍ਹਾਂ ਨੇ ਇਹ ਗੱਲਾਂ ਕਹੀਆਂ। ਬੇਅੰਤ ਸਿੰਘ ਸ਼ਹੀਦ ਹੋ ਗਏ।

ਮਹਾਰਾਜ ਜੀ! ਭਾਵੇਂ ਮੈਂ ਇਸਲਾਮ ਧਰਮ ਨਾਲ ਹੀ ਸਬੰਧ ਰਖਦਾ ਹਾਂ ਪਰ ਮੈਨੂੰ ਇਹ ਗੱਲ ਬਹੁਤ ਹੀ ਬੁਰੀ ਲੱਗੀ ਹੈ। ਮੇਰੀਆਂ ਅੱਖਾਂ ਵਿਚੋਂ ਅਥਰੂ ਜਾਂਦੇ ਰਹੇ ਹਨ। ਇਨ੍ਹਾਂ ਗੁਰਸਿੱਖਾਂ ਨੇ ਦੱਸਿਆ ਕਿ ਆਪ ਚਮਕੌਰ ਦੀ ਕੱਚੀ ਗੜ੍ਹੀ ਘਿਰ ਗਏ ਅਤੇ ਪੂਰੀ ਬਹਾਦਰੀ ਨਾਲ ਪੂਰਾ ਦਿਨ ਸ਼ਾਹੀ ਫੌਜਾਂ ਦੇ ਦੰਦ ਖੱਟੇ ਕਰਦੇ ਰਹੇ, ਆਪ ਦੇ ਦੋ ਫਰਜੰਦ (ਸਾਹਿਬਜ਼ਾਦੇ) ਆਪ ਦੀਆਂ ਅੱਖਾਂ ਦੇ ਸਾਮ੍ਹਣੇ ਸ਼ਹੀਦ ਹੋ ਗਏ। ਉਨ੍ਹਾਂ ਦੀ ਬਹਾਦਰੀ ਦੀ ਕਥਾ ਜੋ ਮੈਂ ਸੁਣੀ ਹੈ ਉਸ ਤੋਂ ਮੈਂ ਅਨੁਮਾਨ ਲਾਇਆ ਹੈ ਕਿ ਸੰਸਾਰ ਵਿਚ ਅੱਜ ਤਕ ਕੋਈ ਵੀ ਬਹਾਦਰ ਐਸਾ ਨਹੀਂ ਆਇਆ ਜਿਸ ਨੇ ਇਕੱਲੇ ਫੌਜ ਵਿਚ ਦਾਖਲ ਹੋ ਕੇ ਐਨੇ ਘੰਟੇ ਬਹਾਦਰੀ ਦੇ ਨਾਲ ਕਿਸੇ ਵੱਡੀ ਫੌਜ ਨੂੰ ਰੋਕਿਆ ਹੋਵੇ। ਬਚਨ ਤਾਂ ਮੈਨੂੰ ਹਿੰਦੂਆਂ ਤੋਂ ਸੁਣਨ ਨੂੰ ਮਿਲਦੇ ਰਹਿੰਦੇ ਹਨ, ਉਹ ਵੀ ਦਸਦੇ ਸਨ ਕਿ ਅਰਜਨ ਦਾ ਲੜਕਾ ਅਭਿਮੰਨਯੂ ਇਕੱਲਾ ਜਾ ਕੇ ਵੱਡੇ ਮਹਾਂਰਥੀਆਂ ਨਾਲ ਯੁੱਧ ਕਰਦਾ ਰਿਹਾ, ਮਹਾਰਾਜ ਜੀ! ਉਨ੍ਹਾਂ ਨੇ ਵੀ ਧੋਖਾ ਦਿਤਾ ਅਤੇ ਸਾਰਿਆਂ ਨੇ ਇਕੱਠੇ ਵਾਰ ਕਰਕੇ ਸ਼ਹੀਦ ਕਰ ਦਿਤਾ। ਉਸ ਦੀ ਵੀਰਗਤੀ ਦੀ ਖਬਰ ਜਦੋਂ ਪੰਜੋਂ ਪਾਂਡਵਾਂ ਨੂੰ ਪਹੁੰਚਦੀ ਹੈ ਤਾਂ ਸੁਣਿਆ ਹੈ ਕਿ ਉਨ੍ਹਾਂ ਨੇ ਬਹੁਤ ਵਿਰਲਾਪ ਕੀਤਾ।

ਮੈਨੂੰ ਆਪ ਦੇ ਮੁਖੀ ਗੁਰਸਿੱਖਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਜੀ ਜਿਨ੍ਹਾਂ ਨੇ ਸਾਰੀਆਂ ਘਟਨਾਵਾਂ ਅੱਖਾਂ ਨਾਲ ਦੇਖੀਆਂ ਹਨ ਉਨ੍ਹਾਂ ਨੇ ਦੱਸਿਆ ਹੈ ਕਿ ਜਦੋਂ ਵੱਡੇ ਸਾਹਿਬਜ਼ਾਦੇ (ਬਾਬਾ ਅਜੀਤ ਸਿੰਘ ਜੀ) ਯੁੱਧ ਕਰ ਰਹੇ ਸੀ ਤਾਂ ਆਪ ਉਨ੍ਹਾਂ ਦੀ ਯੁੱਧ ਕਲਾ ਨੂੰ ਦੇਖ ਕੇ ਬਲਿਹਾਰ-ਬਲਿਹਾਰ, ਵਾਹੁ-ਵਾਹੁ ਕਹਿ ਰਹੇ ਸਨ, ਕਿਸੇ ਅਫਸੋਸ ਵਿਚ ਨਹੀਂ ਸੀ ਜਾ ਰਹੇ। ਇਹ ਸੱਚੇ ਸੂਰਮਿਆਂ ਅਤੇ ਯੋਧਿਆਂ ਦਾ ਧਰਮ ਹੈ ਕਿ ਉਹ ਸਨਮੁਖ ਹੋ ਕੇ ਵੀਰਗਤੀ ਪ੍ਰਾਪਤ ਕਰਨ। ਆਪ ਦੇ ਛੋਟੇ ਸਾਹਿਬਜ਼ਾਦੇ ਆਪਣੇ ਵੱਡੇ ਭਰਾ ਦੇ ਸ਼ਹੀਦ ਹੋਣ ਪਿਛੋਂ ਆਪ ਤੋਂ ਆਗਿਆ ਮੰਗਣ ਲੱਗੇ, ਆਪ ਨੇ ਖੁਸ਼ੀ-ਖੁਸ਼ੀ ਉਸਨੂੰ ਜੰਗ ਲਈ ਤਿਆਰ ਕੀਤਾ, ਆਪਣੇ ਹੱਥੀਂ ਸਸ਼ਤਰ ਸਜਾਏ। ਉਨ੍ਹਾਂ ਦੀ ਆਯੂ ਕਿੰਨੀ ਕੁ ਸੀ, ਮੈਨੂੰ ਇਨ੍ਹਾਂ ਨੇ ਦੱਸਿਆ ਹੈ ਕਿ 14 ਸਾਲ ਸੀ ਪਰ ਉਨ੍ਹਾਂ ਦੀ ਜੁਰੱਅਤ ਐਨੀ ਸੀ ਕਿ ਸ਼ੇਰਾਂ ਵਾਂਗੂੰ ਭਖਦੇ ਹੋਏ ਯੁੱਧ ਵਿਚ ਧੱਸੇ ਜਾਂਦੇ ਹਨ ਜਿਵੇਂ ਕੋਈ ਵਿਆਹ ਦੀ ਤਿਆਰੀ ਕਰਕੇ ਖੁਸ਼ੀ

ਮਾਣਦਾ ਹੈ। ਸੱਚੇ ਪਾਤਸ਼ਾਹ! ਉਹ ਵੀ ਆਪ ਦੇ ਸਾਮ੍ਹਣੇ ਸ਼ਹਾਦਤ ਦਾ ਪਿਆਲਾ ਪੀ ਕੇ ਵੀਰਗਤੀ ਪ੍ਰਾਪਤ ਕਰ ਗਏ ਅਤੇ ਹਿੰਦੁਸਤਾਨ ਵਿਚ ਹੀ ਨਹੀਂ, ਸਾਰੀ ਦੁਨੀਆਂ ਵਿਚ ਮਿਸਾਲ ਕਾਇਮ ਕਰ ਗਏ। ਧੰਨ ਤੁਹਾਡਾ ਜਿਗਰਾ ਹੈ ਕਿ ਆਪ ਦੇ ਨੇਤਰਾਂ ਤੋਂ ਇਕ ਹੰਝੂ ਵੀ ਨਹੀਂ ਗਿਰਿਆ। ਉਨ੍ਹਾਂ ਦੀ ਸ਼ਹਾਦਤ ਪਿਛੋਂ ਆਪ ਦੇ ਚਿਹਰੇ ਉਤੇ ਐਨਾ ਨੂਰ ਤਾਰੀ ਹੋਇਆ ਕਿ ਆਪ ਦਾ ਚਿਹਰਾ ਦਗ-ਦਗ ਕਰ ਰਿਹਾ ਸੀ। ਧੰਨ ਹਨ ਗੁਰਸਿੱਖ ਜਿਨ੍ਹਾਂ ਨੇ ਉਸ ਵਕਤ ਆਪ ਦੇ ਦਰਸ਼ਨ ਕੀਤੇ। ਇਹ ਬਹੁਤ ਹੀ ਵੱਡਾ ਸਾਕਾ ਸੀ ਜੋ ਸੰਸਾਰ ਦੇ ਇਤਿਹਾਸ ਵਿਚ ਕਿਤੇ ਵੀ ਪੜ੍ਹਨ ਸੁਣਨ ਨੂੰ ਨਹੀਂ ਆਉਂਦਾ। ਹੇ ਗੁਰੂ ਗੋਬਿੰਦ ਸਿੰਘ ਜੀ! ਤੁਸੀਂ ਹੀ ਇਕ ਅਜਿਹੀ ਅਦੁੱਤੀ ਸਖਸ਼ੀਅਤ ਸੰਸਾਰ ਤੇ ਪ੍ਰਗਟ ਹੋਏ ਹੋ ਜਿਸ ਦੀ ਹਰ ਗੱਲਬਾਤ ਬਿਲਕੁਲ ਨਿਆਰੀ ਹੈ।

ਸੱਚੇ ਪਾਤਸ਼ਾਹ! ਮੈਨੂੰ ਹੋਰ ਵੀ ਖੁਸ਼ੀ ਹੋਈ ਕਿ ਇਸ ਆੜੇ ਸਮੇਂ ਵਿਚ ਮੇਰੇ ਹੀ ਜਾਤ ਭਾਈ ਨੇ ਆਪ ਦਾ ਪਲੰਘ ਚੁਕਿਆ। ਮਾਛੀਵਾੜੇ ਦੇ ਪਠਾਣ ਨਾ ਹੀ ਗਨੀ ਖਾਂ ਅਤੇ ਨਾ ਹੀ ਨਬੀ ਖਾਂ ਕਿਸੇ ਚਿੰਤਾ ਵਿਚ ਪਏ। ਉਨ੍ਹਾਂ ਨੇ ਦਿਨ ਦਿਹਾੜੇ ਆਪ ਨੂੰ ਫੌਜਾਂ 'ਚ ਲੰਘਾਉਣ ਦਾ ਯਤਨ ਕੀਤਾ। ਉਸ ਤੋਂ ਬਾਅਦ ਸੱਯਦ ਅਨਾਇਤ ਅਲੀ ਮੋਟੂ ਮਾਜਰੇ ਦੇ ਮਾਨਤਾ ਪ੍ਰਾਪਤ ਪੀਰ, ਉਨ੍ਹਾਂ ਨੇ ਵੀ ਸਿਰ ਧੜ ਦੀ ਬਾਜੀ ਲਾ ਕੇ ਉਚ ਦੇ ਪੀਰ ਕਹਿ ਕੇ ਆਪ ਦੀ ਸੇਵਾ ਕੀਤੀ। ਮੇਰਾ ਮਨ ਉਨ੍ਹਾਂ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ ਹੈ। ਰਾਏ ਕੱਲ੍ਹਾ ਦੇ ਨੇਤਰਾਂ ਵਿਚੋਂ ਪਾਣੀ ਸਿੰਮ ਰਿਹਾ ਸੀ ਅਤੇ ਉਸ ਨੇ ਸਾਰਿਆਂ ਦੇ ਸਾਮ੍ਹਣੇ ਅਜਿਹਾ ਬਚਨ ਕੀਤਾ ਕਿ ਨਾ ਹੀ ਗੁਰੂ ਸਾਹਿਬ ਨੇ ਕੋਈ ਮੋੜਵਾਂ ਬਚਨ ਕੀਤਾ ਅਤੇ ਨਾ ਹੀ ਜੋ ਉਥੇ ਹਾਜ਼ਰ ਸ਼ਰਧਾਲੂ ਬੈਠੇ ਸਨ ਉਨ੍ਹਾਂ ਨੇ ਕੋਈ ਬਚਨ ਕੀਤਾ, ਸਭ ਦੇ ਨੇਤਰਾਂ ਵਿਚੋਂ ਜਲ ਜਾ ਰਿਹਾ ਸੀ। ਗੁਰੂ ਮਹਾਰਾਜ ਨੇ ਇਕੋ ਬਚਨ ਕੀਤਾ ਕਿ ਰਾਏ ਕੱਲ੍ਹਾ! ਇਹ ਅਮਾਨਤ ਮੈਨੂੰ ਪ੍ਰਮੇਸ਼ਰ ਨੇ ਬਖਸ਼ੀ ਸੀ, ਇਹ ਸਹੀ ਸਲਾਮਤ ਵਾਪਸ ਹੋ ਗਈ, ਮੈਂ ਉਸ ਦਾ ਸ਼ੁਕਰ ਗੁਜ਼ਾਰ ਹਾਂ; ਜੰਮਣਾ-ਮਰਨਾ, ਮਿਲਣਾ-ਵਿਛੁੜਨਾ ਇਹ ਕਾਰ ਸੰਸਾਰ ਤੇ ਸਦਾ ਚਲਦੀ ਰਹਿੰਦੀ ਹੈ। ਅੱਜ ਤਕ ਸੰਸਾਰ ਤੇ ਕੋਈ ਐਸਾ ਨਹੀਂ ਜਨਮਿਆ ਜੋ ਸਦਾ ਅਮਰ ਰਹੇ। ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥*
*ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ॥ ਪੰਨਾ - 631*

ਜੋ ਸੰਸਾਰ ਤੇ ਆਇਆ ਹੈ ਉਸ ਦੇ ਮੱਥੇ ਤੇ ਜਾਣਾ ਵੀ ਲਿਖਿਆ ਹੁੰਦਾ ਹੈ, ਉਹ ਆਪਣੇ ਕਰਤੱਵ ਪੂਰੇ ਕਰਕੇ ਸੰਸਾਰ ਤੋਂ ਚਲਿਆ ਜਾਂਦਾ ਹੈ। ਔਰੰਗਜ਼ੇਬ ਨੇ ਵੀ ਚਲੇ ਜਾਣਾ ਹੈ, ਝੂਠੇ ਹਾਕਮਾਂ ਨੇ ਵੀ ਚਲੇ ਜਾਣਾ ਹੈ ਪਰ ਉਨ੍ਹਾਂ ਨੇ ਲਾਹਨਤ ਦਾ ਟੋਪ ਸਿਰ ਤੇ ਪਾ ਕੇ ਜਾਣਾ ਹੈ। ਸੱਚੀ ਦਰਗਾਹ ਵਿਚ ਜਦੋਂ ਹਿਸਾਬ ਕਿਤਾਬ ਦੱਸਿਆ ਜਾਣਾ ਹੈ, ਉਨ੍ਹਾਂ ਨੂੰ ਸਜ਼ਾ ਦੇਣਾ ਜਾਂ ਬਖਸ਼ ਦੇਣਾ ਉਸ ਮਾਲਕ ਦਾ ਹੀ ਕੰਮ ਹੈ। ਪਿਆਰਿਆ! ਅਸੀਂ ਤਾਂ ਆਪਣੇ ਮਿਤਰ ਦੀ, ਮਾਲਕ ਦੀ ਰਜ਼ਾਅ ਵਿਚ ਖੁਸ਼ ਹਾਂ, ਜਿਥੇ ਰਖਦਾ ਹੈ ਸਾਨੂੰ ਖੁਸ਼ੀ ਹੀ ਖੁਸ਼ੀ ਹੈ। ਗੁਰੂ ਮਹਾਰਾਜ ਨੇ ਬਚਨ ਬੰਦ ਕਰਦਿਆਂ ਆਖਿਆ ਕਿ ਰਾਏ ਕੱਲ੍ਹਾ! ਸਵੇਰੇ ਮਾਹੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲੈਣ ਭੇਜਿਆ ਸੀ ਉਹ ਵਾਪਸ ਨਹੀਂ ਮੁੜਿਆ, ਕਈ ਘੰਟੇ ਬੀਤ ਗਏ ਹਨ। ਉਸ ਵੇਲੇ ਰਾਏ ਕੱਲ੍ਹੇ ਨੇ ਬੇਨਤੀ ਕੀਤੀ ਕਿ ਮਹਾਰਾਜ! ਸਰਹੰਦ ਤਾਂ ਇਥੋਂ 50-60 ਕੋਹ ਹੈ, ਉਥੇ ਆਮ ਆਦਮੀ ਦੋ ਦਿਨ ਵਿਚ ਪਹੁੰਚਦਾ ਹੈ ਫੇਰ ਉਸ ਨੇ ਪਤਾ ਵੀ ਲੈਣਾ ਹੈ, ਦੋ ਦਿਨ ਉਸ ਨੂੰ ਆਉਣ ਨੂੰ ਲਗ ਜਾਣੇ ਨੇ। ਮਹਾਰਾਜ! ਉਹ ਤਾਂ ਤਿੰਨ-ਚਾਰ ਦਿਨ ਵਿਚ ਇਥੇ ਪਹੁੰਚ ਸਕੇਗਾ।

ਗੁਰੂ ਮਹਾਰਾਜ ਨੇ ਕਿਹਾ ਕਿ ਕੋਈ ਬੰਦਾ ਇਸ ਉਚੇ ਬੋਹੜ ਉਪਰ ਚੜ੍ਹਾਓ, ਉਹ ਨਿਗ੍ਹਾ ਮਾਰ ਕੇ ਦੇਖੇ। ਰਾਏ ਕੱਲ੍ਹੇ ਨੂੰ ਸ਼ਰਧਾ ਸੀ, ਉਸ ਨੇ ਕਿਹਾ ਕਿ ਦਰਵੇਸ਼ ਪੀਰ, ਆਲਫ ਲੋਕ ਪੂਰੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹਨ। ਮੈਂ ਤਾਂ ਮਨੁੱਖੀ ਮੱਤ ਅਨੁਸਾਰ ਗੱਲ ਕਰ ਦਿਤੀ ਹੈ, ਪਤਾ ਨਹੀਂ ਇਨ੍ਹਾਂ ਨੂੰ ਕੀ ਭਾਵੇਂ। ਇਹ ਸਮਰੱਥ ਹੋਇਆ ਕਰਦੇ ਹਨ। ਉਸੇ ਵੇਲੇ ਇਹ ਵਿਚਾਰ ਕਰਕੇ ਉਸ ਨੇ ਆਪਣਾ ਇਕ ਨੌਕਰ ਦਰਖਤ ਤੇ ਚੜ੍ਹਾ ਦਿਤਾ, ਉਹ ਸਿਖਰ ਦੀ ਟੀਸੀ ਤੇ ਪਹੁੰਚ ਗਿਆ, ਉਥੋਂ ਹੀ ਬੋਲ ਪਿਆ ਕਿ ਮਾਹੀ ਤਾਂ ਤੇਜ਼ੀ ਨਾਲ ਆ ਰਿਹਾ ਹੈ।

ਥੋੜ੍ਹੇ ਚਿਰ ਵਿਚ ਮਾਹੀ ਪਹੁੰਚ ਗਿਆ। ਗੁਰੂ ਮਹਾਰਾਜ ਨੂੰ ਦੇਖਦੇ ਸਾਰ ਉਸ ਦਾ ਗਲਾ ਰੁਕ ਗਿਆ, ਬੋਲਣ ਦੀ ਥਾਂ ਉਚੀ-ਉਚੀ ਫੁੱਟ-ਫੁੱਟ ਕੇ ਰੋਣ ਲਗ ਗਿਆ। ਸਾਰਿਆਂ ਨੇ ਅਨੁਮਾਨ ਲਾ ਲਿਆ ਕਿ ਜ਼ਰੂਰ ਕੋਈ ਮਾੜੀ ਘਟਨਾ ਹੋਈ ਹੈ ਜਿਸ ਨੂੰ ਇਹ ਦਸਣ ਤੋਂ ਅਸਮਰੱਥ ਹੈ। ਗੁਰੂ ਮਹਾਰਾਜ ਨੇ ਕਿਹਾ ਕਿ ਮਾਹੀ! ਤੂੰ ਰੋ ਨਾ, ਬਹਾਦਰ ਬੰਦਿਆਂ ਦਾ ਕੰਮ ਰੋਣਾ ਨਹੀਂ ਹੁੰਦਾ, ਜੋ ਕੁਝ ਹੋ ਗਿਆ ਉਹ ਤਾਂ ਹੋ ਹੀ ਗਿਆ, ਤੂੰ ਇਹ ਦਸ ਕਿ ਕੀ ਭਾਣਾ ਵਰਤਿਆ ਹੈ? ਗੁਰੂ ਮਹਾਰਾਜ ਨੇ ਉਸ ਨੂੰ ਬੋਲਣ ਦੀ ਸ਼ਕਤੀ ਦਿਤੀ। ਉਸ ਨੇ ਕਿਹਾ ਸੱਚੇ ਪਾਤਸ਼ਾਹ! ਪਹਿਲਾਂ ਤਾਂ ਮੈਂ ਹੈਰਾਨ ਹਾਂ ਕਿ ਜਦੋਂ ਮੈਂ ਆਪ ਪਾਸੋਂ ਚੱਲਿਆ ਸੀ ਤਾਂ ਮੈਨੂੰ ਐਉਂ ਪ੍ਰਤੀਤ ਦਿੰਦਾ ਸੀ ਕਿ ਸਰਹੰਦ ਤਾਂ ਸਾਮ੍ਹਣੇ ਹੀ ਹੈ, ਮੈਂ ਇਕ ਘੜੀ ਵਿਚ ਹੀ ਉਥੇ ਪਹੁੰਚ ਗਿਆ। ਆਪ ਦੀ ਬਦੌਲਤ ਮੈਨੂੰ ਕੋਈ ਵੀ ਨਾ ਦੇਖ ਸਕਿਆ। ਮੈਂ ਘਰ-ਘਰ ਘੁੰਮ ਰਿਹਾ ਸੀ, ਸਾਰੇ ਸਰਹੰਦ ਵਿਚੋਂ ਰੋਣ ਪਿਟਣ ਦੀ,

ਸਿਆਪਿਆਂ ਦੀ ਅਵਾਜ਼ ਆ ਰਹੀ ਸੀ। ਐਨੇ ਫੌਜੀ ਜਵਾਨ ਮਾਰੇ ਗਏ ਕਿ ਮੈਂ ਅੰਦਾਜ਼ਾ ਹੀ ਨਹੀਂ ਲਾ ਸਕਿਆ। ਹਿੰਦੂ ਲੋਕ ਚੁੱਪ ਚਾਂਦ ਬੈਠੇ ਸਨ। ਮੈਨੂੰ ਪਤਾ ਲੱਗਿਆ, ਇਕ ਹਿੰਦੂ ਵੀਰ ਨੇ ਦੱਸਿਆ ਕਿ ਬਹੁਤ ਸਖਤ ਪਾਬੰਧੀ ਕਿਲੇ ਦੇ ਦੁਆਲੇ ਲੱਗੀ ਹੋਈ ਸੀ, ਸਿਰਫ ਇਕ ਮੋਤੀ ਮਹਿਰਾ ਦੁੱਧ ਲੈ ਕੇ ਅੰਦਰ ਜਾਂਦਾ ਸੀ। ਕਿਸੇ ਨਾ ਕਿਸੇ ਤਰੀਕੇ ਨਾਲ ਉਹ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਪਾਸ ਪਹੁੰਚਾਉਂਦਾ ਸੀ। ਮੋਤੀ ਮਹਿਰੇ ਦੀ ਮੈਂ ਤਲਾਸ਼ ਕੀਤੀ, ਉਹ ਮੈਨੂੰ ਉਸੇ ਸਮੇਂ ਮਿਲ ਗਿਆ ਜਿਵੇਂ ਆਪ ਨੇ ਹੀ ਪਰੇਰ ਕੇ ਭੇਜਿਆ ਹੋਵੇ। ਗੁਰੂ ਮਹਾਰਾਜ ਜੀ! ਆਪ ਤੋਂ ਕੋਈ ਚੀਜ਼ ਭੁੱਲੀ ਨਹੀਂ ਹੋਈ, ਕੇਵਲ ਮਰਿਆਦਾ ਪੂਰੀ ਕਰਨ ਲਈ ਮੇਰੇ ਸਰੀਰ ਤੋਂ ਆਪ ਨੇ ਕੰਮ ਲਿਆ ਹੈ। ਜੋ ਕੁਝ ਮੈਂ ਉਥੇ ਦੇਖਿਆ ਸੁਣਿਆ, ਉਸਨੂੰ ਮੈਂ ਪੂਰੀ ਤਰ੍ਹਾਂ ਨਾਲ ਦਸ ਨਹੀਂ ਸਕਦਾ। ਐਨਾ ਸੁਣਿਆ ਹੈ ਕਿ ਆਪ ਦੇ ਰਸੋਈਏ ਗੰਗੂ ਨੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਜੀ ਅਤੇ ਮਾਤਾ ਜੀ ਨੂੰ ਮੁਰਿੰਡੇ ਦੇ ਥਾਣੇਦਾਰ ਪਾਸ ਗ੍ਰਿਫਤਾਰ ਕਰਾ ਦਿਤਾ। ਉਥੋਂ ਉਹ ਰਥਾਂ ਵਿਚ ਬੈਠਾ ਕੇ ਸਰਹੰਦ ਪਹੁੰਚਾਏ ਗਏ। ਅਤੇ ਉਨ੍ਹਾਂ ਪਾਸ ਕੋਈ ਕਪੜਾ ਵੀ ਨਹੀਂ ਸੀ, ਹਵਾ ਬਹੁਤ ਹੀ ਠੰਢੀ ਚਲ ਰਹੀ ਸੀ, ਹੁਕਮ ਦੇ ਦਿਤਾ ਕਿ ਮੁਰਿੰਡੇ ਵਲ ਦੇ ਬੁਰਜ ਵਿਚ ਉਨ੍ਹਾਂ ਨੂੰ ਕੈਦ ਕਰ ਦਿਤਾ ਜਾਵੇ, ਕੋਈ ਚੀਜ਼ ਖਾਣ ਵਾਸਤੇ ਨਾ ਦਿਤੀ ਜਾਵੇ, ਨਾ ਹੀ ਕੋਈ ਕਪੜਾ ਸਰਦੀ ਤੋਂ ਬਚਣ ਵਾਸਤੇ ਦਿਤਾ ਜਾਵੇ। ਬੜਾ ਵਹਿਸ਼ਿਆਨਾ ਹੁਕਮ ਸੀ। ਗੁਰੂ ਮਹਾਰਾਜ ਜੀ! ਇਹ ਤਾਂ ਤੁਸੀਂ ਹੀ ਜਾਣਦੇ ਹੋ ਕਿ ਕਿਵੇਂ ਉਨ੍ਹਾਂ ਨੇ ਪਾਲੇ ਤੋਂ ਬਚਣ ਲਈ ਕੀਤਾ ਪਰ ਮਹਿਰੇ ਨੇ ਦੱਸਿਆ ਕਿ ਦੋਨੋਂ ਸਾਹਿਬਜ਼ਾਦੇ ਮਾਤਾ ਜੀ ਦੀ ਗੋਦ ਵਿਚ ਸੌਂ ਗਏ ਅਤੇ ਮਾਤਾ ਜੀ ਸਾਰੀ ਰਾਤ ਜਾਗਦੇ ਰਹੇ। ਸਵੇਰੇ ਹੀ ਕਚਹਿਰੀ ਲਗਣ ਦਾ ਹੁਕਮ ਦਿਤਾ ਗਿਆ ਸੀ ਅਤੇ ਸਾਰੇ ਜੰਗ ਵਿਚ ਸ਼ਾਮਲ ਹੋਏ ਜਰਨੈਲਾਂ ਨੂੰ ਹਾਜ਼ਰੀ ਵਾਸਤੇ ਕਿਹਾ ਗਿਆ। ਸੁਣਿਆ ਹੈ ਕਿ ਦੋ ਦਿਨ ਕਚਹਿਰੀ ਵਿਚ ਛੋਟੇ ਫਰਜ਼ੰਦ (ਸਾਹਿਬਜ਼ਾਦਿਆਂ) ਨੂੰ ਬੁਲਾਇਆ ਗਿਆ। ਜੋ ਕੁਝ ਬਚਨ ਉਨ੍ਹਾਂ ਨੇ ਉਸ ਕਚਹਿਰੀ ਵਿਚ ਕੀਤੇ ਉਹ ਸੁਣ ਕੇ ਤਾਂ ਮੈਂ ਹੈਰਾਨ ਹੋ ਗਿਆ ਕਿ ਐਨੇ ਛੋਟੇ ਬੱਚੇ ਐਨੀਆਂ ਵੱਡੀਆਂ ਗੱਲਾਂ ਕਰ ਸਕਦੇ ਹਨ? ਮਹਾਰਾਜ ਜੀ! ਮੈਨੂੰ ਪਤਾ ਲੱਗਿਆ ਕਿ ਡਰ ਨਾਮ ਦੀ ਚੀਜ਼ ਉਨ੍ਹਾਂ ਦੇ ਨੇੜੇ ਤੇੜੇ ਵੀ ਨਹੀਂ ਸੀ। ਉਨ੍ਹਾਂ ਦਾ ਸ੍ਵੈਮਾਨ ਅਸਮਾਨਾਂ ਨੂੰ ਛੋਹ ਰਿਹਾ ਸੀ। ਉਨ੍ਹਾਂ ਨੇ ਨਵਾਬ ਦੀ ਕੋਈ ਪ੍ਰਵਾਹ ਨਾ ਕੀਤੀ ਮੈਨੂੰ ਦੱਸਿਆ ਗਿਆ ਹੈ ਕਿ ਝੁੱਕ ਕੇ ਸੱਤ ਸਲਾਮਾਂ ਕਰਨ ਦੀ ਥਾਂ ਉਹ ਨਿਧੜਕ ਖੜ੍ਹੇ ਰਹੇ। ਉਨ੍ਹਾਂ ਨੇ ਫਤਹਿ ਬੁਲਾਈ ਜਿਸ ਤਰ੍ਹਾਂ ਗੁਰਸਿੱਖ ਇਕ ਦੂਜੇ ਨੂੰ ਮਿਲਣ ਉਪਰ ਬੁਲਾਇਆ ਕਰਦੇ ਹਨ। ਉਨ੍ਹਾਂ ਦੀ ਭੈ ਰਹਿਤ ਹਾਲਤ ਦੇਖ ਕੇ ਸਾਰੇ ਹੈਰਾਨ ਹੋ ਰਹੇ ਸਨ। ਕਾਜ਼ੀ ਨੇ ਕਿਹਾ ਕਿ ਬੱਚਿਓ! ਕਚਹਿਰੀ ਦੇ ਰਿਵਾਜ ਅਨੁਸਾਰ ਮੈਂ ਤੁਹਾਨੂੰ ਦਸਦਾ ਹਾਂ ਕਿ ਇਸ ਤਰ੍ਹਾਂ ਝੁਕ ਕੇ ਸਲਾਮ ਕੀਤੀ ਜਾਂਦੀ ਹੈ ਅਤੇ ਸੱਤ ਸਲਾਮ ਕਰਨ ਪਿਛੋਂ ਸਿੱਧੇ ਖੜ੍ਹੇ ਹੋ ਜਾਈਦਾ ਹੈ, ਤੁਸੀਂ ਵੀ ਇਸ ਤਰ੍ਹਾਂ ਕਰੋ। ਉਨ੍ਹਾਂ ਨੇ ਕਿਹਾ, "ਕਾਜ਼ੀ ਸਾਹਿਬ! ਅਸੀਂ ਝੁਕਦੇ ਤਾਂ ਸੰਤਾਂ ਨੂੰ ਹੀ ਹਾਂ ਜਿਨ੍ਹਾਂ ਦੇ ਅੰਦਰ ਪ੍ਰਮੇਸ਼ਰ ਦੇ ਨਾਮ ਦੀ ਰੌ ਰੁਮਕਦੀ ਹੈ। ਉਨ੍ਹਾਂ ਦੇ ਚਰਨਾਂ ਦੀ ਅਸੀਂ ਧੂੜੀ ਵੀ ਮੰਗਦੇ ਹਾਂ। ਅਸਾਡੇ ਸੀਸ ਵਿਚ ਪੰਜ ਚੂਲੀਆਂ ਉਸ ਅੰਮ੍ਰਿਤ ਦੀਆਂ ਪਾਈਆਂ ਹਨ ਜੋ ਆਦਮੀ ਨੂੰ ਸਦਾ ਲਈ ਅਮਰ ਕਰ ਦਿੰਦੀਆਂ ਹਨ। ਅਸੀਂ ਅਕਾਲਪੁਰਖ ਦੇ ਪਿਆਰਿਆਂ ਅੱਗੇ ਝੁਕ ਸਕਦੇ ਹਾਂ ਪਰ ਇਨ੍ਹਾਂ ਪਾਮਰਾਂ ਅੱਗੇ ਨਹੀਂ ਝੁਕ ਸਕਦੇ, ਇਹ ਨਿਰੇ ਕਾਫਰ ਝੂਠੇ ਜ਼ਾਲਮ ਹਨ। ਇਹ ਕਹਿੰਦੇ ਹਨ ਕਿ ਸਾਡਾ ਪਿਤਾ ਸ਼ਹੀਦ ਹੋ ਗਿਆ, ਇਹ ਗੱਲ ਅਸੀਂ ਕਦੇ ਮੰਨ ਹੀ ਨਹੀਂ ਸਕਦੇ। ਸਾਡੇ ਪਿਤਾ ਅਕਾਲ ਪੁਰਖ ਨੇ ਇਸ ਜ਼ੁਲਮ ਦੇ ਹੜ੍ਹ ਨੂੰ ਰੋਕਣ ਲਈ ਭੇਜੇ ਹਨ। ਉਨ੍ਹਾਂ ਦਾ ਫੁਰਮਾਨ ਹੈ –

*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।*
*ਅਕਾਲ ਪੁਰਖ ਬਾਚ॥*
*ਚੌਪਈ॥*

ਜੇ ਉਹ ਚਾਹੁੰਣ ਤਾਂ ਸਾਰੀ ਫੌਜ ਦਾ ਨਾਸ਼ ਵੀ ਕਰ ਸਕਦੇ ਹਨ, ਪਰ ਉਹ ਮਾਨਵ ਸਰੀਰ ਧਾਰਨ ਕਰਕੇ ਮਾਨਵ ਮਰਿਆਦਾ ਤੋਂ ਉਲਟ ਨਹੀਂ ਚਲ ਰਹੇ ਅਤੇ ਉਨ੍ਹਾਂ ਨੇ ਹੀ ਆਪਣੀ ਬਾਣੀ ਵਿਚ ਕਿਹਾ ਹੈ –

*ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕਹ ਆਵਤ ਲਾਜਾ।* *ਬਚਿਤ੍ਰ ਨਾਟਕ*

ਪ੍ਰਭੂ ਦੇ ਲੋਕ ਕਰਾਮਾਤਾਂ ਨਹੀਂ ਦਿਖਾਇਆ ਕਰਦੇ। ਵੈਸੇ ਉਨ੍ਹਾਂ ਨੂੰ ਮਾਰਨ ਵਾਲਾ ਸੰਸਾਰ ਉਪਰ ਕੋਈ ਵੀ ਨਹੀਂ ਜੰਮਿਆ, ਇਹ ਬਿਲਕੁਲ ਝੂਠ ਬੋਲਦੇ ਹਨ। ਅਸੀਂ ਇਨ੍ਹਾਂ ਅੱਗੇ ਨਹੀਂ ਝੁਕ ਸਕਦੇ, ਅਸੀਂ ਪ੍ਰਮੇਸ਼ਰ ਦੇ ਪਿਆਰਿਆਂ ਨੂੰ ਝੁਕਦੇ ਹਾਂ।" ਮਹਾਰਾਜ ਜੀ! ਬਹੁਤ ਸਵਾਲ ਜਵਾਬ ਹੋਏ। ਜਦੋਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਦੀਨ ਇਸਲਾਮ ਵਿਚ ਆ ਜਾਵੋ, ਸਾਡੀ ਸ਼ਰ੍ਹਾ ਨੂੰ ਕਬੂਲ ਕਰੋ, ਨਮਾਜ਼ਾਂ ਪੜ੍ਹੋ, ਰੋਜ਼ੇ ਰੱਖੋ ਤਾਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਪੰਜ ਵਾਰੀ ਨਮਾਜ਼ ਪੜ੍ਹਦੇ ਹੋ, ਅਸੀਂ ਸਦਾ ਹੀ ਪੜ੍ਹਦੇ ਰਹਿੰਦੇ ਹਾਂ। ਸਾਡੇ ਮੁੱਖ ਵਿਚ ਸਦਾ ਹੀ ਖੁਦਾ ਦਾ ਨਾਮ ਨਿਕਲਦਾ ਹੈ। ਰੋਜ਼ੇ ਅਸੀਂ ਹਰ ਰੋਜ਼ ਹੀ ਰਖਦੇ ਹਾਂ ਕਿਉਂਕਿ ਅਸੀਂ ਅਲਪ ਅਹਾਰ ਅਤੇ ਥੋੜ੍ਹੀ ਨੀਂਦ ਲੈ ਕੇ ਸਾਰਾ ਸਮਾਂ ਪ੍ਰਮੇਸ਼ਰ ਦੀ ਯਾਦ ਵਿਚ ਬਿਤਾਉਂਦੇ ਹਾਂ। ਸਾਡੇ ਪਿਤਾ ਦਾ ਉਪਦੇਸ਼ ਹੈ ਕਿ ਸਾਰੇ ਇਨਸਾਨ ਇਕੋ ਹੀ ਹਨ ਉਨ੍ਹਾਂ ਦੀ ਬੋਲੀ ਵਿਚ ਫਰਕ ਹੈ। ਜਿਹੋ ਜਿਹੇ ਦੇਸ਼ ਵਿਚ ਰਹਿੰਦੇ ਹਨ, ਉਹੋ ਜਿਹੇ ਹੀ

ਵਸਤਰ ਪਹਿਨਦੇ ਹਨ ਪਰ ਇਨਸਾਨਾਂ ਵਿਚ ਕੋਈ ਫਰਕ ਨਹੀਂ ਹੈ। ਦੇਹੁਰੇ ਤੇ ਮਸਜਿਦ ਦੇ ਭੁਲੇਖੇ ਵਿਚ ਨਾ ਪਵੋ, ਇਹ ਦੋਵੇਂ ਥਾਂ ਪ੍ਰਮੇਸ਼ਰ ਦੀ ਬੰਦਗੀ ਕਰਨ ਵਾਸਤੇ ਹਨ। ਤੁਸੀਂ ਜੋ ਅਸਾਨੂੰ ਇਸਲਾਮ ਵਿਚ ਆਉਣ ਵਾਲੀ ਗੱਲ ਕਹਿੰਦੇ ਹੋ, ਕਿਸ ਇਸਲਾਮ ਦੀ ਤੁਸੀਂ ਗੱਲ ਕਹਿੰਦੇ ਹੋ? ਤੁਸੀਂ ਤਾਂ ਇਸਲਾਮ ਧਰਮ ਦੇ ਹੁੰਦੇ ਹੋਏ ਕੁਰਾਨ ਸ਼ਰੀਫ ਨਾਲ ਚਿੱਠੀ ਲਾ ਕੇ, ਐਨਾ ਧ੍ਰੋਹ ਕਮਾਇਆ ਹੈ ਕਿ ਤੁਸੀਂ ਤਾਂ ਉਸ ਨੂੰ ਇਕ ਸਾਧਾਰਨ ਪੁਸਤਕ ਵੀ ਨਹੀਂ ਸਮਝਿਆ। ਅਸੀਂ ਨਾ ਕਿਸੇ ਨੂੰ ਭੈ ਦਿੰਦੇ ਹਾਂ ਨਾ ਹੀ ਕਿਸੇ ਤੋਂ ਭੈ ਖਾਂਦੇ ਹਾਂ। ਮਨੁੱਖ ਪ੍ਰਮੇਸ਼ਰ ਨੇ ਇਕੋ ਜਿਹੇ ਪੈਦਾ ਕੀਤੇ ਹਨ, ਉਹੋ ਜਿਹੀਆਂ ਉਸ ਦੀਆਂ ਅੱਖਾਂ ਹਨ, ਉਹੋ ਜਿਹੇ ਉਸ ਦੇ ਕੰਨ ਹਨ, ਉਹੋ ਜਿਹਾ ਹੀ ਮੂੰਹ ਹੈ, ਬੋਲੀ ਵੀ ਆਪਣੇ ਹਿਸਾਬ ਨਾਲ ਬੋਲਦੇ ਹਨ, ਫੇਰ ਇਹ ਧੱਕਾ ਕਿਉਂ! ਕਿ ਤੁਸੀਂ ਇਸਲਾਮ ਧਾਰਨ ਕਰੋ? ਸਾਡੇ ਗੁਰੂ ਮਹਾਰਾਜ, ਗੁਰੂ ਨਾਨਕ ਸਾਹਿਬ ਨੇ ਨਵਾਬ ਦੌਲਤ ਖਾਂ ਨੂੰ ਸੱਚੀ ਨਮਾਜ਼ ਪੜ੍ਹਨ ਦੀ ਜੁਗਤ ਦੱਸੀ। ਸਾਡੇ ਪਿਤਾ ਕਿਸੇ ਦਾ ਦੇਸ਼ ਨਹੀਂ ਖੋਂਹਦੇ ਅਤੇ ਸਭ ਦੀ ਰਾਖੀ ਕਰਦੇ ਹਨ। ਤੁਸੀਂ ਉਨ੍ਹਾਂ ਉਪਰ ਚੜ੍ਹ-ਚੜ੍ਹ ਆਉਂਦੇ ਹੋ, ਉਹ ਆਪਣੇ ਖਤਰੀ ਧਰਮ ਨੂੰ ਪਾਲਦੇ ਹੋਏ ਤੁਹਾਡੀ ਵੰਗਾਰ ਨੂੰ ਪ੍ਰਵਾਨ ਕਰਦੇ ਹਨ। ਤੁਹਾਡੇ ਸ਼ਸਤਰਾਂ ਦਾ ਜਵਾਬ ਸ਼ਸਤਰਾਂ ਨਾਲ ਦਿੰਦੇ ਹਨ। ਆਪਣੀ ਰਾਖੀ ਕਰਨਾ ਇਨਸਾਨ ਦਾ ਜਮਾਂਦਰੂ ਹੱਕ ਹੈ। ਜੋ ਆਪਣੇ ਹੱਕਾਂ ਦੀ ਰਾਖੀ ਨਹੀਂ ਕਰ ਸਕਦੇ, ਉਸ ਦਾ ਸਰੀਰ ਤਾਂ ਅੰਨ੍ਹ ਪਾਣੀ ਨਾਲ ਚੱਲਣ ਵਾਲੀ ਮਸ਼ੀਨ ਹੈ, ਉਸ ਵਿਚ ਇਨਸਾਨਪੁਣਾ ਨਹੀਂ ਹੁੰਦਾ। ਅਜਿਹਾ ਉਤਰ ਸੁਣ ਕੇ ਖਾਮੋਸ਼ੀ ਛਾ ਜਾਂਦੀ ਸੀ, ਪਰ ਮਹਾਰਾਜ ਜੀ ਤੁਹਾਡੀ ਜਾਤ ਦਾ ਹੀ ਜੋ ਸੁੱਚਾ ਨੰਦ ਸੀ ਉਹ ਸ਼ੋਹਰਤ ਪ੍ਰਾਪਤ ਕਰਨ ਲਈ ਉਲਟ ਗੱਲ ਕਰ ਰਿਹਾ ਸੀ। ਉਸ ਨੇ ਕਿਹਾ ਕਿ ਨਵਾਬ ਸਾਹਿਬ! ਖਾਮੋਸ਼ੀ ਧਾਰਨ ਦੀ ਲੋੜ ਨਹੀਂ, ਇਹ ਨਾਗਾਂ ਦੇ ਬੱਚੇ ਹਨ, ਸਪੋਲੀਏ ਹਨ, ਜੇ ਅੱਜ ਛੱਡ ਦਿਤੇ ਤਾਂ ਵੱਡੇ ਹੋ ਕੇ ਅਜਿਹਾ ਉਪਦੱਵ ਮਚਾਉਣਗੇ ਕਿ ਮੁਗਲ ਰਾਜ ਦੀ ਜੜ੍ਹ ਹਿੱਲ ਜਾਵੇਗੀ। ਉਸ ਵੇਲੇ ਹੁਕਮ ਦਿਤਾ ਗਿਆ ਕਿ ਇਨ੍ਹਾਂ ਬੱਚਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ ਜਾਵੇ। ਹੁਕਮ ਦੇਣ ਤੋਂ ਪਿਛੋਂ ਸਾਰੀ ਕਚਹਿਰੀ ਵਲ ਨਿਗ੍ਹਾ ਕੀਤੀ ਕਿ ਇਹ ਸਾਰੇ ਮੇਰੇ ਨਾਲ ਸਹਿਮਤ ਹਨ? ਮਹਾਰਾਜ! ਇਕ ਬਹਾਦਰ ਖੜ੍ਹਾ ਹੋ ਗਿਆ, ਉਹ ਕਹਿਣ ਲੱਗਿਆ, "ਨਵਾਬ ਸਾਹਿਬ! ਅਸੀਂ ਤੇਰੇ ਫੈਸਲੇ ਨਾਲ ਬਿਲਕੁਲ ਸਹਿਮਤ ਨਹੀਂ ਹਾਂ। ਇਹ ਤੂੰ ਸ਼ਰ੍ਹਾ ਦੇ ਉਲਟ ਗੱਲ ਕਰ ਰਿਹਾ ਹੈਂ। ਸ਼ੀਰ ਖੋਰ ਬੱਚੇ, ਜਿਹੜੇ ਆਪਣੇ ਭਵਿੱਖ ਬਾਰੇ ਸੋਚ ਹੀ ਨਾ ਸਕਦੇ ਹੋਣ, ਉਨ੍ਹਾਂ ਉਤੇ ਇਹ ਕੁਫਰਾਨਾ ਸਜ਼ਾ ਥੋਪ ਦੇਵੋ, ਅਸੀਂ ਇਸ ਨਾਲ ਰੱਤਾ ਭਰ ਵੀ ਸਹਿਮਤ ਨਹੀਂ ਹਾਂ। ਐਸੀ ਕਚਹਿਰੀ ਜਿਸ ਵਿਚ ਇਨਸਾਨ ਕੋਈ ਬੈਠਾ ਹੀ ਨਹੀਂ, ਜਿਨ੍ਹਾਂ ਦਾ ਹਜ਼ਰਤ ਦੀ ਤਾਲੀਮ ਨਾਲ ਕੋਈ ਸਬੰਧ ਨਾ ਹੋਵੇ, ਅਸੀਂ ਐਸੀ ਕਚਹਿਰੀ ਵਿਚ ਇਕ ਮਿੰਟ ਵੀ ਬੈਠਣਾ ਪਸੰਦ ਨਹੀਂ ਕਰਦੇ। ਪਰ ਯਾਦ ਰੱਖ ਨਵਾਬ ਸਾਹਿਬ! ਮੈਂ ਕੋਈ ਪੇਸ਼ੀਨਗੋਈ ਨਹੀਂ ਕਰ ਰਿਹਾ, ਜਦੋਂ ਜ਼ੁਲਮ ਦੀ ਹਦ ਵਧ ਜਾਂਦੀ ਹੈ ਉਸ ਵੇਲੇ ਅੱਲਾਹ ਤਾਲਾ ਸਜ਼ਾ ਦਿੰਦਾ ਹੈ। ਯਾਦ ਰੱਖ, ਇਨ੍ਹਾਂ ਬੱਚਿਆਂ ਦੇ ਖ਼ੂਨ ਦਾ ਕਤਰਾ-ਕਤਰਾ ਮੁਗਲ ਰਾਜ ਦੀਆਂ ਜੜ੍ਹਾਂ ਪੁੱਟ ਦੇਵੇਗਾ, ਮੁਗਲ ਤਖਤ ਰੂੰ ਵਾਂਗੂੰ ਉਡ ਜਾਵੇਗਾ।

ਸੱਚੇ ਪਾਤਸ਼ਾਹ! ਉਹ ਕਹਿੰਦੇ-ਕਹਿੰਦੇ ਕਚਹਿਰੀ ਤੋਂ ਬਾਹਰ ਚਲੇ ਗਏ। ਉਨ੍ਹਾਂ ਦੇ ਜਾਣ ਪਿਛੋਂ ਚਰਚਾ ਚੱਲੀ ਕਿ ਸੁੱਚਾ ਨੰਦ ਖਤਰੀ (ਮੈਂ ਤਾਂ ਝੂਠਾ ਨੰਦ ਹੀ ਕਹਾਂਗਾ) ਨੇ ਕਿਹਾ ਕਿ ਹੁਕਮ ਦੀ ਤਾਮੀਲ ਹੋਣੀ ਚਾਹੀਦੀ ਹੈ। ਸੱਚੇ ਪਾਤਸ਼ਾਹ! ਉਨ੍ਹਾਂ ਨੇ ਮਾਸੂਮ ਜਿੰਦਾਂ ਨੂੰ ਦੁਖੀ ਕਰ-ਕਰਕੇ ਕੰਧ ਵਿਚ ਚਿਣ ਦਿਤਾ। ਕੰਧ ਨੇ ਪਸੰਦ ਨਾ ਕੀਤਾ ਕਿ ਮੇਰੇ ਵਿਚ ਐਨੀਆਂ ਪਵਿੱਤਰ ਰੂਹਾਂ ਸਮਾਅ ਜਾਣ, ਵਿਚਾਲਿਓਂ ਫਟ ਗਈ। ਬਹੁਤ ਜ਼ੋਰ ਨਾਲ ਧਮਾਕਾ ਹੋਇਆ ਅਤੇ ਇਕ ਜਲਾਦ ਨੂੰ ਹੁਕਮ ਦਿਤਾ ਅਤੇ ਉਸ ਨੇ ਉਨ੍ਹਾਂ ਦੋਵੇਂ ਸ਼ੀਰ ਖੋਰ ਬੱਚਿਆਂ ਦੀ ਛਾਤੀ ਤੇ ਆਪਣੇ ਭਾਰੇ ਗੋਡੇ ਰੱਖ ਕੇ ਜਿਵੇਂ ਬਕਰੇ ਨੂੰ ਹਲਾਲ ਕਰੀਦਾ ਹੈ, ਉਨ੍ਹਾਂ ਦੋਹਾਂ ਬੱਚਿਆਂ ਨੂੰ ਸ਼ਹੀਦ ਕਰ ਦਿਤਾ। ਮੈਨੂੰ ਇਹ ਵੀ ਪਤਾ ਲੱਗਿਆ ਕਿ ਜਦੋਂ ਮਾਤਾ ਜੀ ਨੂੰ ਇਨ੍ਹਾਂ ਦੀ ਸ਼ਹਾਦਤ ਦੀ ਗੱਲ ਪਤਾ ਲੱਗੀ ਤਾਂ ਉਨ੍ਹਾਂ ਨੇ ਕੋਈ ਅਫਸੋਸ ਨਹੀਂ ਕੀਤਾ, ਨਾ ਹੀ ਕੋਈ ਰੋਣਾ ਕੁਰਲਾਣਾ ਕੀਤਾ, ਆਪ ਨੇ ਸਮਾਧੀ ਲਾਈ ਅਤੇ ਯੋਗੀਆਂ ਵਾਂਗੂੰ ਪ੍ਰਾਣ ਤਿਆਗ ਦਿਤੇ। ਸਾਰੇ ਹੈਰਾਨ ਸਨ ਕਿ ਕਿੱਡੀ ਕਰਨੀ ਕਮਾਈ ਵਾਲੇ ਮਾਤਾ ਜੀ ਸਨ ਜਿਨ੍ਹਾਂ ਵਿਚ ਸਰੀਰ ਨੂੰ ਤਿਆਗਣ ਦੀ ਸ਼ਕਤੀ ਸੀ। ਉਸ ਵੇਲੇ ਸੱਚੇ ਪਾਤਸ਼ਾਹ! ਆਪ ਦੀ ਪ੍ਰੇਰਨਾ ਨਾਲ ਇਕ ਟੋਡਰ ਮੱਲ ਨਾਮ ਦਾ ਖਤਰੀ ਬਹੁਤ ਵੱਡੀ ਪੰਚਾਇਤ ਬਣਾ ਕੇ ਨਵਾਬ ਦੀ ਕਚਹਿਰੀ ਵਿਚ ਪਹੁੰਚਿਆ ਅਤੇ ਬੇਨਤੀ ਕੀਤੀ ਕਿ ਇਨ੍ਹਾਂ ਬੱਚਿਆਂ ਦਾ ਸਰੀਰ ਸਾਨੂੰ ਸੌਂਪਿਆ ਜਾਵੇ ਤਾਂ ਕਿ ਅਸੀਂ ਇਨ੍ਹਾਂ ਦੇ ਧਰਮ ਅਨੁਸਾਰ ਸਸਕਾਰ ਕਰ ਸਕੀਏ। ਨਵਾਬ ਨੇ ਕਿਹਾ ਕਿ ਸਾਰੇ ਸੰਸਾਰ ਵਿਚ ਇਨ੍ਹਾਂ ਦਾ ਸਸਕਾਰ ਕਰਨ ਲਈ ਕੋਈ ਥਾਂ ਨਹੀਂ ਮਿਲਣਾ। ਜੇ ਤੂੰ ਇਛੁਕ ਹੈਂ ਤਾਂ ਜਿੰਨੀ ਥਾਂ ਉਪਰ ਤੂੰ ਮੋਹਰਾਂ ਵਿਛਾ ਦੇਵੇਂਗਾ, ਓਨਾਂ ਥਾਂ ਤੈਨੂੰ ਮਿਲ ਜਾਵੇਗਾ। ਸੱਚੇ ਪਾਤਸ਼ਾਹ! ਉਹ ਆਪ ਦੀ ਐਨੀ ਅਕੀਦਤ ਵਾਲਾ ਪ੍ਰੇਮੀ ਸੀ ਕਿ ਉਸ ਨੇ ਮੋਹਰਾਂ ਦੀ ਪ੍ਰਵਾਹ ਨਾ ਕੀਤੀ ਤੇ ਥਾਂ ਲੈ ਕੇ ਸਾਹਿਬਜ਼ਾਦਿਆਂ ਦਾ ਸਸਕਾਰ ਕਰ ਦਿਤਾ। ਐਨਾ ਕਹਿ ਕੇ ਮਾਹੀ ਫੁੱਟ-ਫੁੱਟ ਕੇ ਰੋ ਪਿਆ ਅਤੇ ਕੁਝ ਬੋਲ ਨਾ ਸਕਿਆ।

ਉਸ ਵੇਲੇ ਆਪ ਨੇ ਪੁਛਿਆ ਕਿ ਉਹ ਕੌਣ ਸੀ ਜਿਨ੍ਹਾਂ ਨੇ ਕਚਹਿਰੀ ਦਾ ਬਾਈਕਾਟ ਕੀਤਾ? ਕਹਿਣ ਲੱਗਿਆ, ਮਹਾਰਾਜ! ਮੈਨੂੰ ਪਤਾ ਲੱਗਿਆ ਹੈ ਕਿ ਉਹ ਮਲੇਰ ਕੋਟਲੇ ਦੇ ਨਵਾਬ ਸਨ। ਉਨ੍ਹਾਂ ਨੂੰ ਕਿਹਾ ਕਿ ਤੁਸੀਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿਓ ਕਿਉਂਕਿ ਤੁਹਾਡਾ ਵੱਡਾ ਭਰਾ ਚਮਕੌਰ ਦੇ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਨੇ ਸ਼ਹੀਦ ਕਰ ਦਿਤਾ ਸੀ। ਉਨ੍ਹਾਂ ਨੇ ਕਿਹਾ ਕਿ ਅਸੀਂ ਬਹਾਦਰ ਹਾਂ, ਬੁਜ਼ਦਿਲ ਨਹੀਂ ਹਾਂ, ਜਦੋਂ ਗੁਰੂ ਗੋਬਿੰਦ ਸਿੰਘ ਨਾਲ ਫੇਰ ਕਦੇ ਯੁੱਧ ਵਿਚ ਮੇਲ ਹੋਇਆ ਤਾਂ ਅਸੀਂ ਉਨ੍ਹਾਂ ਤੋਂ ਬਦਲਾ ਵੀ ਲੈ ਸਕਦੇ ਹਾਂ ਪਰ ਅਸੀਂ ਕੁਫਰ ਦੀ ਗੱਲ ਨਹੀਂ ਕਰ ਸਕਦੇ। ਦੇਖਦੇ-ਦੇਖਦੇ ਉਹ ਆਪਣੇ-ਆਪਣੇ ਘੋੜਿਆਂ ਤੇ ਸਵਾਰ ਹੋ ਕੇ ਮਲੇਰ ਕੋਟਲੇ ਨੂੰ ਚਲੇ ਗਏ। ਨਵਾਬ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਾ ਰੁਕੇ। ਸੁਣਿਆ ਹੈ ਕਿ ਉਹ ਬਜ਼ਾਰ ਵਿਚੋਂ ਲੰਘਦੇ ਹੋਏ ਵੀ ਕਹਿੰਦੇ ਜਾ ਰਹੇ ਸਨ ਕਿ ਕੁਫਰ ਹੋ ਗਿਆ-ਕੁਫਰ ਹੋ ਗਿਆ, ਲੋਕ ਲਾਹਨਤਾਂ ਪਾਉਣਗੇ ਕਿ ਇਸਲਾਮ ਦੇ ਰਾਜ ਵੇਲੇ ਕਿੱਡੇ ਮਾੜੇ ਜ਼ੁਲਮ ਹੋਏ। ਉਸ ਵੇਲੇ ਗੁਰੂ ਮਹਾਰਾਜ ਜੀ ਪਲੰਘ ਤੇ ਬੈਠੇ ਸਨ ਅਤੇ ਚਰਨ ਹੇਠਾਂ ਲਟਕਾਏ ਹੋਏ ਸਨ, ਕਾਂਹੀ ਦੇ ਬੂਟੇ ਦੁਆਲਿਓਂ ਛੋਟੀ ਕਿਰਪਾਨ ਨਾਲ ਮਿੱਟੀ ਪੁੱਟ ਰਹੇ ਸਨ, ਇਧਰੋਂ ਇਹ ਬਚਨ ਸਮਾਪਤ ਹੁੰਦੇ ਹਨ, ਏਧਰੋਂ ਆਪ ਨੇ ਝਟਕਾ ਮਾਰ ਕੇ ਬੂਟਾ ਪੁੱਟ ਦਿਤਾ ਅਤੇ ਦੂਰ ਵਗਾਹ ਕੇ ਮਾਰਿਆ ਅਤੇ ਕਿਹਾ ਕਿ ਲਓ ਬਈ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ, ਹੁਣ ਇਹ ਬਹੁਤ ਦੇਰ ਨਹੀਂ ਟਿਕ ਸਕੇਗਾ। ਇਸ ਨੂੰ ਗੁਰੂ ਮਹਾਰਾਜ ਨੇ ਬਚਨ ਕੀਤਾ ਸੀ ਕਿ ਜੇ ਇਨਸਾਫ ਕਰੇਂਗਾ ਤਾਂ ਤੁਹਾਡਾ ਰਾਜ ਚਲਦਾ ਰਹੇਗਾ। ਜੇ ਜ਼ੁਲਮ ਕਰੇਂਗਾ ਤਾਂ ਤੁਹਾਡਾ ਰਾਜ ਜਾਂਦਾ ਰਹੇਗਾ। ਸਾਡੇ ਸੱਤ ਸੀਸ ਇਸ ਜ਼ੁਲਮ ਦੀ ਜੜ੍ਹ ਪੁੱਟਣ ਲਈ ਲਗੇ ਹਨ, ਇਹ ਹੁਣ ਨਹੀਂ ਰਹੇਗਾ ਪਰ ਮਲੇਰਕੋਟਲੀਆਂ ਵਾਲਿਆਂ ਨੂੰ ਤੱਤੀ ਹਵਾ ਵੀ ਨਹੀਂ ਲਗੇਗੀ। ਉਸ ਵੇਲੇ ਰਾਏ ਕੱਲ੍ਹੇ ਨੇ ਕਿਹਾ ਮਹਾਰਾਜ! ਮੈਂ ਵੀ ਤਾਂ ਉਸ ਇਸਲਾਮ ਨਾਲ ਸਬੰਧ ਰੱਖਣ ਵਾਲਾ ਹਾਂ। ਗੁਰੂ ਮਹਾਰਾਜ ਨੇ ਕਿਹਾ ਕਿ ਅਸੀਂ ਤੈਨੂੰ ਆਪਣੇ ਗਾਤਰੇ ਦੀ ਕ੍ਰਿਪਾਨ ਦਿੰਦੇ ਹਾਂ; ਜਿੰਨੀ ਦੇਰ ਤਕ ਤੁਸੀਂ, ਤੁਹਾਡੀ ਉਲਾਦ, ਇਸ ਦਾ ਸਤਿਕਾਰ ਕਰੋਂਗੇ, ਓਨੀ ਦੇਰ ਤੁਹਾਡੇ ਵਲ ਕੋਈ ਝਾਕ ਵੀ ਨਹੀਂ ਸਕਦਾ। ਜਦੋਂ ਤੁਹਾਡੀ ਉਲਾਦ ਜਾਂ ਤੁਸੀਂ ਇਸ ਦਾ ਨਿਰਾਦਰ ਕਰੋਂਗੇ ਤਾਂ ਤੁਹਾਡਾ ਰਾਜ ਵੀ ਖਤਮ ਹੋ ਜਾਵੇਗਾ।

ਇਹ ਪੋਹ ਦਾ ਮਹੀਨਾ ਸ਼ਹੀਦੀਆਂ ਦਾ ਮਹੀਨਾ ਹੈ ਇਸ ਪੋਹ ਦੇ ਮਹੀਨੇ ਵਿਚ ਗੁਰੂ ਮਹਾਰਾਜ ਦਾ ਪ੍ਰਕਾਸ਼ ਪਟਨੇ ਸਾਹਿਬ ਵਿਚ ਹੋਇਆ। ਪਿਆਰਿਓ! ਇਹ ਅਮਰ ਕਥਾ ਹੈ ਜੋ ਸਦਾ-ਸਦਾ ਸੰਸਾਰ ਵਿਚ ਧਰਮ ਦਾ ਰਾਹ ਦਿਖਾਉਂਦੀ ਰਹੇਗੀ। ਇਸ ਮੈਗਜ਼ੀਨ ਵਿਚ ਅਸੀਂ ਆਪਣੇ ਭਾਵ ਉਸ ਰੂਪ ਵਿਚ ਛਾਪ ਰਹੇ ਹਾਂ ਜਿਵੇਂ ਕੁਦਰਤੀ ਤੌਰ ਉਪਰ ਸੂਝਵਾਨ ਪਾਠਕਾਂ ਵਿਚ ਇਹ ਗੱਲ ਹੋਣੀ ਚਾਹੀਦੀ ਹੈ। ਆਪ ਇਸ ਨੂੰ ਪਿਆਰ ਨਾਲ ਪੜ੍ਹੋ, ਵਿਚਾਰੋ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਕੀ ਆਦੇਸ਼ ਸਨ, ਅੱਜ ਅਸੀਂ ਕਿਧਰ ਨੂੰ ਜਾ ਰਹੇ ਹਾਂ। ਅਸੀਂ ਆਪਣੇ ਨਿਜ ਦੇ ਨਾਲ ਪਿਆਰ ਕਰਕੇ ਸੰਸਾਰ ਵਿਚ ਹਾਸੋਹੀਣੀ ਤਸਵੀਰ ਖਿਚਵਾ ਰਹੇ ਹਾਂ। ਗੁਰੂ ਮਹਾਰਾਜ ਨੇ ਖਾਲਸਾ ਸ੍ਰਿਸ਼ਟੀ ਦਾ ਸਾਂਝਾ ਆਦਰਸ਼ ਸਾਨੂੰ ਦਿਤਾ ਸੀ ਪਰ ਮੁੜ ਕੇ ਅੰਧ ਗਹੇਰ ਹਉਮੈ ਦੇ ਖੂਹ ਵਿਚ ਗਿਰ ਕੇ ਅਸੀਂ ਇਨ੍ਹਾਂ ਉਚੇ ਅਸੂਲਾਂ ਨੂੰ ਭੁੱਲ ਚੁੱਕੇ ਹਾਂ। ਮਹਾਂਪੁਰਸ਼ਾਂ ਦਾ ਕੰਮ ਹੁੰਦਾ ਹੈ ਕਿ ਆਪ ਨਾਮ ਜਪਣਾ ਅਤੇ ਦੂਸਰਿਆਂ ਨੂੰ ਜਪਾ ਕੇ ਉਨ੍ਹਾਂ ਦਾ ਜਨਮ ਮਰਨ ਕੱਟਣ ਦਾ ਉਪਰਾਲਾ ਕਰਨਾ। ਉਨ੍ਹਾਂ ਨੂੰ ਤਾਂ ਧੁਰ ਦਰਗਾਹ ਤੋਂ ਪਦਵੀ ਮਿਲੀ ਹੰਦੀ ਹੈ -

***ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 306***

ਅਸਾਨੂੰ ਲਾਲਚ ਨਹੀਂ ਕਿ ਨਿਜ ਲਈ ਅਸੀਂ ਕਿਸੇ ਰਾਜਸੀ ਬੰਦੇ ਦੇ ਪਿਛੇ ਘੁੰਮੀਏ। ਅਸੀਂ ਸੱਚ ਦਾ ਮਾਰਗ ਦ੍ਰਿੜ੍ਹ ਕਰਾਉਣਾ ਹੈ। ਮਹਾਂਪੁਰਸ਼ਾਂ ਨੂੰ ਮੇਰੀ ਬੇਨਤੀ ਹੈ ਕਿ ਉਸ ਥਾਂ ਉਪਰ ਖੜ੍ਹੇ ਹੋਵੋ ਜਿਸ ਥਾਂ ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥***
***ਜੋ ਪ੍ਰਭ ਕੀਨੋ ਸੋ ਭਲ ਮਾਨਿਓ***
***ਏਹ ਸੁਮਤਿ ਸਾਧੂ ਤੇ ਪਾਈ॥***
***ਸਭ ਮਹਿ ਰਵਿ ਰਹਿਆ ਪ੍ਰਭੁ ਏਕੈ***
***ਪੇਖਿ ਪੇਖਿ ਨਾਨਕ ਬਿਗਸਾਈ॥ ਪੰਨਾ - 1299***

ਸੰਤਾਂ ਨੂੰ ਬਹੁਤ ਹੀ ਵੱਡਾ ਕੰਮ ਅਕਾਲਪੁਰਖ ਨੇ ਸੌਂਪਿਆ ਹੋਇਆ ਹੈ। ਗੁਰੂ ਮਹਾਰਾਜ ਸਾਧੂਆਂ ਦੀ ਪਿੱਠ ਉਪਰ ਹੁੰਦੇ ਹਨ, ਜੇ ਉਹ ਦੁਖੀ ਹੁੰਦੇ ਹਨ ਤਾਂ ਉਨ੍ਹਾਂ ਦੇ ਨਾਲ ਉਹ ਵੀ ਦੁਖੀ ਹੋ ਜਾਂਦੇ ਹਨ, ਜੇ ਉਹ ਸੁਖੀ ਹਨ ਤਾਂ ਉਹ ਵੀ ਸੁਖ ਪ੍ਰਾਪਤ ਕਰਦੇ ਹਨ ਸੋ ਉਨ੍ਹਾਂ ਨਾਲ ਜੁੜੇ ਰਹੋ। ਗੁਰੂ ਮਹਾਰਾਜ ਜੀ ਦੀ ਤਾਲੀਮ ਸਾਰੇ ਧਰਮਾਂ ਨੂੰ ਹੋਰ ਉਚਾ ਲਿਜਾਉਣ ਵਾਸਤੇ ਹੈ। ਸੋ ਇਹ ਜੋ ਬਚਨ ਹਨ ਇਨ੍ਹਾਂ ਨੂੰ ਵਿਚਾਰੋ ਅਤੇ ਸੰਸਾਰ ਦੇ ਭਲੇ ਲਈ ਤਤਪਰ ਹੋ ਜਾਵੋ।

# ਸਾਕਾ ਚਮਕੌਰ

## (ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਦੀ ਸ਼ਹਾਦਤ)

***ਜੀ. ਐਸ. ਖੋਸਲਾ***

ਗੁਰੂ ਨਾਨਕ ਦੇਵ ਜੀ ਨੇ ਜਿਸ ਧਰਮ ਦੀ ਸਥਾਪਨਾ ਕੀਤੀ ਸੀ ਉਹ ਇਕ ਸਾਂਤਮਈ ਅਧਿਆਤਮਵਾਦੀ ਅਤੇ ਸੁਧਾਰਵਾਦੀ ਅੰਦੋਲਨ ਸੀ। ਪਰ ਮੁਗਲ ਹਕੂਮਤ ਦੇ ਜ਼ੁਲਮਾਂ ਦੇ ਨਤੀਜੇ ਵਜੋਂ ਇਸ ਨੇ ਕਿ ਇਕ ਸਿਆਸੀ ਰੰਗਤ ਧਾਰ ਲਈ ਜਿਸ ਕਾਰਨ ਗੁਰੂ ਅਰਜਨ ਦੇਵ ਜੀ (1605 ਈ.) ਅਤੇ ਗੁਰੂ ਤੇਗ ਬਹਾਦਰ ਜੀ (1675 ਈ.) ਨੂੰ ਸ਼ਹਾਦਤ ਦੇਣੀ ਪਈ। 13 ਅਪ੍ਰੈਲ 1699 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਿਰਜਨਾ ਕੀਤੀ ਜੋ ਕਿ ਤਾਕਤ ਦਾ ਟਾਕਰਾ ਤਾਕਤ ਨਾਲ ਕਰਨ ਦੀ ਲੋੜ ਦਾ ਹੀ ਨਤੀਜਾ ਸੀ। ਇਹ ਮੁਗਲਾਂ ਦੇ ਜ਼ੁਲਮ ਦਾ ਨਾਸ਼ ਕਰਨ ਲਈ ਇਕ ਸ਼ਸ਼ਤਰ ਬਣ ਨਿਬੜਿਆ।

ਵਿਸਾਖੀ ਦੇ ਸੁਭ ਦਿਹਾੜੇ ਤੇ ਸ਼ਸ਼ਤਰਾਂ ਦੀ ਚਮਕ ਦਮਕ ਵਿਚ ਨੂਰੋ ਨੂਰ ਹੋਏ ਗੁਰੂ ਨੇ ਆਪਣੀ ਤਲਵਾਰ ਨੂੰ ਖਿਚਿਆ ਅਤੇ ਅਨੰਦਪੁਰ ਸਾਹਿਬ ਵਿਖੇ ਇਕੱਠੇ ਹੋਏ ਪੈਰੋਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਜੇ ਕੋਈ ਮੇਰਾ ਸੱਚਾ ਸਿੱਖ ਹੈ ਤਾਂ ਉਹ ਆਪਣੇ ਨਿਸ਼ਚੇ ਦੇ ਸਬੂਤ ਵਜੋਂ ਸੀਸ ਭੇਟ ਕਰਨ ਲਈ ਅੱਗੇ ਆਏ।" ਇਸ ਪਿਛੋਂ ਦੋ ਤਰਫੇ ਛਾਏ ਸਨਾਟੇ ਉਪਰੰਤ ਦੀਵਾਨ ਵਿਚੋਂ ਇਕ ਦਿਆ ਰਾਮ ਉਠਿਆ ਅਤੇ ਉਸ ਨੇ ਨਿਰਮਤਾ ਨਾਲ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ ਮੈਂ ਆਪਣਾ ਸੀਸ ਭੇਟ ਕਰਦਾ ਹਾਂ, ਇਹ ਸਦਾ ਹੀ ਆਪਦਾ ਸੀ।"

ਰਵਾਇਤ ਅਨੁਸਾਰ ਗੁਰੂ ਜੀ ਉਸ ਨੂੰ ਆਪਣੇ ਤੰਬੂ ਵਿਚ ਲੈ ਗਏ ਅਤੇ ਉਤੇ ਬੱਕਰੇ ਨੂੰ ਝਟਕਾ ਦਿਤਾ। ਉਸ ਤੋਂ ਬਾਅਦ ਲਹੂ ਨਾਲ ਭਿੱਜੀ ਤਲਵਾਰ ਨੂੰ ਹੱਥ ਵਿਚ ਲੈ ਕੇ ਗੁਰੂ ਸਾਹਿਬ ਦੀਵਾਨ ਵਿਚ ਪਰਤ ਆਏ ਅਤੇ ਕਿ ਹੋਰ ਸੀਸ ਦੀ ਮੰਗ ਕੀਤੀ। ਉਨ੍ਹਾਂ ਸਿੱਖਾਂ ਵਿਚੋਂ ਇਕ ਹੋਰ ਸਿੱਖ ਉਠਿਆ ਅਤੇ ਉਸਨੇ ਆਪਣੇ ਆਪਣੇ ਆਪ ਨੂੰ ਪੇਸ਼ ਕੀਤਾ। ਗੁਰੂ ਨੇ ਇਹ ਕੌਤਕ ਬਾਰ ਬਾਰ ਦੁਹਰਾਇਆ ਅਤੇ ਇਸ ਤਰ੍ਹਾਂ ਪੰਜ ਪਿਆਰੇ ਸਾਜੇ ਗਏ। ਗੁਰੂ ਸਾਹਿਬ ਨੇ ਉਨ੍ਹਾਂ ਪੰਜਾਂ ਪਿਆਰਿਆਂ ਨੂੰ ਸਰਬ ਲੋਹ ਦੇ ਬਾਟੇ ਦਾ ਅੰਮ੍ਰਿਤ ਛਕਾਇਆ ਅਤੇ ਆਪ ਵੀ ਉਨ੍ਹਾਂ ਤੋਂ ਅੰਮ੍ਰਿਤ ਛਕਿਆ। ਇਸ ਤਰ੍ਹਾਂ ਉਨ੍ਹਾਂ ਨੇ ਖਾਲਸੇ ਦੀ ਨੀਂਹ ਰੱਖੀ। ਜਿਨ੍ਹਾਂ ਵਿਚੋਂ ਹਰ ਇਕ ਸਵਾ ਲੱਖ ਦਾ ਮੁਕਾਬਲਾ ਕਰ ਸਕਦਾ ਸੀ।

ਆਮ ਲੋਕ ਉਸ ਵੇਲੇ ਮੁਗਲ ਹਾਕਮਾਂ ਅਤੇ ਉਨ੍ਹਾਂ ਦੇ ਸੂਬੇਦਾਰਾਂ ਦੇ ਜ਼ੁਲਮਾਂ ਹੇਠ ਪੀੜੇ ਜਾ ਰਹੇ ਸਨ। ਜਦੋਂ ਆਮ ਲੋਕਾਈ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਪਰਮ ਸ਼ਕਤੀ ਅਤੇ ਰੂਹਾਨੀਅਤ ਬਾਰੇ ਸੁਣਿਆਂ ਤਾਂ ਦੂਰੋਂ ਨੇੜਿਓਂ ਇਸਤ੍ਰੀਆਂ ਪੁਰਸ਼ ਝੁੰਡ ਬਣ ਕੇ ਸਹਾਇਤਾ ਵਾਸਤੇ ਉਨ੍ਹਾਂ ਦੀ ਸ਼ਰਣ ਵਿਚ ਆਉਣ ਲੱਗੇ। ਇਸ ਪ੍ਰਕਾਰ ਗੁਰੂ ਦੀ ਲੋਕ ਪ੍ਰਿਯਤਾ ਵਧਦੀ ਗਈ ਅਤੇ ਉਸਦੇ ਨਾਲ ਸਿੱਖਾਂ ਦੀ ਗਿਣਤੀ ਵਧਣ ਲੱਗੀ। ਗੁਰੂ ਜੀ ਦੀ ਵਧ ਰਹੀ ਇਸ ਲੋਕ ਪ੍ਰਿਯਤਾ ਨੂੰ ਵੇਖਕੇ ਪਹਾੜੀ ਰਾਜੇ ਅਤੇ ਮੁਗਲ ਸੂਬੇਦਾਰ ਈਰਖਾ ਨਾਲ ਭਰ ਗਏ ਅਤੇ ਉਨ੍ਹਾਂ ਨੇ ਇਕੱਠੇ ਹੋ ਕੇ ਗੁਰੂ ਸਾਹਿਬ ਉਤੇ ਹਮਲਾ ਕਰਨ ਦੀ ਇਕ ਗੋਂਦ ਗੁੰਦੀ।

ਅਨੰਦਪੁਰ ਸਾਹਿਬ ਨੂੰ ਗੁਰੂ ਜੀ ਨੇ ਸਦਰ ਮੁਕਾਮ ਬਣਾ ਲਿਆ ਸੀ ਅਤੇ ਉਥੇ ਹੀ ਉਨ੍ਹਾਂ ਨੇ ਪਹਾੜੀ ਰਾਜਿਆਂ, ਮੁਗਲ ਸੂਬੇਦਾਰਾਂ ਅਤੇ ਦੁਸ਼ਮਨਾਂ ਵਲੋਂ ਉਨ੍ਹਾਂ ਨੂੰ (ਗੁਰੂ ਜੀ ਨੂੰ) ਖਤਮ ਕਰਨ ਵਾਸਤੇ ਕੀਤੀਆਂ ਗਈਆਂ ਸਾਂਝੀਆਂ ਕੋਸ਼ਿਸ਼ਾਂ ਦਾ ਡੱਟ ਕੇ ਮੁਕਾਬਲਾ ਕੀਤਾ। ਭਾਵੇਂ ਗੁਰੂ ਜੀ ਦੇ ਮੁੱਠੀ ਭਰ ਸਿੱਖਾਂ ਨਾਲੋਂ ਦੁਸ਼ਮਨਾਂ ਦੀਆਂ ਫੌਜਾਂ ਸਦਾ ਹੀ ਗਿਣਤੀ ਵਿਚ ਕਿਤੇ ਵਧ ਅਤੇ ਚੰਗੇ ਹਥਿਆਰਾਂ ਨਾਲ ਲੈਸ ਹੁੰਦੀਆਂ ਸਨ ਫਿਰ ਵੀ ਉਹ ਗੁਰੂ ਜੀ ਦੇ ਹੌਸਲੇ ਢਾਉਣ ਲਈ ਜਾਂ ਨੁਕਸਾਨ ਪਹੁੰਚਾਉਣ ਵਿਚ ਸਮਰਥ ਨਹੀਂ ਹੋਈਆਂ। ਗੁਰੂ ਜੀ ਨੇ ਉਨ੍ਹਾਂ ਨੇ ਬਾਰ ਬਾਰ ਕੀਤੇ ਯਤਨਾਂ ਨੂੰ ਅਸਫਲ ਕੀਤਾ ਜਿਸ ਨਾਲ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਜੰਗੀ ਤਜਰਬੇ ਪ੍ਰਾਪਤ ਕਰਨ ਅਤੇ ਮੁਗਲਈ ਤਾਕਤ ਦੇ ਡਰ ਨੂੰ ਦੂਰ ਕਰਨ ਵਿਚ ਸਹਾਇਤਾ ਮਿਲੀ।

1704 ਈ. ਵਿਚ ਗੁਰੂ ਜੀ ਦੇ ਦੁਸ਼ਮਣਾਂ ਦੀਆਂ ਫੌਜਾਂ ਨੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਵਿਚੋਂ ਕੱਢਣ ਲਈ ਸਿਰ ਤੋੜ ਯਤਨ ਕੀਤਾ। ਫੌਜਾਂ ਦੁਆਰਾ ਅਨੰਦਪੁਰ ਸਾਹਿਬ ਦੇ ਲੰਮੇ ਅਰਸੇ ਦੇ ਘੇਰੇ ਕਾਰਨ ਅਨੰਦਪੁਰ ਦੇ ਨਿਵਾਸੀਆਂ ਨੂੰ ਬੜੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਹਰ ਰੋਜ਼ ਦਾ ਰਾਸ਼ਨ-ਪਾਣੀ ਹੌਲੀ ਹੌਲੀ ਘਟਦਾ ਘਟਦਾ ਭੋਰੇ ਭੋਰੇ ਤਕ ਪਹੁੰਚ ਗਿਆ ਅਤੇ ਕਦੇ ਕਦੇ ਤਾਂ ਖਾਣ ਲਈ ਕੁਝ ਵੀ ਨਹੀਂ ਹੁੰਦਾ ਸੀ। ਗੁਰੂ ਜੀ ਨੂੰ ਇਸ ਤਾਜ਼ਾ ਹਮਲੇ ਦਾ ਸਾਹਮਣਾ ਕਰਨ ਵਿਚ ਪੂਰਨ ਯਕੀਨ ਸੀ। ਗੁਰੂ ਸਾਹਿਬ ਦੀ ਮਾਤਾ ਜੀ ਦੀ ਆਪਣੇ ਪੋਤਰਿਆਂ ਦੀ ਰੱਖਿਆ ਦੀ ਚਿੰਤਾ ਸਬੰਧੀ ਘੇਰਾ ਪਾਉਣ ਵਾਲੇ ਜਰਨੈਲ ਦੀ ਚਾਲ ਸਫਲ ਹੋਈ। ਉਨ੍ਹਾਂ ਨੇ ਹਰਕਾਰੇ ਭੇਜੇ ਜਿਨ੍ਹਾਂ ਨੇ ਇਹ ਸੌਂਹ ਖਾਧੀ ਕਿ ਗੁਰੂ ਜੀ, ਉਨ੍ਹਾਂ ਦਾ

ਪਰਿਵਾਰ ਤੇ ਸਿੱਖ ਸਿਪਾਹੀ ਅਤੇ ਹੋਰ ਅਜਿਹਾ ਸਮਾਨ ਜਿਸ ਨੂੰ ਉਹ ਲੈ ਕੇ ਜਾਣਾ ਚਾਹੁੰਦੇ ਹਨ ਬਿਨਾਂ ਰੋਕ ਟੋਕ ਦੇ ਕਿਲ੍ਹੇ ਵਿਚੋਂ ਲਿਜਾ ਸਕਣਗੇ। ਕੁਝ ਕੁ ਸਿੱਖਾਂ ਨੇ ਵੀ ਮਾਤਾ ਜੀ ਜੇ ਨਾਲ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਅਨੰਦਪੁਰ ਛੱਡ ਦੇਣ। ਉਹ ਇਥੇ ਤਕ ਵੀ ਗੁਰੂ ਜੀ ਦੇ ਬਚਾਓ ਦੇ ਬਦਲੇ ਦਾ ਇਕਰਾਰਨਾਮਾ ਲਿਖ ਲਿਆ ਜਾਵੇ ਪਰ ਦੁਸ਼ਮਣਾਂ ਦੀਆਂ ਫੌਜਾਂ ਨੇ ਗੁਰੂ ਜੀ ਦੀਆਂ ਫੌਜਾਂ ਉਤੇ ਹਮਲਾ ਕਰ ਦਿੱਤਾ। ਉਥੋਂ ਉਨ੍ਹਾਂ ਨੇ 35 ਸਿੱਖਾਂ ਨੂੰ ਨਾਲ ਲਿਆ ਅਤੇ ਚਮਕੌਰ ਦੇ ਸਹਿਰ ਵਲ ਰਵਾਨਾ ਹੋ ਗਏ ਅਤੇ ਇਕ ਜੱਟ ਕਿਸਾਨ ਦੀ ਕੱਚੀਆਂ ਕੰਧਾਂ ਵਾਲੀ ਕੱਚੀ ਹਵੇਲੀ ਵਿਚ ਰਿਹਾਇਸ਼ ਕੀਤੀ। ਗੁਰੂ ਜੀ ਨੇ ਇਸ ਨੂੰ ਛੋਟੇ (ਚਮਕੌਰ ਦੀ ਗੜ੍ਹੀ) ਕਿਲ੍ਹੇ ਵਿਚ ਪਰਵਰਤਿਤ ਕਰ ਦਿੱਤਾ ਅਤੇ ਉਨ੍ਹਾਂ ਨੇ ਪੱਕਾ ਨਿਸ਼ਚਾ ਕੀਤਾ ਕਿ ਉਹ ਇਸ ਦੀ ਮੁਗਲ ਸੈਨਾ ਜਿਹੜੀ ਕਿ ਗਿਣਤੀ ਵਿਚ ਬਹੁਤ ਵੱਡਾ ਸੀ ਦੇ ਹਮਲਿਆਂ ਤੋਂ ਰਖਿਆ ਕਰਨਗੇ। ਜਦੋਂ ਮੁਗਲਾਂ ਨੂੰ ਇਸ ਗੱਲ ਦਾ ਪਤਾ ਲਗਿਆ ਕਿ ਗੁਰੂ ਜੀ ਹਵੇਲੀ ਵਿਚ ਰਹਿ ਰਹੇ ਹਨ ਤਾਂ ਉਨ੍ਹਾਂ ਨੇ ਆਪਣੀਆਂ ਫੌਜਾਂ ਲੈ ਕੇ ਇਸ ਨੂੰ ਸਾਰੇ ਪਾਸਿਓਂ ਘੇਰ ਲਿਆ। ਰਾਤ ਦੇ ਹਨ੍ਹੇਰੇ ਦਾ ਲਾਭ ਉਠਾਉਂਦੇ ਹੋਏ ਉਨ੍ਹਾਂ ਨੇ ਇਸ ਗੜ੍ਹੀ ਉਤੇ ਹਮਲਾ ਕਰ ਦਿਤਾ। ਇਸ ਤਰ੍ਹਾਂ ਚਮਕੌਰ ਦੀ ਲੜਾਈ, 7 ਦਸੰਬਰ, 1704 ਨੂੰ ਸ਼ੁਰੂ ਹੋਈ।

ਚਮਕੌਰ ਦੀ ਲੜਾਈ ਵਿਚ ਜਿਹੜੇ ਬਹੁਤ ਬਹਾਦਰੀ ਨਾਲ ਲੜੇ ਉਨ੍ਹਾਂ ਵਿਚ ਗੁਰੂ ਜੀ ਦੇ ਵੱਡੇ ਲੜਕੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਨ (ਸਿੱਖ ਗੁਰੂਆਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਜਨਮ ਤੋਂ ਹੀ ਸਤਿਕਾਰ ਨਾਲ "ਬਾਬਾ" ਆਖਿਆ ਜਾਂਦਾ ਸੀ)। ਜਿਸ ਦਾ ਅਰਥ ਹੈ ਅਤਿ ਸਤਿਕਾਰ ਯੋਗ।"

ਬਾਬਾ ਅਜੀਤ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ ਮਾਤਾ ਸੁੰਦਰੀ ਦੇ ਸਭ ਤੋਂ ਵੱਡੇ ਪੁੱਤਰ ਸਨ ਜਿਨ੍ਹਾਂ ਦਾ ਜਨਮ 7 ਜਨਵਰੀ, 1687 ਈ: ਨੂੰ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੂੰ ਤੀਰ ਕਮਾਨ ਅਤੇ ਤੋੜੇਦਾਰ ਬੰਦੂਕ ਨਾਲ ਨਿਸ਼ਾਨੇਬਾਜ਼ੀ ਅਤੇ ਵੱਖ ਵੱਖ ਕਿਸਮ ਦੇ ਹੋਰ ਸ਼ਸ਼ਤਰਾਂ ਦੀ ਵਰਤੋਂ ਦੀ ਸਿਖਿਆ ਦਿਤੀ ਗਈ। ਜਦੋਂ ਪਹਾੜੀ ਰਾਜਿਆਂ ਅਤੇ ਉਨ੍ਹਾਂ ਦੇ ਸਾਥਈ ਰੰਘੜਾਂ (ਮੁਸਲਮਾਨ) ਰਾਜਪੁਤ) ਅਤੇ ਗੁੱਜਰ ਜਿਨ੍ਹਾਂ ਦੀ ਅਗਵਾਈ ਇਕ ਜਗਤ ਉਲਾ ਕਰ ਰਹੇ ਸਨ ਨੇ ਉਨ੍ਹਾਂ (ਬਾਬਾ ਅਜੀਤ ਸਿੰਘ) ਦੇ ਪਿਤਾ ਤੇ ਹਮਲਾ ਕੀਤਾ ਤਾਂ ਨੌਜਵਾਨ ਬਾਬਾ ਅਜੀਤ ਸਿੰਘ ਨੇ ਆਪਣੇ ਪਿਤਾ ਤੋਂ ਲੜਾਈ ਵਿਚ ਹਿੱਸਾ ਲੈਣ ਲਈ ਆਗਿਆ ਮੰਗੀ। ਉਹ ਸ਼ਰਮਾਕਲ ਹੋਣ ਕਰਕੇ ਆਪਣੇ ਪਿਤਾ ਜੀ ਦੇ ਸਾਹਮਣੇ ਆਪ ਹਾਜ਼ਰੀ ਵਿਚ ਨਾ ਬੋਲ ਸਕੇ, ਉਨ੍ਹਾਂ ਨੇ ਜਬਰਜੰਗ ਜੋਧਾ ਉਦੈ ਸਿੰਘ ਨੂੰ ਆਪਣੇ ਵਲੋਂ ਬੇਨਤੀ ਕਰਨ ਲਈ ਕਿਹਾ। ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ ਸੌ ਆਦਮੀ ਦੇ ਜਥੇ ਦੀ ਕਮਾਨ ਉਸ ਨੂੰ ਸੌਂਪ ਦਿਤੀ। ਉਨ੍ਹਾਂ ਨੇ ਬਹੁਤ ਬਹਾਦਰੀ ਵਿਖਾਈ ਅਤੇ ਸਿੱਖ ਉਨ੍ਹਾਂ ਦੀ ਉਦਾਹਰਣ ਦਾ ਅਨੁਸਰਣ ਕਰਦੇ ਹੋਏ ਬਹੁਤ ਵੀਰਤਾ ਨਾਲ ਲੜੇ ਅਤੇ ਉਨ੍ਹਾਂ ਨੇ ਦੁਸ਼ਮਣਾਂ ਦੇ ਸਿਰਾਂ ਦੇ ਟੁਕੜੇ ਟੁਕੜੇ ਕਰ ਦਿਤੇ ਜਿਵੇਂ ਕਿ ਉਹ ਮਤੀਰੇ ਹੋਣ। ਉਨ੍ਹਾਂ ਨੇ ਅਤੇ ਉਨ੍ਹਾਂ ਦੇ ਆਦਮੀਆਂ ਨੇ ਜਗਤ ਉਲਾ ਦੇ ਮ੍ਰਿਤਕ-ਸਰੀਰ ਨੂੰ ਚੁਕ ਕੇ ਲਿਜਾਣ ਦੀ ਦੁਸ਼ਮਣ ਦੀ ਸਾਰੀਆਂ ਕੋਸ਼ਿਸ਼ਾਂ ਦਾ ਸਫਲਤਾ ਪੂਰਵਕ ਟਾਕਰਾ ਕੀਤਾ। ਗੁਰੂ ਜੀ ਨੇ ਉਨ੍ਹਾਂ ਦੀ ਬਹਾਦਰੀ ਤੇ ਉਨ੍ਹਾਂ ਨੂੰ ਵਧਾਈ ਦਿਤੀ।

ਅਗਲੇ ਦਿਨ ਦੀ ਲੜਾਈ ਨਾਲ ਉਨ੍ਹਾਂ ਨੂੰ ਹੋਰ ਵੀ ਮਾਣ ਮਿਲਿਆ। ਉਨ੍ਹਾਂ ਦੇ ਤੀਰਾਂ ਨੇ ਦੁਸ਼ਮਣਾਂ ਦੀਆਂ ਫੌਜਾਂ ਦਾ ਬਹੁਤ ਜਾਨੀ ਨੁਕਸਾਨ ਕੀਤਾ। ਜਦੋਂ ਉਨ੍ਹਾਂ ਦਾ ਘੋੜਾ ਮਾਰ ਦਿਤਾ ਗਿਆ ਤਾਂ ਉਹ ਪੈਦਲ ਹੀ ਲੜੇ ਅਤੇ ਉਨ੍ਹਾਂ ਨੇ ਦੁਸ਼ਮਣਾਂ ਦੀਆਂ ਫੌਜਾਂ ਵਿਚ ਤਰਥੱਲੀ ਮਚਾ ਦਿਤੀ। ਉਨ੍ਹਾਂ ਦੀ ਬਹਾਦਰੀ ਤੇ ਸਾਹਸ ਨੇ ਦੂਜਿਆਂ ਨੂੰ ਪ੍ਰੇਰਿਤ ਕੀਤਾ ਜਿਸ ਦਾ ਸਿੱਟਾ ਇਹ ਹੋਇਆ ਕਿ ਦੁਸ਼ਮਣਾਂ ਵਿਚ ਭਾਜੜਾਂ ਪੈ ਗਈਆਂ।

ਜਦੋਂ ਇਕ ਬ੍ਰਾਹਮਣ ਨੇ ਕੁਝ ਪਠਾਣਾਂ ਦੇ ਵਿਰੁੱਧ ਜਿਨ੍ਹਾਂ ਨੇ ਹੁਸ਼ਿਆਰਪੁਰ ਦੇ ਲਾਗੇ ਬੱਸੀ ਦੇ ਮੁਕਾਮ ਤੇ ਉਸਦੀ ਪਤਨੀ ਨੂੰ ਜਬਰਨ ਅਗਵਾ ਕਰ ਲਿਆ ਸੀ, ਗੁਰੂ ਦੀ ਸਹਾਇਤਾ ਦੀ ਯਾਤਨਾ ਕੀਤੀ ਤਾਂ ਇਹ ਨੌਜਵਾਨ ਬਾਬਾ ਅਜੀਤ ਸਿੰਘ ਹੀ ਸੀ ਜਿਨ੍ਹਾਂ ਨੂੰ ਗੁਰੂ ਜੀ ਨੇ ਉਸ ਬ੍ਰਾਹਮਣ ਦੀ ਪਤਨੀ ਵਾਪਸ ਦਿਵਾਉਣ ਦਾ ਕੰਮ ਸੌਂਪਿਆ ਸੀ। ਬਾਬਾ ਜੀ ਨੂੰ ਹੁਕਮ ਹੋਇਆ ਕਿ ਉਹ ਇਕ ਸੌ ਘੋੜ ਸਵਾਰਾਂ ਸਮੇਤ ਜਾਣ ਅਤੇ ਰਾਤ ਦੇ ਵੇਲੇ ਪਠਾਣਾਂ ਤੇ ਅਚਾਨਕ ਹਮਲਾ ਕਰਨ। ਉਨ੍ਹਾਂ ਨੇ ਬੜੀ ਸਾਵਧਾਨੀ ਨਾਲ ਚੜ੍ਹਾਈ ਕਰਨ ਦੀ ਵਿਉਂਤ ਬਣਾਈ। ਅਗਲੀ ਸਵੇਰ ਬਾਬਾ ਜੀ ਨੇ ਬ੍ਰਾਹਮਣ ਦੀ ਪਤਨੀ ਅਤੇ ਕਸੂਰ ਵਾਰ ਪਠਾਣਾਂ ਨੂੰ ਗੁਰੂ ਜੀ ਦੇ ਸਾਮ੍ਹਣੇ ਪੇਸ਼ ਕੀਤਾ। ਪਠਾਣਾਂ ਨੂੰ ਸਖਤ ਸਜ਼ਾ ਦਿਤੀ ਗਈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਨੂੰ ਛਡਿਆ ਤਾਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਆਪਣੇ ਤੀਰ ਅਤੇ ਕਮਾਨ ਲੈ ਕੇ ਉਨ੍ਹਾਂ ਦੇ ਪਿਛੇ ਤੁਰੰਤ ਹੀ ਰਵਾਨਾ ਹੋ ਗਏ। ਜਦੋਂ ਦੁਸ਼ਮਣਾਂ ਦੀਆਂ ਫੌਜਾਂ ਨੇ ਬਾਬਾ ਅਜੀਤ ਸਿੰਘ ਵਾਲੇ ਪਿਛਲੇ ਦਸਤੇ ਤੇ ਧਾਵਾ ਬੋਲਿਆ ਤਾਂ ਉਨ੍ਹਾਂ ਦੀ ਸਹਾਇਤਾ ਲਈ ਭਾਈ ਉਦੈ

ਸਿੰਘ ਨੂੰ ਭੇਜਿਆ ਗਿਆ। ਪਰ ਭਾਈ ਉਦੈ ਸਿੰਘ ਨੂੰ ਦੁਸ਼ਮਣਾਂ ਨੇ ਘੇਰ ਲਿਆ ਅਤੇ ਉਸ ਨੂੰ ਇਹ ਸਮਝਦੇ ਹੋਏ ਕਿ ਇਹ ਗੁਰੂ ਗੋਬਿੰਦ ਸਿੰਘ ਆਪ ਹੈ ਮਾਰ ਦਿਤਾ। ਜਦੋਂ ਬਾਬਾ ਅਜੀਤ ਸਿੰਘ ਦੇ ਆਉਣ ਵਿਚ ਦੇਰੀ ਹੋ ਗਈ ਤਾਂ ਉਨ੍ਹਾਂ ਨੂੰ ਲਿਆਉਣ ਲਈ ਭਾਈ ਜੀਵਨ ਸਿੰਘ ਨੂੰ ਭੇਜਿਆ ਗਿਆ। ਪਰ ਇਸ ਯਤਨ ਵਿਚ ਉਹ ਵੀ ਮਾਰਿਆ ਗਿਆ। ਬੜੀ ਮੁਸ਼ਕਲ ਨਾਲ ਬਾਬਾ ਜੀ ਦੁਸ਼ਮਣਾਂ ਦੀਆਂ ਫੌਜਾਂ ਨੇ ਬਾਬਾ ਅਜੀਤ ਸਿੰਘ ਵਾਲੇ ਪਿਛਲੇ ਦਸਤੇ ਤੇ ਧਾਵਾ ਬੋਲਿਆ ਤਾਂ ਉਨ੍ਹਾਂ ਦੀ ਸਹਾਇਤਾ ਲਈ ਭਾਈ ਉਦੈ ਸਿੰਘ ਨੂੰ ਭੇਜਿਆ ਗਿਆ। ਪਰ ਭਾਈ ਉਦੈ ਸਿੰਘ ਨੂੰ ਦੁਸ਼ਮਣਾਂ ਨੇ ਘੇਰ ਲਿਆ ਅਤੇ ਉਸ ਨੂੰ ਇਹ ਸਮਝਦੇ ਹੋਏ ਕਿ ਇਹ ਗੁਰੂ ਗੋਬਿੰਦ ਸਿੰਘ ਆਪ ਹੈ ਮਾਰ ਦਿਤਾ। ਜਦੋਂ ਬਾਬਾ ਅਜੀਤ ਸਿੰਘ ਦੇ ਆਉਣ ਵਿਚ ਦੇਰੀ ਹੋ ਗਈ ਤਾਂ ਉਨ੍ਹਾਂ ਨੂੰ ਲਿਆਉਣ ਲਈ ਭਾਈ ਜੀਵਨ ਸਿੰਘ ਨੂੰ ਭੇਜਿਆ ਗਿਆ। ਪਰ ਇਸ ਯਤਨ ਵਿਚ ਉਹ ਵੀ ਮਾਰਿਆ ਗਿਆ। ਬੜੀ ਮੁਸ਼ਕਲ ਨਾਲ ਬਾਬਾ ਜੀ ਦੁਸ਼ਮਣਾਂ ਦੀਆਂ ਫੌਜਾਂ ਵਿਚੋਂ ਨਿਕਲਣ ਵਿਚ ਕਾਮਯਾਬ ਹੋਏ ਅਤੇ ਮੁੜ ਗੁਰੂ ਜੀ ਨਾਲ ਜਾ ਸ਼ਾਮਲ ਹੋਏ।

ਜਦੋਂ ਦੁਸ਼ਮਣਾਂ ਨੇ ਗੁਰੂ ਜੀ ਦੇ ਪਿਛੇ ਹੱਟ ਰਹੇ ਸਿੱਖਾਂ ਨੂੰ ਤੰਗ ਕਰਨਾ ਜਾਰੀ ਰੱਖਿਆ ਤਾਂ ਗੁਰੂ ਜੀ 35 ਚੋਣਵੇਂ ਸਿੱਖਾਂ ਦੇ ਜਥੇ ਨਾਲ ਰੋਪੜ ਛੱਡ ਕੇ ਚਮਕੌਰ ਵਲ ਤੁਰ ਪਏ। ਉਨ੍ਹਾਂ ਨੇ ਇਕ ਜੱਟ ਦੀ ਕੱਚੀ ਹਵੇਲੀ ਵਿਚ ਟਿਕਾਣਾ ਕੀਤਾ ਅਤੇ ਇਸ ਨੂੰ ਹਰ ਕੀਮਤ ਤੇ ਬਚਾਉਣ ਦਾ ਇਰਾਦਾ ਧਾਰਿਆ। ਜਦੋਂ 22 ਦਸੰਬਰ 1704 ਈਃ ਨੂੰ ਰਾਤ ਦੇ ਹਨ੍ਹੇਰੇ ਵਿਚ ਦੁਸ਼ਮਣ ਨੇ ਹਮਲਾ ਕੀਤਾ ਤਾਂ 5-5 ਸਿੱਖਾਂ ਦੇ ਜਥੇ ਲੜਾਈ ਕਰਨ ਲਈ ਵਾਰੋ ਵਾਰੀ ਭੇਜੇ ਗਏ। ਉਹ ਵੈਰੀਆਂ ਦਾ ਭਾਰੀ ਨੁਕਸਾਨ ਕਰਦੇ ਹੋਏ ਸਾਰੇ ਹੀ ਮਾਰੇ ਗਏ।

ਜਦੋਂ ਸਥਿਤੀ ਗੰਭੀਰ ਤੌਰ ਤੇ ਖ਼ਰਾਬ ਹੋ ਗਈ ਤਾਂ ਬਾਬਾ ਅਜੀਤ ਸਿੰਘ ਨੇ ਵੈਰੀਆਂ ਨਾਲ ਅੱਗੇ ਜਾ ਕੇ ਲੜਨ ਦੀ ਆਗਿਆ ਲੈਣ ਲਈ ਗੁਰੂ ਜੀ ਅੱਗੇ ਤਰਲਾ ਕੀਤਾ। ਉਹ ਅਤੇ ਉਨ੍ਹਾਂ ਦੇ ਸਾਥੀ ਪੰਜ ਸਿੱਖਾਂ ਦਾ ਜੱਥਾ ਬੜੀ ਸੂਰਬੀਰਤਾ ਨਾਲ ਲੜਿਆ। ਉਨ੍ਹਾਂ ਨੇ ਅਲੌਕਿਕ ਬੀਰਤਾ ਵਿਖਾਈ। ਜਦੋਂ ਉਨ੍ਹਾਂ ਦੀ ਤਲਵਾਰ ਟੁੱਟ ਗਈ ਅਤੇ ਉਨ੍ਹਾਂ ਦੇ ਕਮਾਨ ਵਿਚ ਕੋਈ ਤੀਰ ਬਾਕੀ ਨਾ ਰਿਹਾ ਤਾਂ ਉਨ੍ਹਾਂ ਨੇ ਨੇਜ਼ੇ ਨਾਲ ਹੀ ਦੁਸ਼ਮਣਾਂ ਨੂੰ ਵਿਨ੍ਹਣਾ ਸ਼ੁਰੂ ਕਰ ਦਿੱਤਾ। ਜਦੋਂ ਉਨ੍ਹਾਂ ਦਾ ਨੇਜ਼ਾ ਵੀ ਟੁੱਟ ਗਿਆ ਤਾਂ ਮੁਸਲਮਾਨ ਸਿਪਾਹੀ ਨਿਹੱਥੇ ਨੌਜਵਾਨ ਉਤੇ ਟੁੱਟ ਪਏ ਅਤੇ ਉਸਨੂੰ ਬੁਰੀ ਤਰ੍ਹਾਂ ਜ਼ਖਮੀ ਕਰਕੇ ਮਾਰ ਦਿੱਤਾ। ਉਹ ਖ਼ੂਨ ਭਰੇ ਲੜਾਈ ਦੇ ਮੈਦਾਨ ਵਿਚ ਸਦਾ ਦੀ ਨੀਂਦ ਸੌਂ ਗਏ। ਉਹ ਇਸ ਗੱਲ ਬਾਰੇ ਪੂਰੇ ਜਾਗ੍ਰਿਤ ਸਨ ਕਿ ਉਹ ਇਸ ਤਰ੍ਹਾਂ ਲੜੇ ਸਨ ਜਿਵੇਂ ਕਿ ਗੁਰੂ ਜੀ ਦੇ ਯੋਗ ਪੁੱਤਰ ਅਤੇ ਪੈਰੋਕਾਰ ਨੂੰ ਲੜਨਾ ਚਾਹੀਦਾ ਸੀ। ਪੰਜ ਸਿੱਖ ਜਿਹੜੇ ਉਨ੍ਹਾਂ ਨਾਲ ਸਨ ਉਹ ਵੀ ਸ਼ਹੀਦ ਹੋ ਗਏ।

ਗੁਰੂ ਜੀ ਨੇ ਆਪਣੇ ਪਿਆਰੇ ਪੁੱਤਰ ਦਾ ਇਹ ਕਹਿੰਦੇ ਹੋਏ ਸੋਗ ਮਨਾਇਆ, "ਹੇ ਪਰਮਾਤਮਾ ਤੁਹੀਉਂ ਸੀ ਜਿਸਨੂੰ ਉਸ ਨੂੰ ਭੇਜਿਆ ਸੀ ਅਤੇ ਉਹ ਆਪਣੇ ਧਰਮ ਲਈ ਲੜਦਾ ਹੋਇਆ ਮਾਰਿਆ ਗਿਆ। ਤੇਰੀ ਅਮਾਨਤ ਤੈਨੂੰ ਵਾਪਸ ਕਰ ਦਿਤੀ ਗਈ ਹੈ।"

ਅਜੀਤ ਸਿੰਘ ਜਿਸ ਦਾ ਅਰਤ ਹੈ ਨਾ ਜਿਤਿਆ ਜਾਮ ਵਾਲਾ ਉਹ ਵਾਸਤਵ ਵਿਚ ਹੀ ਦੁਸ਼ਮਣਾਂ ਨਾਲ ਵਿਦਰੋਹ ਕਰਦਾ ਹੋਇਆ ਅਜਿਤ ਰਿਹਾ। ਗੁਰੂ ਦੀ ਕਿਰਪਾ ਨਾਲ ਅਜੀਤ ਨੂੰ "ਵਾਹਿਗੁਰੂ ਦੇ ਦਰਬਾਰ ਵਿਚ ਉਚਾ ਸਥਾਨ ਪ੍ਰਾਪਤ ਹੋਇਆ।"

ਆਪਣੇ ਭਰਾ ਅਜੀਤ ਸਿੰਘ ਨੂੰ ਇਕ ਬਹਾਦਰ ਦੀ ਮੌਤ ਮਰਦੇ ਵੇਖ ਕੇ ਉਸਦਾ ਛੋਟਾ ਭਰਾ ਬਾਬਾ ਜੁਝਾਰ ਸਿੰਘ ਆਪਣੇ ਆਪ ਨੂੰ ਲੜਾਈ ਵਿਚ ਜਾਣ ਤੋਂ ਰੋਕ ਨਾ ਸਕਿਆ। ਇਕ ਕਹਾਵਤ ਹੈ, "ਜਿਸ ਤਰ੍ਹਾਂ ਦਾ ਪਿਉ ਉਸੇ ਤਰ੍ਹਾਂ ਦਾ ਪੁੱਤਰ" ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਦਲੇਰ ਅਤੇ ਅਜਿਤ ਆਤਮਾ ਦਾ ਉਨ੍ਹਾਂ ਦੇ ਸਾਰੇ ਬਚਿਆਂ ਵਿਚ ਵੀ ਝਲਕਾਰਾ ਮਿਲਦਾ ਸੀ।

ਬਾਬਾ ਜੁਝਾਰ ਸਿੰਘ ਗੁਰੂ ਜੀ ਦੇ ਦੂਜੇ ਪੁੱਤਰ ਸਨ। ਉਹ ਮਾਰਚ, 1689 ਵਿਚ ਮਾਤਾ ਜੀਤੋ ਜੀ ਦੀ ਕੁਖ ਤੋਂ ਪੈਦਾ ਹੋਏ ਸਨ। ਉਹ ਵੀ ਘਰ ਦੇ ਬਾਕੀ ਜੀਆਂ ਵਰਗੇ ਸਨ। ਉਨ੍ਹਾਂ ਨੇ ਅਜੇ ਪੰਦਰਵ੍ਹੇਂ ਸਾਲ ਵਿਚ ਪੈਰ ਵੀ ਨਹੀਂ ਰੱਖਿਆ ਸੀ। ਉਨ੍ਹਾਂ ਨੇ ਵੀ ਉਸੇ ਤਰ੍ਹਾਂ ਬੇਨਤੀ ਕੀਤੀ ਜਿਸ ਤਰ੍ਹਾਂ ਉਨ੍ਹਾਂ ਦੇ ਵੱਡੇ ਭਰਾ ਨੇ ਕੀਤੀ ਸੀ। ਉਨ੍ਹਾਂ ਨੇ ਕਿਹਾ, ਹੇ ਮੇਰੇ ਪਿਆਰੇ ਪਿਤਾ ਮੈਨੂੰ ਉਥੇ ਜਾਣ ਦੀ ਆਗਿਆ ਦਿਉ ਜਿਥੇ ਮੇਰੇ ਵੱਡੇ ਭਰਾ ਮੇਰੇ ਨਾਲੋਂ ਪਹਿਲਾਂ ਜਾ ਚੁੱਕੇ ਹਨ। ਇਹ ਨਾ ਕਹਿਣਾ ਕਿ ਮੈਂ ਬਹੁਤ ਛੋਟਾ ਹਾਂ। ਮੈਂ ਤੁਹਾਡਾ ਪੁੱਤਰ ਅਤੇ ਤੁਹਾਡਾ ਸਿੱਖ ਹਾਂ। ਮੈਂ ਆਪਣੇ ਆਪ ਨੂੰ ਤੁਹਾਡੇ ਯੋਗ ਸਾਬਤ ਕਰ ਸਕਾਂ। ਸਿਰਫ ਬੁਜ਼ਦਿਲ ਹੀ ਦੁਸ਼ਮਣਾਂ ਨੂੰ ਆਪਣੀ ਪਿੱਠ ਵਿਖਾਉਂਦੇ ਹਨ। ਮੈਂ ਆਪਣੇ ਬੁਲਾਂ ਅਤੇ ਦਿਲ ਵਿਚ ਵਾਹਿਗੁਰੂ ਦਾ ਨਾਮ ਜਪਦੇ ਹੋਏ ਆਖਰੀ ਦਮ ਤਕ ਲੜਾਂਗਾ।"

ਗੁਰੂ ਜੀ ਆਪਣੇ ਛੋਟੇ ਪੁਤਰ ਦੇ ਮੂੰਹੋਂ ਇਹ ਬੀਰਤਾ ਭਰੇ ਸ਼ਬਦ ਸੁਣ ਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਆਪਣੇ ਲੜਕੇ ਦੇ ਮੂੰਹ ਤੇ ਇਕ ਨਜ਼ਰ ਮਾਰੀ ਅਤੇ ਪਿਤ੍ਰੀ ਪਿਆਰ ਵਿਚ ਆ ਕੇ ਉਨ੍ਹਾਂ ਨੇ ਉਸ ਨੂੰ ਆਪਣੇ ਕਲਾਵੇ ਵਿਚ

ਲੈ ਲਿਆ ਅਤੇ ਆਪਣੀ ਗੋਦ ਵਿਚ ਬਿਠਾ ਲਿਆ। ਉਨ੍ਹਾਂ ਨੇ ਪ੍ਰਸ਼ੰਸਾ ਵਜੋਂ ਉਸਦੀ ਪਿੱਠ ਤੇ ਥਾਪੀ ਦਿਤੀ। ਉਨ੍ਹਾਂ ਨੇ ਉਸ ਨੂੰ ਤਲਵਾਰ ਨਾਲ ਕਮਰਬੰਦ ਕੀਤਾ ਅਤੇ ਉਸਨੂੰ ਇਕ ਢਾਲ ਦਿਤੀ। ਉਨ੍ਹਾਂ ਨੇ ਉਸਦੀ ਪੱਗ ਵਿਚ ਇਕ ਛੋਟੀ ਜਿਹੀ ਕਲਗੀ ਲਗਾ ਦਿਤੀ ਜਿਵੇਂ ਲਾੜੇ ਵਿਆਹ ਲਈ ਤਿਆਰ ਕੀਤੇ ਜਾਂਦੇ ਹਨ। ਉਸ ਨੂੰ ਅਲਵਿਦਾ ਕਹਿੰਦੇ ਹੋਏ ਗੁਰੂ ਜੀ ਨੇ ਕਿਹਾ, "ਮੇਰੇ ਪੁੱਤਰ! ਜਾਓ ਅਤੇ ਜੀਵਨ ਦੇਣ ਵਾਲੀ ਮੌਤ ਨਾਲ ਵਿਆਹ ਕਰਾਓ, ਜ਼ਿੰਦਗੀ ਤਾਂ ਹੁਣ ਛਿਣ ਭੰਗੁਰ ਹੈ, ਇਹ ਸੰਸਾਰ ਸਾਡਾ ਅਸਲੀ ਘਰ ਨਹੀਂ ਹੈ। ਅਸੀਂ ਇਤੇ ਕੁਝ ਸਮੇਂ ਲਈ ਯਾਤਰਾ ਕਰਨ ਲਈ ਆਏ ਹਾਂ ਅਤੇ ਇਸ ਤੋਂ ਬਾਅਦ ਸਵਰਗ ਜਿਹੜਾ ਕਿ ਸਾਡਾ ਅਸਲ ਘਰ ਹੈ ਵਿਚ ਜਾਣ ਦੀ ਆਗਿਆ ਲੈਂਦੇ ਹਾਂ। ਜਾਓ ਅਤੇ ਉਥੇ ਜਾ ਕੇ ਮੇਰੇ ਆਉਣ ਦਾ ਇੰਤਜ਼ਾਰ ਕਰੋ। ਤੁਹਾਡੇ ਦਾਦਾ ਜੀ ਅਤੇ ਤੁਹਾਡੀ ਵੱਡੇ ਭਰਾ ਪਹਿਲਾਂ ਹੀ ਬੜੀ ਉਤਸੁਕਤਾ ਨਾਲ ਤੁਹਾਡਾ ਸਵਾਗਤ ਕਰਨ ਖੜ੍ਹੇ ਹਨ।"

ਬਾਬਾ ਜੁਝਾਰ ਸਿੰਘ ਉਪਰਲੀ ਮੰਜ਼ਲ ਤੋਂ ਹੇਠਾਂ ਉਤਰੇ ਅਤੇ ਦਰਵਾਜ਼ੇ ਤੋਂ ਬਾਹਰ ਆਏ। ਪਰ ਲੜਾਈ ਵਿਚ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਕੁਝ ਪਿਆਸ ਲੱਗੀ ਅਤੇ ਉਹ ਪਾਣੀ ਦਾ ਘੁੱਟ ਪੀਣ ਲਈ ਵਾਪਸ ਪਰਤ ਆਏ। ਜਦੋਂ ਗੁਰੂ ਜੀ ਨੇ ਉਨ੍ਹਾਂ ਨੂੰ ਮੁੜਦਿਆਂ ਵੇਖਿਆ ਤਾਂ ਉਨ੍ਹਾਂ ਨੇ ਇਕ ਪ੍ਰਸ਼ਨਮਈ ਦ੍ਰਿਸ਼ਟੀ ਨਾਲ ਉਸਨੂੰ ਕਿਹਾ, "ਬੱਚੇ ਕੀ ਤੇਰੇ ਸਾਹਸ ਨੇ ਤੇਰਾ ਸਾਥ ਨਹੀਂ ਦਿੱਤਾ? ਕੀ ਬਾਹਰਲੇ ਰੌਲੇ ਅਤੇ ਸ਼ਸਤਰਾਂ ਦੇ ਖੜਾਕ ਨੇ ਤੇਰਾ ਦਿਲ ਹਿਲਾ ਦਿੱਤਾ ਹੈ।" ਬਾਬਾ ਜੀ ਨੇ ਜਵਾਬ ਦਿਤਾ ਕਿ ਉਹ ਤਾਂ ਪਾਣੀ ਦਾ ਘੁੱਟ ਪੀਣ ਲਈ ਆਏ ਹਨ। ਗੁਰੂ ਨੇ ਬੜੇ ਕਠੋਰ ਅਤੇ ਰੁੱਖੇ ਹੋ ਕੇ ਉਸਨੂੰ ਕਿਹਾ, ਮੇਰੇ ਬੱਚੇ, ਇਥੇ ਕੋਈ ਪਾਣੀ ਨਾ ਮੰਗੋ, ਜਾਓ ਆਪਣੀ ਪਿਆਸ ਦੁਸ਼ਮਣਾਂ ਦੇ ਰਕਤ ਨਾਲ ਬੁਝਾਓ। ਤੇਰਾ ਭਰਾ ਸਵਰਗ ਵਿਚ ਤੇਰੀ ਉਡੀਕ ਕਰ ਰਿਹਾ ਹੈ। ਤੈਨੂੰ ਸਿਰਫ ਉਥੇ ਹੀ ਪਾਣੀ ਮਿਲੇਗਾ।" ਬਾਬਾ ਜੁਝਾਰ ਸਿੰਘ ਬਿਨਾਂ ਰੁਕੇ ਬਾਹਰ ਵਲ ਨੂੰ ਤੇਜ਼ੀ ਨਾਲ ਚਲੇ ਗਏ। ਇਸ ਤੋਂ ਪਹਿਲਾਂ ਕਿ ਗੁਰੂ ਜੀ ਬੋਲਣਾ ਬੰਦ ਕਰਦੇ, ਉਹ ਪਹਿਲਾਂ ਹੀ ਹਵੇਲੀ ਤੋਂ ਬਾਹਰ ਘਮਸਾਨ ਲੜਾਈ ਵਿਚ ਜਾ ਚੁੱਕੇ ਸੀ।

ਬਾਬਾ ਜੁਝਾਰ ਸਿੰਘ ਨਾਲ ਵੀ ਪੰਜ ਸਿੱਖ ਸਨ। ਉਹ ਹਵੇਲੀ ਦੇ ਸਾਹਮਣੇ ਹੋ ਰਹੀ ਘਮਸਾਨ ਦੀ ਲੜਾਈ ਦੇ ਮੈਦਾਨ ਵਿਚ ਜੋਸ਼ ਨਾਲ ਕੁੱਦ ਪਏ। ਉਹ ਉਸੇ ਬਹਾਦਰੀ ਨਾਲ ਲੜੇ ਜਿਵੇਂ ਉਨ੍ਹਾਂ ਦਾ ਵੱਡਾ ਭਰਾ ਲੜਿਆ ਸੀ, ਇਤਿਹਾਸ ਇਸ ਗੱਲ ਦਾ ਸਾਖੀ ਹੈ ਕਿ ਉਨ੍ਹਾਂ ਨੇ ਸਜੇ ਖੱਬੇ ਡੌਰ ਭੌਰ ਹੋਏ ਦੁਸ਼ਮਣਾਂ ਨੂੰ ਮਾਰ ਦਿਤਾ। ਉਹ ਮੁਗਲਾਂ ਦੀ ਸੈਨਾ ਵਿਚਕਾਰ ਆਪਣਾ ਰਾਹ ਇਸ ਤਰ੍ਹਾਂ ਬਣਾ ਰਹੇ ਸਨ ਜਿਵੇਂ ਕਿ ਨਦੀ ਦੀ ਧਾਰਾ ਵਿਚ ਮਗਰਮੱਛ ਆਪਣਾ ਰਾਹ ਬਣਾਉਂਦਾ ਹੈ। ਦੁਸ਼ਮਣ ਮਰ ਕੇ ਇਸ ਤਰ੍ਹਾਂ ਡਿੱਗਣ ਲੱਗੇ ਜਿਵੇਂ ਜੁਲਾਈ ਅਤੇ ਅਗਸਤ ਦੇ ਮਹੀਨੇ ਵਿਚ ਮਾਨਸੂਨ ਵਰਖਾ ਪੈਂਦੀ ਹੈ। ਪਰ ਕਿਸਮ ਨੇ ਸਾਥ ਨਾ ਦਿੱਤਾ। ਯੁਵਕ ਸ਼ਹਿਜ਼ਾਦੇ ਨੇ ਕੇਵਲ ਆਪਣੀ ਹੀ ਸ਼ਕਤੀ ਨਾਲ ਦੁਸ਼ਮਣਾਂ ਨੂੰ ਰੋਕ ਰੱਖਿਆ। ਅੰਤ ਤਕ ਲੜਦੇ ਲੜਦੇ ਵੀਰਗਤੀ ਨੂੰ ਪ੍ਰਾਪਤ ਹੋਇਆ। ਫਰਿਸ਼ਤੇ ਉਨ੍ਹਾਂ ਨੂੰ ਸਰਬਸ਼ਕਤੀਮਾਨ ਅੱਗੇ ਲੈ ਗਏ।

ਗੁਰੂ ਜੀ ਜਿਹੜੇ ਕਿ ਲੜਾਈ ਨੂੰ ਵੇਖ ਰਹੇ ਸਨ ਨੇ ਰੱਬ ਦਾ ਸ਼ੁਕਰਾਨਾ ਕੀਤਾ ਕਿ ਉਨ੍ਹਾਂ ਦਾ ਪੁੱਤਰ ਇਕ ਵੀਰ ਯੋਧੇ ਦੀ ਮੌਤ ਮਰਿਆ ਹੈ। ਉਸਨੇ ਸ਼ਹੀਦੀ ਪਾਈ ਹੈ ਅਤੇ ਅਮਰ ਹੋਣ ਦੇ ਹੱਕਦਾਰ ਹੋ ਗਿਆ ਹੈ।

ਬਹਾਦਰੀ ਦੀ ਲੜਾਈ ਦਾ ਇਹ ਸਾਕਾ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਦੀ ਸ਼ਹਾਦਤ, ਅਦੁੱਤੀ ਹਨ ਅਤੇ ਸੰਸਾਰ ਦੇ ਇਤਿਹਾਸ ਵਿਚ ਇਹ ਲਾਸਾਨੀ ਹੈ। ਕਦੇ ਵੀ ਇਤਨੀ ਛੋਟੀ ਉਮਰ ਦੇ ਬਾਲਕਾਂ ਨੇ ਮੌਤ ਦੇ ਸਾਮ੍ਹਣੇ ਇੰਨਾ ਸਾਹਸ ਨਹੀਂ ਦਿਖਾਇਆ ਹੋਣਾ। ਆਪਣੇ ਘਰਮ ਦੀ ਰੱਖਿਆ ਕਰਨ ਤੇ ਜ਼ੁਲਮ ਦਾ ਖਾਤਮਾ ਕਰਨ ਦਾ ਉਨ੍ਹਾਂ ਦਾ ਇਹ ਬਹਾਦਰੀ ਦਾ ਸਾਕਾ ਸੁਨਹਿਰੀ ਅੱਖਰਾਂ ਵਿਚ ਲਿਖਿਆ ਗਿਆ ਹੈ।

ਗੁਰੂ ਜੀ ਨੇ ਆਪਣੇ ਦੋਵੇਂ ਪੁਤਰਾਂ ਦਾ ਇਸ ਕਰਕੇ ਬਲੀਦਾਨ ਦਿਤਾ ਸੀ ਤਾਂ ਜੋ ਉਹ ਇਸ ਸੰਸਾਰ ਵਿਚ ਕੁਝ ਹੋਰ ਸਾਲਾਂ ਲਈ ਆਪਣੇ ਮਨੋਰਥ ਨੂੰ ਜਾਰੀ ਰੱਖ ਸਕਣ ਅਤੇ ਧਰਮ ਕਾਰਜ ਨੂੰ ਵਿਕਸਿਤ ਕੀਤਾ ਜਾ ਸਕੇ। ਮੁਗਲਾਂ ਦੇ ਜ਼ੁਲਮਾਂ ਵਿਰੁੱਧ ਇਕ ਤੂਫ਼ਾਨ ਉਠਾਇਆ ਜਾ ਸਕੇ ਜੋ ਇਸਨੂੰ ਜੜ੍ਹੋਂ ਉਖਾੜ ਕੇ ਰੱਖ ਦੇਵੇ। ਸਿਰਫ਼ ਗੁਰੂ ਜੀ ਹੀ ਆਪਣੇ "ਮਹਾਨ" ਮਨੋਰਥ ਨੂੰ ਜਾਣਦੇ ਸਨ ਜੋ ਸਮਾਂ ਬੀਤਣ ਦੇ ਨਾਲ ਆਪਣੇ ਆਪ ਪ੍ਰਗਟ ਹੋਇਆ। ਸ਼ਹੀਦਾ ਤਾਰਿਆਂ ਦੀ ਨਿਆਈ ਹੁੰਦੇ ਹਨ ਜਿਹੜੇ ਕਿ ਅਕਾਸ਼ ਵਿਚ ਹਨੇਰੀ ਰਾਤ ਵੇਲੇ ਜਗਮਗਾਉਂਦੇ ਹਨ।

(ਪੰਨਾ 24 ਦੀ ਬਾਕੀ)

ਮਹਾਰਾਜ ਜੀ ਨੇ ਉਠ ਕੇ ਬੁੱਕਲ ਵਿਚ ਲੈ ਲਿਆ। ਹੁਕਮ ਦੇ ਦਿੱਤਾ ਕਿ ਪੱਟੀਆਂ ਵੀ ਲਿਆਓ, ਮਲ੍ਹਮ ਵੀ ਲਿਆਓ। ਸਾਰੇ ਹੈਰਾਨ ਹੋ ਗਏ ਕਿ ਆਹ ਕੀ ਗੱਲ ਬਣ ਗਈ। ਆਪਣੇ ਦਸਤੇ ਮੁਬਾਰਕ ਨਾਲ ਮਹਾਰਾਜ ਕਹਿੰਦੇ, ਲੈ ਕਨ੍ਹਈਆ! ਜਿਥੇ ਮਸ਼ਕ ਰੱਖਦਾ ਹੈ ਉਥੇ ਇਹ ਪੱਟੀਆਂ ਵੀ ਨਾਲ ਹੀ ਰੱਖੀ, ਮਲ੍ਹਮ ਵੀ ਨਾਲ ਰੱਖੀ।"

ਪਹਿਲਾਂ ਦਿਨ ਹੈ ਜਿਸ ਦਿਨ ਰੈਡ ਕਰਾਸ (Red Cross) ਦੀ ਬੁਨਿਆਦ ਗੁਰੂ ਦਸਮੇਸ਼ ਜੀ ਨੇ ਰੱਖੀ ਹੈ। ਅਸੀਂ ਤਾਂ ਦੱਸ ਹੀ ਨਹੀਂ ਸਕਦੇ ਕਿਸੇ ਨੂੰ, ਹੋਰ ਹੀ ਪਾਸੇ ਤੁਰੇ ਫਿਰਦੇ ਹਾਂ। ਹੈਰਾਨ ਹੋ ਗਏ।

ਕਹਿੰਦੇ ਗੁਰਸਿਖੋ! ਇਹ ਖਾਲਸਾ ਪਦਵੀ ਪ੍ਰਾਪਤ ਕਰ ਚੁੱਕਿਆ ਹੈ। ਹੁਣ ਇਸ ਦੇ ਵਿਚ ਮੇਰੇ ਵਿਚ ਤੇ ਪ੍ਰਮੇਸ਼ਰ 'ਚ ਕੋਈ ਭੇਦ ਨਹੀਂ ਰਿਹਾ –

ਕਨ੍ਹਈਆ ਤੇਰੀ ਸੇਵਾ ਪ੍ਰਵਾਨ। ਜਾਹ! ਹੁਣ ਤੂੰ ਏਹੀ ਗੁਰਸਿਖੀ ਦਾ ਜੋ ਨਿਸ਼ਾਨਾ ਹੈ, ਸੰਸਾਰ 'ਚ ਵੰਡ ਜਾ ਕੇ।"

ਬੜੀ ਲੰਮੀ ਸਾਖੀ ਹੈ ਉਸ ਤੋਂ ਬਾਅਦ। ਉਹੀ ਮੁਗਲ ਖਾਨ ਫੇਰ ਜਾਂਦਾ ਹੈ, ਜਾ ਕੇ ਸੇਵਾ ਕਰਦਾ ਹੈ, ਉਹ ਮੁਸਲਮਾਨ ਪੀਰ ਬਣਿਆ, ਗੁਰੂ ਮਹਾਰਾਜ ਦੀ ਸਿੱਖੀ ਧਾਰਨ ਕਰੀ ਉਸ ਜਰਨੈਲ ਨੇ ਬਾਅਦ ਵਿਚ।

ਸੋ ਇਸ ਤਰ੍ਹਾਂ ਦੇ ਨਾਲ ਗੁਰਸਿੱਖੀ ਦੇ ਵਿਚ ਵੈਰੀ ਅੱਖਰ ਹੈ ਨਹੀਂ ਕਿਤੇ ਵੀ, ਕਿਤੇ ਨਹੀਂ ਹੈ ਗੁਰੂ ਗ੍ਰੰਥ ਸਾਹਿਬ ਸਾਰਾ ਪੜ੍ਹ ਲਓ। ਜੇ ਕੋਈ ਵੈਰੀ ਹੈ ਤਾਂ ਮਹਾਰਾਜ ਨੇ ਕਿਹਾ ਕਿ ਉਨ੍ਹਾਂ ਤੋਂ ਖਬਰਦਾਰ ਰਹੇ –

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ॥*** *ਅੰਗ - 600*

***ਸੰਗਿ ਸਹਾਈ ਸੁ ਆਵੈ ਨ ਚੀਤਿ॥***
***ਜੋ ਬੈਰਾਈ ਤਾ ਸਿਉ ਪ੍ਰੀਤਿ॥*** *ਅੰਗ - 267*

ਇਨ੍ਹਾਂ ਪੰਜਾਂ ਚੋਰਾਂ ਨਾਲ ਦੋਸਤੀ, ਪੰਜਾਂ ਰਸਾਂ ਨਾਲ, ਪੰਜਾਂ ਵਿਸ਼ਿਆ ਨਾਲ। ਇਨ੍ਹਾਂ ਤੋਂ ਸਾਵਧਾਨ ਮਹਾਰਾਜ ਕਹਿੰਦੇ ਰਹੋ। ਸੰਸਾਰ 'ਚ ਕੋਈ ਵੈਰੀ ਨਹੀਂ ਹੈ। ਇਹ ਤਾਂ ਸਾਰੀ ਜੋਤ ਅਕਾਲ ਪੁਰਖ ਦੀ ਵਰਤ ਰਹੀ ਹੈ ਇਥੇ ਦੂਜਾ ਨਹੀਂ ਹੈ। ਸੋ ਕਹਿਣ ਲੱਗੇ ਭਾਈ ਮੰਝ ਜੀ ਕਹਿੰਦੇ, "ਦੇਖਿਓ! ਐਸੀ ਗਲਤੀ ਨਾ, ਇਹ ਭਾਵਨਾ ਗਲਤ ਹੈ ਗੁਰਸਿੱਖੀ ਦੇ ਅਨੁਕੂਲ ਨਹੀਂ ਹੈ। ਸੰਸਾਰ 'ਚ ਇਕੋ ਹੀ ਪ੍ਰਮੇਸ਼ਰ ਪਰੀਪੂਰਨ ਹੈ। ਜੋ ਕੁਝ ਹੋ ਰਿਹਾ ਹੈ ਉਸ ਦੇ ਹੁਕਮ ਵਿਚ ਹੀ ਹੋ ਰਿਹਾ ਹੈ, ਹੁਕਮ ਤੋਂ ਬਾਹਰ ਨਹੀਂ ਕੁਝ ਵੀ ਹੋ ਰਿਹਾ। ਇਸ ਕਰਕੇ ਜੋ ਹੋਇਆ ਉਹ ਮੇਰੇ ਗੁਰੂ ਨੂੰ ਭਾਉਂਦਾ ਹੈ। ਮੇਰੇ ਗੁਰੂ ਨੂੰ ਜੋ ਭਾਈ ਹੈ ਜਿਹੜੀ ਗੱਲ, ਉਹ ਸਾਨੂੰ ਭਲੀ ਕਰਕੇ ਮੰਨਣੀ ਚਾਹੀਦੀ ਹੈ।"

***ਮਨ ਕੀ ਮਤਿ ਤਿਆਗਹੁ ਹਰਿ ਜਨ***
***ਹੁਕਮੁ ਬੂਝਿ ਸੁਖੁ ਪਾਈਐ ਰੇ॥***
***ਜੋ ਪ੍ਰਭੁ ਕਰੈ ਸੋਈ ਭਲ ਮਾਨਹੁ***
***ਸੁਖਿ ਦੁਖਿ ਓਹੀ ਧਿਆਈਐ ਰੇ॥*** *ਅੰਗ - 209*

ਉਸੇ ਨੂੰ ਭਲਾ ਕਰਕੇ ਮੰਨੋ। ਸੋ ਇਸ ਤਰ੍ਹਾਂ ਦੇ ਬਚਨ ਆਪ ਨੇ ਕਰਕੇ, ਰੋਜ਼ ਮਿਹਨਤ ਕਰਦੇ ਨੇ। ਦੋ ਪੈਸੇ ਜਮ੍ਹਾਂ ਕਰੀ ਜਾਂਦੇ ਨੇ, ਐਡੀ ਗਰੀਬੀ ਦੀ ਹਾਲਤ ਵਿਚ ਭੁੰਜੇ ਪੈਂਦੇ ਨੇ। ਸੋ ਇਸ ਤਰ੍ਹਾਂ ਕਸਵੱਟੀ ਲੱਗੀ ਹੋਈ ਹੈ ਭਾਈ ਮੰਝ ਤੇ, ਤੇ ਗੁਰੂ ਚਾਹੁੰਦਾ ਹੈ ਕਿ ਮੈਂ ਇਸ ਨੂੰ ਪੂਰਾ ਕਰ ਦਿਆਂ, ਗੁਰਸਿਖ ਗੁਰੂ ਦੇ ਅਨੁਕੂਲ ਹੋਇਆ ਹੋਇਆ ਹੈ। ਕੋਈ ਸ਼ਿਕਵਾ ਨਹੀਂ, ਕੋਈ ਅਰਦਾਸ ਨਹੀਂ ਹੈ। ਜੇ ਕਹਿੰਦਾ ਹੈ ਤਾਂ ਇਕੋ ਹੀ ਅਰਦਾਸ ਕਰਦਾ ਹੈ। ਹੇ ਸਤਿਗੁਰੂ! ਮੇਰਾ ਸਿੱਖੀ ਸਿਦਕ ਨਿਭ ਜਾਵੇ ਤੇਰੇ ਨਾਲ, ਮੇਰਾ ਪਿਆਰ ਤੇਰੇ ਨਾਲ ਨਿਭ ਜਾਵੇ –

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੁਖ ਮਨਾਈ॥***
*ਅੰਗ - 757*

***ਕੋਈ ਭਲਾ ਕਹਉ ਭਾਵੈ ਬੁਰਾ ਕਹਉ***
***ਹਮ ਤਨੁ ਦੀਓ ਹੈ ਢਾਰਿ॥*** *ਅੰਗ - 528*

ਸੋ ਇਸ ਤਰ੍ਹਾਂ ਆਪ ਜੀ ਭਾਣੇ ਦੇ ਵਿਚ ਰਾਜੀ ਰਹਿ ਕੇ ਬੰਦਗੀ ਕਰਦੇ ਨੇ, ਉਨ੍ਹਾਂ ਤੋਂ ਕਰਾਉਂਦੇ ਨੇ, ਅੰਮ੍ਰਿਤ ਵੇਲੇ ਜਾਗਦੇ ਨੇ।

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*** *ਅੰਗ - 305*

ਸੰਤ ਕਲਿਆਣ ਦਾਸ ਜੀ ਬਹੁਤ ਵਿਸਥਾਰ ਨਾਲ ਆਪ ਨੂੰ ਦਸ ਗਏ। ਸੋ ਹੁਣ ਸਮਾਂ ਇਜਾਜਤ ਨਹੀਂ ਦਿੰਦਾ। ਕੱਲ੍ਹ ਦਾ ਜੋ ਦੀਵਾਨ ਹੈ ਉਹ ਆਪਣੇ ਸਟੇਜ ਦਾ ਹੁਣ ਵਾਲੇ ਸਮਾਗਮ ਦਾ ਆਖਰੀ ਹੈ। ਇਹ ਨਹੀਂ ਕਿ ਮੈਂ ਕਹਾਂ ਕਿ ਆਖਰੀ ਹੀ ਹੈ ਫੇਰ ਇਥੇ ਦੀਵਾਨ ਹੀ ਨਹੀਂ ਲਗਣੇ, ਨਾਹ ਇਸ ਸਮਾਗਮ ਦਾ ਆਖਰੀ ਹੈ। ਸੋ ਹੁੰਮ ਹੁਮਾ ਕੇ ਕੱਲ੍ਹ ਨੂੰ ਪਹੁੰਚਿਓ। ਤੁਹਾਡੇ ਹੀ ਬਜੁਰਗ ਨੇ ਜਿਸ ਦੀ ਮੈਂ ਗੱਲ ਕਰ ਰਿਹਾ ਹਾਂ। ਸਿੱਖੀ ਦੁਆਬੇ 'ਚ ਲਿਆਉਣਾ ਬਹੁਤ ਵੱਡਾ ਕੰਮ ਸੀ ਉਨ੍ਹਾਂ ਦਾ। ਉਨ੍ਹਾਂ ਦੀ ਮਾਰਫਤ ਤੁਸੀਂ ਹੀ ਨਹੀਂ ਬਖਸ਼ੇ ਗਏ, ਸਾਰਾ ਸੰਸਾਰ ਬਖਸ਼ਾ ਦਿੱਤਾ ਉਨ੍ਹਾਂ ਨੇ। ਸੋ ਕੱਲ੍ਹ ਨੂੰ ਬੇਨਤੀ ਕਰਾਂਗੇ ਸਮੇਂ ਤੇ ਪਹੁੰਚੋ। ਹੁਣ ਸਾਰੇ ਪ੍ਰੇਮੀ ਗੁਰ ਸਤੋਤਰ 'ਚ ਬੋਲੋ ਜੋ ਹਾਲੇ ਤੱਕ ਨਹੀਂ ਬੋਲੇ ਭਾਈ! ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

–ਗੁਰ ਸਤੋਤਰ–

# ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ ਵਾਲਿਆਂ ਦੀ ਚੌਥੀ ਬਰਸੀ ਦੇ ਸਬੰਧ ਵਿਚ

ਰਤਵਾੜਾ ਸਾਹਿਬ ਵਿਚ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਦੀ ਚੌਥੀ ਬਰਸੀ ਦੇ ਉਪਲਕਸ਼ ਵਿਚ ਚਾਰ ਦਿਨ ਦੇ ਮਹਾਨ ਗੁਰਮਤਿ ਸਮਾਗਮ ਪ੍ਰਾਰੰਭ ਹੋਏ। ਇਹ ਸਮਾਗਮ ਅੱਜ ਮਿਤੀ 28 ਅਕਤੂਬਰ ਤੋਂ ਪ੍ਰਾਰੰਭ ਹੋ ਕੇ ਮਿਤੀ 31 ਅਕਤੂਬਰ ਤੱਕ ਲਗਾਤਾਰ ਜਾਰੀ ਰਹਿਣਗੇ। ਮਹਾਂਪੁਰਸ਼ਾਂ ਦੀ ਮਿੱਠੀ ਯਾਦ ਵਿਚ ਮਿਤੀ 21 ਅਕਤੂਬਰ ਤੋਂ 11 ਅਖੰਡਪਾਠਾਂ ਦੀ ਲੜੀ ਜਾਰੀ ਹੈ ਅਤੇ ਆਖਰੀ ਲੜੀ ਦੇ ਭੋਗ 31 ਅਕਤੂਬਰ ਨੂੰ ਪੈਣਗੇ। ਮਹਾਂਪੁਰਸ਼ਾਂ ਦੀ ਸੇਵਾ ਦੀ ਪ੍ਰੰਪਰਾ ਨੂੰ ਜਾਰੀ ਰਖਦਿਆਂ ਦੋ ਮੈਡੀਕਲ ਕੈਂਪ ਲਾਏ ਗਏ ਹਨ। ਜੌਲੀ ਗਰਾਂਟ ਡੇਹਰਾਦੂਨ ਤੋਂ ਆਈ 11 ਮੈਡੀਕਲ ਡਾਕਟਰਾਂ ਦੀ ਟੀਮ ਸਮਾਗਮ ਦੇ ਚਾਰੋ ਦਿਨ ਹਰ ਤਰ੍ਹਾਂ ਬੀਮਾਰੀ ਚੈਕ-ਅਪ ਕਰਕੇ ਦਵਾਈਆਂ ਦੇ ਰਹੇ ਸਨ। ਦੂਜਾ ਅੱਖਾਂ ਦਾ ਕੈਂਪ ਅੱਜ 28 ਅਕਤੂਬਰ ਨੂੰ ਲਗਾਇਆ ਗਿਆ ਜਿਸ ਦੀ ਸੇਵਾ ਇੰਗਲੈਂਡ ਦੇ ਤੱਖਰ ਪਰਿਵਾਰ ਨੇ ਕੀਤੀ। ਇਸ ਕੈਂਪ ਵਿਚ ਮੁਫਤ ਦਵਾਈਆਂ ਤੇ ਐਨਕਾਂ ਦਿਤੀਆਂ ਜਾ ਰਹੀਆਂ ਸਨ ਅਤੇ ਅੱਖਾਂ ਦੇ ਓਪ੍ਰੇਸ਼ਨਾਂ ਦਾ ਪ੍ਰਬੰਧ ਵੀ ਕੀਤਾ ਗਿਆ। ਸਮਾਗਮ ਦੀ ਇਕ ਹੋਰ ਆਕਰਸ਼ਣ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਵਲੋਂ ਲਗਾਈ ਗਈ ਵਿਗਿਆਨਕ ਤੇ ਧਾਰਮਿਕ ਪ੍ਰਦਰਸ਼ਨੀ ਹੈ ਜਿਸ ਦੇ ਚਾਰਟ ਅਤੇ ਮਾਡਲ ਆਕਰਸ਼ਣ ਦਾ ਕਾਰਣ ਬਣ ਰਹੇ ਸਨ।

ਅੱਜ ਦੇ ਦੀਵਾਨ ਨੂੰ ਸੰਬੋਧਨ ਕਰਦਿਆਂ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਹਰਪਾਲ ਸਿੰਘ ਜੀ ਸੰਤ ਮਹਾਰਾਜ, ਬਾਬਾ ਵਰਿਆਮ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਮਹਾਰਾਜ ਜੀ ਦੀ ਸੰਗਤ ਮਾਣ ਕੇ ਆਪਣਾ ਜੀਵਨ ਸਫਲ ਕੀਤਾ। ਮਹਾਰਾਜ ਪੂਰਨ ਮਹਾਂਪੁਰਸ਼ ਸਨ ਜਿਨ੍ਹਾਂ ਨੇ ਲੱਖਾਂ ਜੀਵਾਂ ਨੂੰ ਨਾਮ ਸਿਮਰਨ ਅਤੇ ਸੇਵਾ ਵਿਚ ਜੋੜਿਆ।

ਅੱਜ ਦੇ ਦੀਵਾਨ ਦੀ ਪ੍ਰਾਰੰਭਤਾ ਅੰਮ੍ਰਿਤ ਵੇਲੇ ਗੁਰਦਵਾਰਾ ਈਸ਼ਰ ਪ੍ਰਕਾਸ਼ ਦੇ ਹਾਲ ਵਿਚ ਸਵੇਰੇ 4.30 ਤੋਂ 7.00 ਵਜੇ ਤਕ ਰਤਵਾੜਾ ਸਾਹਿਬ ਦੇ ਕੀਰਤਨੀ ਜੱਥੇ ਦੇ ਆਸਾ ਦੀ ਵਾਰ ਦੇ ਮਨੋਹਰ ਕੀਰਤਨ ਉਪਰੰਤ ਗੁਰੂ ਮਹਾਰਾਜ ਅੱਗੇ ਕੀਤੀ ਅਰਦਾਸ ਰਾਹੀਂ ਹੋਈ।

ਉਪਰੰਤ 10.00 ਵਜੇ ਦੀਵਾਨ ਹਾਲ ਵਿਚ ਦੀਵਾਨ ਸਜਿਆ। ਭਾਈ ਰਣਜੋਧ ਸਿੰਘ ਜੀ ਦੇ ਜੱਥੇ ਨੇ ਮਨੋਹਰ ਕੀਰਤਨ ਰਾਹੀਂ ਦੀਵਾਨ ਦੀ ਪ੍ਰਾਰੰਭਤਾ ਕੀਤੀ। ਉਪਰੰਤ ਭਾਈ ਜਗਤਾਰ ਸਿੰਘ ਤਾਰਾ ਨੇ ਸੁਰੀਲੀ ਸੁਰ ਵਿਚ 'ਸਤਿਗੁਰ ਮੇਰਾ ਰਖਵਾਲਾ ਹੋਆ' ਸ਼ਬਦ ਦੀ ਧੁਨੀ ਲਾਈ ਜਿਸ ਨੂੰ ਸੰਗਤਾਂ ਨੇ ਜੁੜ ਕੇ ਮਾਣਿਆ। ਬਾਬਾ ਹਰਨੇਕ ਸਿੰਘ ਲੰਗਰਾਂ ਵਾਲੇ, ਰਾੜਾ ਸਾਹਿਬ ਨੇ ਪ੍ਰਵਚਨਾਂ ਰਾਹੀਂ ਸੇਵਾ ਦਾ ਮਹਾਤਮ ਦਸਿਆ ਅਤੇ ਵੱਡੇ ਮਹਾਂਪੁਰਸ਼ਾਂ ਦੀ ਸੰਗਤ ਦਾ ਜ਼ਿਕਰ ਕਰਦਿਆਂ ਦਸਿਆ ਕਿ ਸਿਮਰਨ ਦੇ ਨਾਲ ਸੇਵਾ ਬਹੁਤ ਆਵਸ਼ਕ ਹੈ। ਇਸ ਬਿਨਾਂ ਹਉਮੈ ਬਿਨਾਸ ਨਹੀਂ ਹੁੰਦੀ। ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਦੇ ਬਚਿਆਂ ਨੇ ਦੋ ਸ਼ਬਦ ਸਰਵਣ ਕਰਵਾਏ -

ਮੇਰਾ ਮਨ ਲੋਚੈ ਗੁਰ ਦਰਸ਼ਨ ਤਾਈ ਅਤੇ ਮਿਤਰ ਪਿਆਰੇ ਨੂੰ, ਹਾਲ ਮੁਰੀਦਾ ਦਾ ਕਹਿਣਾ ਉਪਰੰਤ ਕਵਿਤਾ ਗਾਇਨ ਕੀਤੀ -

ਨਾਂ ਜਾਵੀਂ ਪ੍ਰੀਤਮ, ਦੇਸ ਬਗਾਨੇ।

ਉਪਰੰਤ ਸੰਤ ਰਣਜੀਤ ਸਿੰਘ ਗੁਜਰਵਾਲ ਜੀ ਨੇ 'ਹਰਿ ਕੇ ਸੇਵਕ ਸੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ' ਵਿਸ਼ੇ ਤੇ ਆਪਣੇ ਵਿਚਾਰ ਪ੍ਰਗਟ ਕੀਤੇ ਤੇ ਮਹਾਂਪੁਰਸ਼ਾਂ ਦੇ ਜੀਵਨ ਦੇ ਵਿਸ਼ੇਸ਼ ਪੱਖ ਉਜਾਗਰ ਕੀਤੇ। ਇਸ ਪਿਛੋਂ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੇ ਬੱਚਿਆਂ ਨੇ ਸ਼ਬਦ ਗਾਇਨ ਕੀਤੇ ਤੇ ਤੋਤਲੀ ਜ਼ਬਾਨ ਵਿਚ ਬਾਬਾ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਇਸ ਤੋਂ ਪਹਿਲਾਂ ਸੰਗੀਤ ਅਧਿਆਪਕਾਂ ਅਬਿਨਾਸ ਕੌਰ ਨੇ ਸਕੂਲ ਦੀ ਸਥਾਪਤੀ ਬਾਰੇ ਚਾਨਣਾ ਪਾਇਆ ਤੇ ਬੀਜੀ ਦੀਆਂ ਅਸੀਸਾਂ ਦਾ ਜ਼ਿਕਰ ਕੀਤਾ।

ਉਪਰੰਤ ਸੰਤ ਭੁਪਿੰਦਰ ਸਿੰਘ ਜਰਗ ਵਾਲਿਆਂ ਨੇ ਨਾਮ ਸਿਮਰਨ ਦੀ ਮਹਿਮਾ ਦਸਦਿਆਂ ਸੰਤ ਮਹਾਰਾਜ ਦੇ ਪਰਉਪਕਾਰ ਦੱਸੇ ਅਤੇ ਇਹ ਵੀ ਦੱਸਿਆ ਕਿ ਕਿਵੇਂ ਸੰਤ ਮਹਾਰਾਜ ਨੇ ਲੋਕਾਂ ਨੂੰ ਵੈਰ, ਵਿਰੋਧ, ਈਰਖਾ, ਦਵੈਤ ਦੇ ਜੀਵਨ ਤੋਂ ਮੁਕਤ ਕਰਕੇ ਨਾਮ-ਸਿਮਰਨ ਵਿਚ ਜੋੜਿਆ ਜੋ ਜੀਵਨ ਦਾ ਅਸਲ ਮਕਸਦ ਹੈ। ਸੰਤ ਗੁਰਪਾਲ ਸਿੰਘ (ਫਗਵਾੜਾ) ਦੇ ਜੱਥੇ ਨੇ ਮਨੋਹਰ ਕੀਰਤਨ ਰਾਹੀਂ ਨਿਹਾਲ ਕੀਤਾ ਅਤੇ ਪ੍ਰਵਚਨਾਂ ਵਿਚ ਸੰਤ ਮਹਾਰਾਜ ਦੇ ਪਰਉਪਕਾਰੀ ਜੀਵਨ ਦੀਆਂ ਝਾਕੀਆਂ ਪੇਸ਼ ਕੀਤੀਆਂ।

ਦੀਵਾਨ ਹਾਲ ਦੇ ਬਾਹਰ ਸੰਤ ਮਹਾਰਾਜ ਜੀ ਰਚਿਤ, ਪੁਸਤਕਾਂ, ਕੈਸਟਾਂ ਅਤੇ ਆਤਮ ਮਾਰਗ ਮੈਗਜ਼ੀਨ ਦਾ ਸਟਾਲ ਉਨ੍ਹਾਂ ਦੇ ਅਧਿਆਤਮਕ ਵਿਚਾਰਾਂ ਦੇ ਪ੍ਰਸਾਰ ਦਾ ਵਧੀਆ ਨਮੂਨਾ ਪੇਸ਼ ਕਰ ਰਿਹਾ ਹੈ ਅਤੇ ਸੰਗਤ ਦੀਵਾਨ ਦਾ ਅਨੰਦ ਮਾਣਨ ਉਪਰੰਤ ਪੁਸਤਕਾਂ ਤੇ ਕੈਸਟਾਂ ਖਰੀਦਦੀਆਂ ਦਿਸ ਆਉਂਦੀਆਂ ਹਨ। ਗੁਰੂ ਕੇ ਲੰਗਰਾਂ ਅਤੁੱਟ ਵਰਤ ਰਹੇ ਹਨ।

ਅੱਜ ਮਿਤੀ 29 ਅਕਤੂਬਰ 2005, ਮਹਾਂਪੁਰਸ਼ਾਂ ਦੀ ਸਿੰਮ੍ਰਿਤੀ ਵਿਚ ਹੋ ਰਹੇ ਮਹਾਨ ਗੁਰਮਤਿ ਸਮਾਗਮ ਦਾ ਦੂਜਾ ਦਿਨ ਹੈ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਪਾਲ ਸਿੰਘ ਜੀ ਨੇ ਮਹਾਂਪੁਰਸ਼ਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕਰਦਿਆਂ ਸੰਤਾਂ ਦਾ ਇਹ ਸੁਨੇਹਾ ਸੰਗਤਾਂ ਨਾਲ ਸਾਂਝਾ ਕੀਤਾ - 'ਨਾਮ ਜਪੀਐ ਤਾਂ ਦੂਰ ਹੁੰਦੇ ਦੁਖੜੇ, ਸੇਵਾ ਕਰਕੇ ਮਾਣ ਪਾਈਦੈ।'

ਆਪ ਜੀ ਨੇ ਮਹਾਂਪੁਰਸ਼ਾਂ ਵਲੋਂ ਨਾਮ-ਸਿਮਰਨ ਦੀ ਚਲਾਈ ਲਹਿਰ ਦਾ ਦੇਸ ਪ੍ਰਦੇਸ ਵਿਚ ਪ੍ਰਸਾਰ ਦਾ ਵੇਰਵਾ ਦਿਤਾ ਕਿ ਕਿਵੇਂ ਲੱਖਾਂ ਪ੍ਰਾਣੀ ਨਾਮ ਵਿਚ ਜੁੜ ਕੇ ਸੁਖ, ਸਹਿਜ, ਅਨੰਦ ਦਾ ਜੀਵਨ ਬਸਰ ਕਰ ਰਹੇ ਹਨ। ਆਪ ਜੀ ਨੇ ਮਹਾਂਪੁਰਸ਼ਾਂ ਦੇ ਪਰਉਪਕਾਰ ਦੱਸੇ ਕਿ ਕਿਵੇਂ ਉਨ੍ਹਾਂ ਨੇ ਆਈ.ਟੀ. ਕਾਲਜ, ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ, ਚੈਰੀਟੇਬਲ ਹਸਪਤਾਲ ਆਦਿ ਦਾ ਨਿਰਮਾਣ ਕੀਤਾ। 1995 ਵਿਚ ਉਨ੍ਹਾਂ ਨੇ ਆਤਮ ਮਾਰਗ ਦਾ ਸੰਚਾਲਨ ਕੀਤਾ ਜੋ ਬੜੀ ਚੜ੍ਹਦੀ ਕਲਾ ਵਿਚ ਸੰਗਤਾਂ ਦੀ ਸੇਵਾ ਕਰ ਰਿਹਾ। 25 ਤੋਂ ਵੱਧ ਪੁਸਤਕਾਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿਚ ਉਪਲਬਧ ਹਨ। ਆਡੀਓ. ਵੀਡੀਓ ਕੈਸਟਾਂ ਰਾਹੀਂ ਉਨ੍ਹਾਂ ਦੇ ਪ੍ਰਚਵਨਾਂ ਦਾ ਪਾਸਾਰ ਹੋ ਰਿਹਾ ਹੈ। ਅੱਜ ਦਾ ਦੀਵਾਨ ਵੀ ਅੰਮ੍ਰਿਤ ਵੇਲੇ ਗੁਰਦਵਾਰਾ ਈਸ਼ਰ ਪ੍ਰਕਾਸ਼ ਵਿਖੇ ਆਸਾ ਜੀ ਦੀ ਵਾਰ ਨਾਲ ਆਰੰਭ ਹੋਇਆ। ਉਪਰੰਤ ਪੰਜ ਬਾਣੀਆਂ ਦਾ ਨਿਤਨੇਮ ਸੰਗਤੀ ਰੂਪ ਵਿਚ ਹੋਇਆ। ਦੀਵਾਨ ਹਾਲ ਵਿਚ ਢਾਡੀ ਸਿੰਘਾਂ ਦੇ ਵਾਰਾਂ ਗਾਇਨ ਨਾਲ ਪੰਡਾਲ ਵਿਚ ਸਜੇ ਦੀਵਾਨ ਦੀ ਪ੍ਰਾਰੰਭਤਾ ਹੋਈ। ਸਵਾਮੀ ਅਨੰਦ ਜੀ ਨੇ ਸੰਗਤਾਂ ਨੂੰ ਨਾਮ ਅਭਿਆਸ ਦੀ ਵਿਧੀ ਵੀ ਦੱਸੀ ਅਤੇ ਅਭਿਆਸ ਵੀ ਕਰਾਇਆ। ਉਪਰੰਤ ਸੰਤ ਭੁਪਿੰਦਰ ਸਿੰਘ ਜੀ, ਮਾਜਰੇ ਵਾਲੇ ਦੇ ਜੱਥੇ ਨੇ ਮਨੋਹਰ ਕੀਰਤਨ ਕੀਤਾ ਅਤੇ ਮਹਾਰਾਜ ਜੀ ਦੇ ਜੀਵਨ ਵਿਚੋਂ ਸਿਮਰਨ ਸੇਵਾ ਦੇ ਪ੍ਰਮਾਣ ਦਿਤੇ। ਬੀਬੀ ਹਰਪ੍ਰੀਤ ਕੌਰ (ਫਗਵਾੜਾ) ਨੇ ਸੁਰੀਲੀ ਆਵਾਜ਼ ਵਿਚ ਇਹ ਸ਼ਬਦ ਗਾ ਕੇ ਸੰਗਤਾਂ ਨੂੰ ਮੁਗਧ ਕਰ ਦਿਤਾ - 'ਮਿਲ ਮੇਰੇ ਪ੍ਰੀਤਮਾ ਜੀਓ ਹਉ ਤੁਧ ਬਿਨ ਖਰੀ ਨਿਮਾਣੀ।' ਉਪਰੰਤ ਭਾਈ ਸੁਖਜੀਵਨ ਸਿੰਘ ਜੀ ਨੇ ਸ਼ਬਦ ਰਾਹੀਂ ਮਹਾਰਾਜ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸਿਮਰਨਪ੍ਰੀਤ ਕੌਰ, ਵਿਦਿਆਰਥਣ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਨੇ ਵਿਦਵਤਾ ਭਰਿਆ ਵਖਿਆਨ ਕੀਤਾ ਤੇ 'ਗੁਰਬਾਣੀ ਦਾ ਮਹਾਤਮ' ਸਿਰਲੇਖ ਹੇਠ ਵਧੀਆ ਕਵਿਤਾ ਸੁਣਾਈ। ਸੰਤ ਸਤਿਨਾਮ ਸਿੰਘ ਪੋਲੋਮਾਜਰਾ ਨੇ ਸ਼ਬਦ "ਜਨਮ ਮਰਣ ਦੋਹਹਬ ਮਹਿ ਨਾਹੀ ਜਨ ਪਰਉਪਕਾਰੀ ਆਏ' ਗਾਇਨ ਕਰਕੇ ਮਹਾਂਪੁਰਸ਼ਾਂ ਨੂੰ ਯਾਦ ਕੀਤਾ। ਸੰਤ ਵਰਿਆਮ ਸਿੰਘ ਜੀ ਪਬਲਿਕ ਸਕੂਲ ਦੇ ਬੱਚਿਆਂ ਨੇ 'ਕਾਲੀ ਕੋਇਲ ਤੂ ਕਿਤ ਗੁਨ ਕਾਲੀ' ਸ਼ਬਦ ਰਾਹੀਂ ਹਾਜ਼ਰੀ ਲਵਾਈ। ਸੰਤ ਪਰਮਿੰਦਰ ਸਿੰਘ ਸੰਧੂਆਂ ਵਾਲਿਆਂ ਨੇ ਧਾਰਨਾ ਲਾਈ - "ਤੈਨੂੰ ਯਾਦ ਕਰੇ ਜਗ ਸਾਰਾ, ਸਚਖੰਡ ਜਾਣ ਵਾਲਿਆਂ।' ਸੰਤ ਕੁਲਵੰਤ ਸਿੰਘ ਰਾੜਾ ਸਾਹਿਬ ਵਾਲਿਆਂ ਨੇ ਮਹਾਂਪੁਰਸ਼ਾਂ ਦੀ ਜੀਵਨੀ ਤੇ ਚਾਨਣ ਪਾਇਆ। ਸੰਤ ਪ੍ਰੀਤਮ ਜਯੋਤੀ ਹਰੀ ਅੰਮ੍ਰਿਤਸਰ ਵਾਲਿਆਂ ਨੇ ਨਾਮ ਦਾ ਮਹਾਤਮ ਦਸਦਿਆਂ ਸੰਤ ਮਹਾਂਪੁਰਸ਼ਾਂ ਦੀ ਮਾਨਤਾ ਤੇ ਮਹਾਨਤਾ ਦੱਸੀ। ਉਪਰੰਤ ਸ. ਸੰਤੋਖ ਸਿੰਘ ਰੰਧਾਵਾ, (ਸਾਬਕਾ ਪ੍ਰਧਾਨ ਪੰਜਾਬ ਕਾਗਰਸ) ਨੇ ਆਪਣੇ ਪ੍ਰਵਚਨਾਂ ਵਿਚ ਦੱਸਿਆ ਕਿ ਉਨ੍ਹਾਂ ਦਾ ਮਹਾਂਪੁਰਸ਼ਾਂ ਨਾਲ ਨਿਕਟਵਰਤੀ ਸੰਬੰਧ ਸੀ, ਉਨ੍ਹਾਂ ਦੱਸਿਆ ਕਿ ਗੁਰੂ ਮਹਾਰਾਜ ਦੇ ਵਾਕ 'ਸਾਧ ਬਚਨ ਅਟਲਾਧਾ' ਦੀਆਂ ਬਹੁਤ ਉਦਾਹਰਣਾਂ ਮਹਾਂਪੁਰਸ਼ਾਂ ਦੇ ਜੀਵਨ ਵਿਚੋਂ ਮਿਲਦੀਆਂ ਹਨ। ਇਕ ਘਟਨਾ ਉਨ੍ਹਾਂ ਨਾਲ ਵਿਸ਼ੇਸ਼ ਸੰਬੰਧ ਰਖਦੀ ਹੈ। ਉਨ੍ਹਾਂ ਨੇ ਬਚਨ ਕੀਤਾ ਸੀ, ਤੂੰ ਮੰਤਰੀ ਬਣੇਂਗਾ ਤੇ ਇਹ ਵਾਕ ਸੱਚ ਹੋ ਕੇ ਵਾਪਰਿਆ। ਸੰਤ ਬਲਵਿੰਦਰ ਸਿੰਘ ਜਯੋਤੀ ਸਰੂਪ ਵਾਲਿਆਂ ਨੇ ਸ਼ਬਦ ਰਾਹੀਂ ਹਾਜ਼ਰੀ ਭਰੀ। ਆਰਟ ਔਫ ਲਿਵਿੰਗ ਦੇ ਮੁਖੀ ਸ੍ਰੀ ਸ੍ਰੀ ਰਵੀ ਸ਼ੰਕਰ ਜੀ ਦੇ ਪਿਆਰੇ ਜਥੇ ਨੇ "ਸਤਿਨਾਮ ਵਾਹਿਗੁਰੂ" ਦੀ ਅੰਮ੍ਰਿਤਮਈ ਧੁਨੀ ਨਾਲ ਅਤੇ 'ਠਾਕੁਰ ਤਮ ਸਰਨਾਈ ਆਇਆ' ਸ਼ਬਦ ਗਾਇਨ ਰਾਹੀਂ ਸੰਗਤਾਂ ਨੂੰ ਮੁਗਧ ਕੀਤਾ। ਸੰਤ ਸੁਰਿੰਦਰ ਸਿੰਘ ਗੁਰਦੁਆਰਾ ਧੰਨਾ ਭਗਤ ਸੰਤ ਸਵਰਨ ਸਿੰਘ ਸੈਦਖੇੜੀ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ ਅਤੇ ਇੰਗਲੈਂਡ ਤੋਂ ਆਏ ਭਾਈ ਮੱਖਣ ਸਿੰਘ ਜੀ ਦੀ ਬੇਟੀ ਨੇ ਸਪੁੱਤਰੀ ਨੇ 'ਸਤਿਨਾਮ ਵਾਹਿਗੁਰੂ' ਦਾ ਸੰਗਤਾਂ ਨੂੰ ਜਾਪ ਕਰਵਾਇਆ। ਸੰਤ ਗੁਰਪਾਲ ਸਿੰਘ ਜੀ (ਫਗਵਾੜੇ ਵਾਲਿਆਂ) ਨੇ ਕੀਰਤਨ ਅਤੇ ਵਖਿਆਨ ਰਾਹੀਂ ਸੰਤ ਮਹਾਂਪੁਰਸ਼ਾਂ ਦੇ ਜੀਵਨ ਦੇ ਬਿਰਤਾਂਤ ਸਾਂਝੇ ਕੀਤੇ। ਬਾਬਾ ਹਰਪਾਲ ਸਿੰਘ ਜੀ, ਮੁੱਖ-ਸੇਵਕ, ਵਿ. ਗੁ. ਰੂਹਾਨੀ

ਮਿਸ਼ਨ ਨੇ ਬਾਬਾ ਜੀ ਦੇ ਪਿਆਰ ਵਿਚ ਬੀਬੀ ਦੇ ਅਸ਼ੀਰਵਾਦ ਸਦਕਾ ਵੈਰਾਗਮਈ ਕੀਰਤਨ ਕੀਤਾ, ਮਹਾਂਪੁਰਸ਼ਾਂ ਨੂੰ ਯਾਦ ਕਰਦਿਆਂ ਸਭਨਾਂ ਦੀਆਂ ਅੱਖਾਂ ਸੇਜਲ ਸਨ।

ਹਰ ਰੋਜ਼ ਸ਼ਾਮ 6.30 ਤੋਂ 9.30 ਵਜੇ ਤੱਕ ਮਹਾਂਪੁਰਸ਼ਾਂ ਦੇ ਦੀਵਾਨ ਦੀ ਪ੍ਰਾਜੈਕਟਰ ਰਾਹੀਂ ਫਿਲਮ ਦਿਖਾਈ ਗਈ ਜਿਸ ਨੂੰ ਸੰਗਤਾਂ ਬੜੇ ਪਿਆਰ ਤੇ ਉਤਸ਼ਾਹ ਨਾਲ ਮਾਣਦੀਆਂ ਹਨ। ਰਾਤ ਦੇ ਪ੍ਰੋਗਰਾਮ ਵਿਚ ਰੰਗਮੰਚ ਕਲਾ ਖਰੜ ਵਲੋਂ ਧਾਰਮਿਕ ਨਾਟਕ ਵੀ ਪੇਸ਼ ਕੀਤਾ ਗਿਆ।

ਗੁਰੂ ਕੇ ਲੰਗਰ ਅਤੁੱਟ ਵਰਤੇ। ਅੱਜ ਦੀਵਾਨ ਹਾਲ ਵਿਚ ਹਾਜ਼ਰੀ ਬਹੁ-ਗਿਣਤੀ ਵਿਚ ਸੀ।

ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਵਿਖੇ, ਸੰਤ ਬਾਬਾ ਵਰਿਆਮ ਸਿੰਘ ਜੀ ਦੀ ਚੌਥੀ ਬਰਸੀ ਦੇ ਸਬੰਧ ਵਿਚ ਚਲ ਰਹੇ ਸਮਾਗਮ ਦੇ ਦੂਜੇ ਦਿਨ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਸੇਵਾਦਾਰ ਸੰਤ ਬਾਬਾ ਹਰਪਾਲ ਸਿੰਘ ਜੀ ਨੇ ਮਹਾਂਪੁਰਸ਼ਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕਰਦਿਆਂ ਸੰਤਾਂ ਦਾ ਇਹ ਸੁਨੇਹਾ ਸੰਗਤਾਂ ਨਾਲ ਸਾਂਝਾ ਕੀਤਾ - 'ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ, ਸੇਵਾ ਕਰਕੇ ਮਾਣ ਪਾਈਦੈ।'

ਆਪ ਜੀ ਨੇ ਮਹਾਂਪੁਰਸ਼ਾਂ ਵਲੋਂ ਨਾਮ-ਸਿਮਰਨ ਦੀ ਚਲਾਈ ਲਹਿਰ ਦਾ ਦੇਸ ਪ੍ਰਦੇਸ ਵਿਚ ਪ੍ਰਸਾਰ ਦਾ ਵੇਰਵਾ ਦਿਤਾ ਕਿ ਕਿਵੇਂ ਲੱਖਾਂ ਪ੍ਰਾਣੀ ਨਾਮ ਵਿਚ ਜੁੜ ਕੇ ਸੁਖ, ਸਹਿਜ, ਅਨੰਦ ਦਾ ਜੀਵਨ ਬਸਰ ਕਰ ਰਹੇ ਹਨ। ਆਪ ਜੀ ਨੇ ਮਹਾਂਪੁਰਸ਼ਾਂ ਦੇ ਪਰਉਪਕਾਰ ਦੱਸੇ ਕਿ ਕਿਵੇਂ ਉਨ੍ਹਾਂ ਨੇ ਆਈ.ਟੀ. ਕਾਲਜ, ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ, ਚੈਰੀਟੇਬਲ ਹਸਪਤਾਲ ਆਦਿ ਦਾ ਨਿਰਮਾਣ ਕੀਤਾ। 1995 ਵਿਚ ਉਨ੍ਹਾਂ ਨੇ ਆਤਮ ਮਾਰਗ ਦਾ ਸੰਚਾਲਨ ਕੀਤਾ ਜੋ ਬੜੀ ਚੜ੍ਹਦੀ ਕਲਾ ਵਿਚ ਸੰਗਤਾਂ ਦੀ ਸੇਵਾ ਕਰ ਰਿਹਾ। 25 ਤੋਂ ਵੱਧ ਪੁਸਤਕਾਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿਚ ਉਪਲਬਧ ਹਨ। ਆਡੀਓ. ਵੀਡੀਓ ਕੈਸਟਾਂ ਰਾਹੀਂ ਉਨ੍ਹਾਂ ਦੇ ਪ੍ਰਵਚਨਾਂ ਦਾ ਪਾਸਾਰ ਹੋ ਰਿਹਾ ਹੈ। ਅੱਜ ਦਾ ਦੀਵਾਨ ਵੀ ਅੰਮ੍ਰਿਤ ਵੇਲੇ ਗੁਰਦਵਾਰਾ ਈਸ਼ਰ ਪ੍ਰਕਾਸ਼ ਵਿਖੇ ਆਸਾ ਜੀ ਦੀ ਵਾਰ ਨਾਲ ਆਰੰਭ ਹੋਇਆ। ਉਪਰੰਤ ਪੰਜ ਬਾਣੀਆਂ ਦਾ ਨਿਤਨੇਮ ਹੋਇਆ। ਦੀਵਾਨ ਹਾਲ ਵਿਚ ਢਾਡੀ ਸਿੰਘਾਂ ਦੇ ਵਾਰਾਂ ਗਾਇਨ ਨਾਲ ਪੰਡਾਲ ਵਿਚ ਸਜੇ ਦੀਵਾਨ ਦੀ ਪ੍ਰਾਰੰਭਤਾ ਹੋਈ। ਸਵਾਮੀ ਅਨੰਦ ਜੀ ਨੇ ਸੰਗਤਾਂ ਨੂੰ ਨਾਮ ਅਭਿਆਸ ਦੀ ਵਿਧੀ ਵੀ ਦੱਸੀ ਅਤੇ ਅਭਿਆਸ ਵੀ ਕਰਾਇਆ। ਉਪਰੰਤ ਸੰਤ ਭੁਪਿੰਦਰ ਸਿੰਘ ਜੀ, ਮਾਜਰੇ ਵਾਲੇ ਦੇ ਜੱਥੇ ਨੇ ਮਨੋਹਰ ਕੀਰਤਨ ਕੀਤਾ। ਬੀਬੀ ਹਰਪ੍ਰੀਤ ਕੌਰ (ਫਗਵਾੜਾ) ਨੇ ਸੁਰੀਲੀ ਆਵਾਜ਼ ਵਿਚ ਇਹ ਸ਼ਬਦ ਗਾ ਕੇ ਸੰਗਤਾਂ ਨੂੰ ਮੁਗਧ ਕਰ ਦਿਤਾ - 'ਮਿਲ ਮੇਲੇ ਪ੍ਰੀਤਮਾ ਜੀਓ ਹਉ ਤੁਧ ਬਿਨ ਖਰੀ ਨਿਮਾਣੀ।' ਉਪਰੰਤ ਭਾਈ ਸੁਖਜੀਵਨ ਸਿੰਘ ਨੇ ਸ਼ਬਦ ਰਾਹੀਂ ਸੰਤ ਬਾਬਾ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸਿਮਰਨਪ੍ਰੀਤ ਕੌਰ, ਵਿਦਿਆਰਥਣ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਨੇ ਵਿਦਵਤਾ ਭਰਿਆ ਵਖਿਆਨ ਕੀਤਾ ਤੇ 'ਗੁਰਬਾਣੀ ਦਾ ਮਹਾਤਮ' ਸਿਰਲੇਖ ਹੇਠ ਵਧੀਆ ਕਵਿਤਾ ਸੁਣਾਈ। ਸੰਤ ਸਤਿਨਾਮ ਸਿੰਘ ਪੋਲੋਮਾਜਰਾ ਨੇ ਸ਼ਬਦ "ਜਨਮ ਮਰਣ ਦੋਹਾਂ ਮਹਿ ਨਾਹੀ ਜਨ ਪਰਉਪਕਾਰੀ ਆਏ' ਗਾਇਨ ਕਰਕੇ ਮਹਾਂਪੁਰਸ਼ਾਂ ਨੂੰ ਯਾਦ ਕੀਤਾ। ਸੰਤ ਵਰਿਆਮ ਸਿੰਘ ਜੀ ਪਬਲਿਕ ਸਕੂਲ ਦੇ ਬੱਚਿਆਂ ਨੇ 'ਕਾਲੀ ਕੋਇਲ ਤੂ ਕਿਤ ਗੁਨ ਕਾਲੀ' ਸ਼ਬਦ ਰਾਹੀਂ ਹਾਜ਼ਰੀ ਲਵਾਈ। ਸੰਤ ਪਰਮਿੰਦਰ ਸਿੰਘ ਸੰਧੂਆਂ ਵਾਲਿਆਂ ਨੇ ਧਾਰਨਾ ਲਾਈ - "ਤੈਨੂੰ ਯਾਦ ਕਰੇ ਜਗ ਸਾਰਾ, ਸਚਖੰਡ ਜਾਣ ਵਾਲਿਆਂ।' ਸੰਤ ਕੁਲਵੰਤ ਸਿੰਘ ਰਾੜਾ ਸਾਹਿਬ ਵਾਲਿਆਂ ਨੇ ਮਹਾਂਪੁਰਸ਼ਾਂ ਦੀ ਜੀਵਨੀ ਤੇ ਚਾਨਣ ਪਾਇਆ। ਸੰਤ ਪ੍ਰੀਤਮ ਜਯੋਤੀ ਹਰੀ ਅੰਮ੍ਰਿਤਸਰ ਵਾਲਿਆਂ ਨੇ ਨਾਮ ਦਾ ਮਹਾਤਮ ਦਸਦਿਆਂ ਸੰਤ ਮਹਾਂਪੁਰਸ਼ਾਂ ਦੀ ਮਾਨਤਾ ਤੇ ਮਹਾਨਤਾ ਦੱਸੀ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸ. ਸੰਤੋਖ ਸਿੰਘ ਰੰਧਾਵਾ ਨੇ ਆਪਣਾਂ ਸੰਬੋਧਨ ਵਿਚ ਦੱਸਿਆ ਕਿ ਉਨ੍ਹਾਂ ਦਾ ਮਹਾਂਪੁਰਸ਼ਾਂ ਨਾਲ ਨਿਕਟਵਰਤੀ ਸੰਬੰਧ ਸੀ। ਰੰਧਾਵਾ ਨੇ ਇਕ ਘਟਨਾ ਬਿਆਨਦਿਆਂ ਕਿਹਾ ਕਿ ਬਾਬਾ ਜੀ ਨੇ ਕਿਹਾ ਸੀ ਕਿ ਮੰਤਰੀ ਬਣੇਗਾ, ਇਹ ਵਾਕ ਸੱਚ ਹੋ ਕੇ ਵਾਪਰਿਆ। ਸੰਤ ਬਲਵਿੰਦਰ ਸਿੰਘ ਜਯੋਤੀ ਸਰੂਪ ਵਾਲਿਆਂ ਨੇ ਸ਼ਬਦ ਰਾਹੀਂ ਹਾਜ਼ਰੀ ਭਰੀ। ਆਰਟ ਔਫ ਲਿਵਿੰਗ ਦੇ ਮੁਖੀ ਸ੍ਰੀ ਸ੍ਰੀ ਰਵੀ ਸ਼ੰਕਰ ਜੀ ਦੇ ਪਿਆਰੇ ਜਥੇ ਨੇ "ਸਤਿਨਾਮ ਵਾਹਿਗੁਰੂ" ਦੀ ਅੰਮ੍ਰਿਤਮਈ ਧੁਨੀ ਨਾਲ ਅਤੇ 'ਠਕਾਰੁ ਤਮ ਸਰਨਾਈ ਆਇਆ' ਸ਼ਬਦ ਗਾਇਨ ਰਾਹੀਂ ਸੰਗਤਾਂ ਨੂੰ ਮੁਗਧ ਕੀਤਾ। ਸੰਤ ਸੁਰਿੰਦਰ ਸਿੰਘ ਗੁਰਦੁਆਰਾ ਧੰਨਾ ਭਗਤ ਸੰਤ ਸਵਰਨ ਸਿੰਘ ਸੈਦਖੇੜੀ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ ਅਤੇ ਇੰਗਲੈਂਡ ਤੋਂ ਆਏ ਭਾਈ ਮੱਖਣ ਸਿੰਘ ਜੀ ਦੀ ਬੇਟੀ ਨੇ ਸਪੁੱਤਰੀ ਨੇ 'ਸਤਿਨਾਮ ਵਾਹਿਗੁਰੂ' ਦਾ ਸੰਗਤਾਂ ਨੂੰ ਜਾਪ ਕਰਵਾਇਆ। ਸੰਤ ਗੁਰਪਾਲ ਸਿੰਘ

ਜੀ (ਫਗਵਾੜੇ ਵਾਲਿਆਂ) ਨੇ ਕੀਰਤਨ ਅਤੇ ਵਖਿਆਨ ਰਾਹੀਂ ਸੰਤ ਮਹਾਂਪੁਰਸ਼ਾਂ ਦੇ ਜੀਵਨ ਦੇ ਬਿਰਤਾਂਤ ਸਾਂਝੇ ਕੀਤੇ।

ਹਰ ਰੋਜ਼ ਸ਼ਾਮ 6.30 ਤੋਂ 9.30 ਵਜੇ ਤੱਕ ਮਹਾਂਪੁਰਸ਼ਾਂ ਦੇ ਦੀਵਾਨ ਦੀ ਪ੍ਰਾਜੈਕਟਰ ਰਾਹੀਂ ਫਿਲਮ ਦਿਖਾਈ ਜਾਂਦੀ ਹੈ ਜਿਸ ਨੂੰ ਸੰਗਤਾਂ ਬੜੇ ਪਿਆਰ ਤੇ ਉਤਸ਼ਾਹ ਨਾਲ ਮਾਣਦੀਆਂ ਹਨ। ਰਾਤ ਦੇ ਪ੍ਰੋਗਰਾਮ ਵਿਚ ਰੰਗਮੰਚ ਕਲਾ ਖਰੜ ਵਲੋਂ ਧਾਰਮਿਕ ਨਾਟਕ ਵੀ ਪੇਸ਼ ਕੀਤਾ ਗਿਆ।

ਗੁਰੂ ਕੇ ਲੰਗਰ ਅਤੁੱਟ ਵਰਤ ਰਹੇ ਹਨ। ਰਤਵਾੜਾ ਸਾਹਿਬ ਅੱਜ ਮਿਤੀ 30 ਅਕਤੂਬਰ 2005 ਸੰਤ ਵਰਿਆਮ ਸਿੰਘ ਜੀ ਦੀ ਸਿੰਮ੍ਰਿਤੀ ਵਿਚ ਸਜਾਏ ਗਏ ਮਹਾਨ ਗੁਰਮਤਿ ਸਮਾਗਮ ਦਾ ਅੱਜ ਤੀਜਾ ਦਿਨ ਹੈ, ਅੱਜ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੂਰ ਦਰਾਜ਼ ਤੋਂ ਦੀਵਾਨ ਵਿਚ ਸਾਮਲ ਹੋਈਆਂ ਹਨ। ਪ੍ਰਦੇਸ਼ਾਂ ਤੋਂ ਆਏ ਸ਼ਰਧਾਲੂ ਵਿਸ਼ੇਸ਼ ਤੌਰ ਤੇ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆਂ, ਹਾਲੈਂਡ ਤੋਂ ਸੰਤ ਮਹਾਰਾਜ ਦੇ ਪ੍ਰੇਮੀ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਉਚੇਚੇ ਤੌਰ ਤੇ ਪੁੱਜੇ ਹਨ। ਈਸਾਈ ਪਾਦਰੀ ਡੇਵਡ ਹੈਮਰ ਕੈਨੇਫੋਰਨੀਆਂ ਅਮਰੀਕਾ ਤੋਂ ਵਿਸ਼ੇਸ਼ ਤੌਰ ਤੇ ਆਏ ਹਨ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਮੁੱਖ ਸੇਵਕ ਬਾਬਾ ਹਰਪਾਲ ਸਿੰਘ ਜੀ ਨੇ ਮਹਾਂਪੁਰਸ਼ਾਂ ਨੂੰ ਸ਼ਰਧਾ ਤੇ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕਰਦਿਆਂ ਦਸਿਆ ਕਿ ਮਹਾਂਪੁਰਸ਼ ਸਦਾ ਦ੍ਰਿੜ ਕਰੂੰਦੇ ਸੀ 'ਨਾਨਕੁ ਕੇ ਘਰੁ ਕੇਵਲ ਨਾਮੁ' ਗੁਰੂ ਘਰ ਵਿਚ ਨਾਮ ਦੀ ਬਹੁਤ ਮਹਿਮਾ ਹੈ, ਏਥੇ ਸਿਮਰਨ ਹੀ ਪਰਵਾਨ ਹੈ, ਕਰਮਕਾਂਡ ਦੀ ਕੋਈ ਥਾਂ ਨਹੀਂ। ਮਹਾਂਪੁਰਸ਼ ਸਦਾ ਸਿਮਰਨ ਵਿਚ ਵਲੀਨ ਰਹਿੰਦੇ ਸੀ ਅਤੇ ਸਿਮਰਨ ਵਿਧੀ ਹੀ ਸਦਾ ਸੰਗਤਾਂ ਨੂੰ ਦਸਦੇ ਰਹਿੰਦੇ ਸੀ। ਨਾਮ ਨਾਲ ਜੋੜਨਾ ਹੀ ਮਨੁਖਤਾ ਦੀ ਵੱਡੀ ਸੇਵਾ ਹੈ। ਬਾਬਾ ਜੀ ਨੇ ਮਹਾਂਪੁਰਸ਼ਾਂ ਦੀ ਦੱਸੀ ਧੁਨੀ ਤੇ ਵਿਧੀ ਰਾਹੀਂ ਸੰਗਤਾਂ ਨੂੰ ਨਾਮ ਸਿਮਰਨ ਕਰਵਾਇਆ।

ਅੱਜ ਦਾ ਸਵੇਰੇ ਦਾ ਦੀਵਾਨ ਸਵੇਰੇ ਚਾਰ ਵਜੇ ਨਾਮ-ਸਿਮਰਨ ਦੀ ਧੁਨੀ ਰਾਹੀਂ ਸ਼ੁਰੂ ਹੋਇਆ। ਉਪਰੰਤ ਪੰਜ ਤੋਂ ਅੱਠ ਵਜੇ ਤਕ ਰਤਵਾੜਾ ਸਾਹਿਬ ਦੇ ਜੱਥੇ ਨੇ ਆਸਾ ਜੀ ਦੀ ਵਾਰ ਦਾ ਅੰਮ੍ਰਿਤ-ਮਈ ਕੀਰਤਨ ਸਰਵਣ ਕਰਵਾਇਆ। ਅੱਠ ਵਜੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੇ ਵਿਦਿਆਰਥੀਆਂ ਨੇ ਮਧੁਰ ਧੁਨੀ ਵਿਚ ਸ਼ਬਦ ਪੜ੍ਹੇ। ਧੁਨੀ ਸੀ - ਮਾਈ ਮੋਹਿ ਪ੍ਰੀਤਮ ਰਾਮ ਬਤਾਓ ਰੀ ਮਾਈ, ਐਸੀ ਲਾਲ ਤੁਝ ਬਿਨ ਕਉਨ ਕਰੇ।

ਬੱਚਿਆਂ ਨੇ ਪਿਆਰ ਤੇ ਵੈਰਾਗ ਭਰੀ ਕਵਿਤਾ ਪੜ੍ਹੀ -

ਸੰਗਤਾਂ ਰੋਣ ਪਿਆਰੀਆਂ ਤੈਨੂੰ ਯਾਦ ਕਰਕੇ - ਬਾਬਾ ਹਰਨੇਕ ਸਿੰਘ ਲੰਗਰਾਂ ਵਾਲਿਆਂ ਨੇ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਮਹਾਰਾਜ ਨੂੰ ਸ਼ਰਧਾਂਜਲੀ ਭੇਂਟ ਕੀਤੀ। ਬੀਬੀ ਜਤਿੰਦਰ ਕੌਰ ਨੇ ਸ਼ਬਦ ਰਾਹੀਂ ਹਾਜ਼ਰੀ ਲਵਾਈ। ਸ. ਪਲਵਿੰਦਰ ਸਿੰਘ ਅਮਰੀਕਾ ਵਾਲਿਆਂ ਨੇ ਸ਼ਬਦ ਗਾਇਨ ਕੀਤਾ ਤੇ ਸੰਤਾਂ ਅਮਰੀਕਾ ਯਾਤਰਾ ਦੀਆਂ ਯਾਦਾਂ ਤਾਜ਼ੀਆਂ ਕੀਤੀਆਂ। ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੇ ਬੱਚਿਆਂ ਨੇ ਮਧੁਰ ਆਵਾਜ਼ ਸ਼ਬਦ ਰਾਹੀਂ ਹਾਜ਼ਰੀ ਲਵਾਈ। ਉਪਰੰਤ ਬੀਬੀ ਪਰਵਿੰਦਰ ਨੇ ਸ਼ਬਦ ਗਾਇਨ ਕੀਤਾ। ਭੰਭੋਰ ਸਾਹਿਬ ਵਾਲੀ ਬੀਬੀ ਬਲਬੀਰ ਕੌਰ ਨੇ ਵੱਡੇ ਮਹਾਂਪੁਰਸ਼ਾਂ ਸੰਤ ਬਾਬਾ ਈਸ਼ਰ ਸਿੰਘ ਜੀ ਅਤੇ ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਸੰਤ ਬਾਬਾ ਵਰਿਆਮ ਸਿੰਘ ਜੀ ਪਰਸਪਰ ਪਿਆਰ ਤੇ ਸਾਂਝ ਦਸ ਕੇ ਸਿੱਧ ਕੀਤਾ ਕਿ ਰਤਵਾੜਾ ਸਾਹਿਬ ਦੇ ਮਹਾਂਪੁਰਸ਼ ਉਨ੍ਹਾਂ ਦਾ ਹੀ ਰੂਪ ਸਨ। ਉਪਰੰਤ ਬਾਬਾ ਜਸਵਿੰਦਰ ਸਿੰਘ ਘੋਲਾ, ਮਾਤਾ ਜੀ ਦੇ ਪਰਮ ਸੇਵਕ ਨੇ ਭਾਵੁਕ ਹੋਕੇ ਸੇਜਲ ਅੱਖਾਂ ਨਾਲ ਧਾਰਨਾ ਗਾਈ -

ਕਾਹਦਾ ਜੀਵਣਾ ਬਾਝ ਪਿਆਰੇ ਆਪਣੇ ਸੰਗਤਾਂ ਭਾਵਕ ਹੋ ਕੇ ਨਾਲ ਨਾਲ ਗਾਇਨ ਕੀਤਾ। ਇਕ ਛੋਟੇ ਇੰਦਰਜੀਤ ਨੇ ਤੋਤਲੀ ਆਵਾਜ਼ ਵਿਚ ਗਾਇਨ ਕੀਤਾ -

ਸੱਜਣ ਮੇਰੇ ਰੰਗਲੇ ਜਾਏ ਸੁਤੇ ਜੀਰਾਣ

ਉਪਰੰਤ ਪ੍ਰੀਤਮ ਜਯੋਤੀ ਹਰੀ ਜੀ, ਅੰਮ੍ਰਿਤਸਰ ਵਾਲਿਆਂ ਨੇ "ਬ੍ਰਹਮਗਿਆਨੀ ਸਦ ਜੀਵੈ ਨਹੀਂ ਮਰਤਾ" ਵਿਸ਼ੇ ਨੂੰ ਸਪਸ਼ਟ ਕਰਦਿਆਂ ਦੱਸਿਆ ਕਿ ਸੰਸਾਰ ਦੇ ਸਾਰੇ ਜੀਵ। ਮੋਹ ਮਾਇਆ ਦੀ ਗੂੜ੍ਹੀ ਨੀਂਦ ਵਿਚ ਸੁਤੇ ਪਏ ਹਨ, ਕੇਵਲ ਗੁਰਮਖਿ, ਮਹਾਂਪੁਰਸ਼, ਬ੍ਰਹਮਗਿਆਨੀ, ਸੰਤ ਮਹਾਤਮਾ ਹੀ ਜਾਗਦੇ ਹਨ, ਗਫਲਤ ਦੀ ਗੂੜ੍ਹੀ ਨੀਂਦ ਨਹੀਂ ਸੌਂਦੇ, ਨਾਮ ਸਿਮਰਨ ਵਿਚ ਲਗੇ ਰਹਿੰਦੇ ਹਨ, ਜੀਵਨ ਲਕਸ਼ ਨੂੰ ਪਛਾਣਦੇ ਹਨ, ਆਪ ਅਨੁਭਵ ਪ੍ਰਾਪਤ ਕਰਦੇ ਹਨ ਤੇ ਸੁਤਿਆਂ ਨੂੰ ਜਾਗਰੂਪ ਕਰਦੇ ਹਨ। ਐਸੇ ਹੀ ਮਹਾਂਪੁਰਸ਼ ਸੰਤ ਵਰਿਆਮ ਸਿੰਘ ਬ੍ਰਹਮਗਿਆਨੀ ਸੀ, ਜਿਨ੍ਹਾਂ ਨੇ ਲੱਖਾਂ ਲੋਕਾਂ ਨੂੰ ਜਾਗਰੂਪ ਕਰਕੇ ਨਾਮ ਦੇ ਲੜ ਲਾਇਆ।

ਸੰਤ ਮਹਿੰਦਰ ਸਿੰਘ ਜੀ ਲੰਬਿਆਂ ਵਾਲਿਆਂ ਨੇ ਮਿੱਠੀ ਧਾਰਨਾ ਲਾਈ -

ਉਹ ਨਗਰ ਬੈਕੁੰਠ ਬਣ ਜਾਵੇ, ਜਿਥੇ ਚਰਨ ਪੈਣ ਸੰਤਾਂ ਦੇ - ਸੰਗਤਾਂ ਪਿਆਰ ਵਿਚ ਜੁੜ ਕੇ ਨਾਲ ਨਾਲ ਗਾਇਨ ਕੀਤਾ। ਸੰਤ ਮਨਜੀਤ ਸਿੰਘ ਛੰਨਾ ਵਾਲੇ ਅਤੇ ਸੰਤ ਮਹਾਰਾਜ ਝਾਂਬਪੁਰ ਵਾਲਿਆਂ ਨੇ ਪਿਆਰੀਆਂ ਧਾਰਨਾਵਾਂ ਰਾਹੀਂ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਉਪਰੰਤ ਸੰਤ ਪਰਮਜੀਤ ਸਿੰਘ ਜੀ ਢਿੱਡਾ ਸਾਹਿਬ ਵਾਲਿਆਂ ਨੇ ਮਿੱਠੀ ਧਆਰਨਾ ਲਾਈ -

ਹੋ ਜਾਵਾਂ ਕੁਰਬਾਨ, ਦਾਤਾ ਤੇਰੇ ਪਿਆਰਿਆਂ ਤੋਂ।

ਇਸ ਤੋਂ ਬਿਨਾਂ ਸੰਤ ਵਰਿਆਮ ਸਿੰਘ ਮੈਮੋਰੀਅਲ ਸਕੂਲ ਧਮੋਟ ਦੇ ਬੱਚਿਆਂ ਨੇ ਸ਼ਬਦ ਦੀ ਹਾਜ਼ਰੀ ਭਰੀ। ਸੰਤ ਮਾਨ ਸਿੰਘ ਪਿਹੋਵਾ ਵਾਲਿਆਂ ਦੇ ਜੱਥੇ ਨੇ ਰਸਭਿੰਨਾ ਕੀਰਤਨ ਕਰਿਆ ਅਤੇ ਪ੍ਰਵਚਨਾਂ ਰਾਹੀਂ ਮਹਾਂਪੁਰਸ਼ਾਂ ਦੇ ਨਿਘੇ ਪਿਆਰ ਦੀ ਕਥਾ ਵਾਰਤਾ ਸੁਣਾਈ ਤੇ ਉਨ੍ਹਾਂ ਦੇ ਪਰਉਪਕਾਰੀ ਜੀਵਨ ਦੀ ਸ਼ਲਾਘਾ ਕੀਤੀ।

ਦੀਵਾਨ ਦੀ ਸਮਾਪਤੀ ਤੋਂ ਪਹਿਲਾਂ ਬਾਬਾ ਹਰਪਾਲ ਸਿੰਘ ਮੁੱਖ-ਸੇਵਕ ਵਿ. ਗੁ. ਰੂਹਾਨੀ ਮਿਸ਼ਨ ਨੇ ਵੈਰਾਗਮਈ ਕੀਰਤਨ ਕੀਤਾ, ਮਹਾਰਾਜ ਦੇ ਪਰਉਪਕਾਰ ਦੱਸੇ ਅਤੇ ਉਨ੍ਹਾਂ ਦੇ ਅਥਾਹ ਪਿਆਰ ਦੇ ਬਖਾਨ ਸੁਣ ਕੇ ਸੰਗਤਾਂ ਦੀਆਂ ਅੱਖਾਂ ਸੇਜਲ ਹੋ ਗਈਆਂ।

31.10.05 ਨੂੰ ਦੀਵਾਨ ਦਾ ਚੌਥਾ ਤੇ ਆਖਰੀ ਦਿਨ ਹੈ। ਅੱਜ ਰਤਵਾੜਾ ਸਾਹਿਬ ਦੀਆਂ ਰੌਣਕਾਂ ਅਦਭੁਤ ਹਨ, ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੀ ਪ੍ਰਦਰਸ਼ਨੀ ਵਿਸ਼ੇਸ਼ ਆਕਰਸ਼ ਦਾ ਕਾਰਨ ਬਣੀ ਰਹੀ ਹੈ। ਛੁਟੀ ਦਾ ਦਿਨ ਹੋਣ ਕਾਰਨ ਅੱਜ ਨੌਜਵਾਨ ਬੱਚੇ ਵਿਦਿਆਰਥੀ ਹੁੰਮ ਹੁੰਮਾ ਕੇ ਪੁੱਜੇ ਹਨ ਕੇ ਪ੍ਰਦਰਸ਼ਨੀ ਦੇ ਵੱਖ-ਵੱਖ ਮਾਡਲ ਧਿਆਨ ਨਾਲ ਵੇਖ ਰਹੇ ਹਨ। ਡੇਹਰਾਦੂਨ ਜੌਲੀ ਗਰਾਂਟ ਤੋਂ ਆਈ ਮੈਡੀਕਲ ਟੀਮ 24 ਘੰਟੇ ਸੰਗਤਾਂ ਦੀ ਸੇਵਾ ਕਰ ਰਹੇ ਹਨ ਅਤੇ ਲੱਖਾਂ ਰੁਪਏ ਦੀਆਂ ਦਵਾਈਆਂ ਮੁਫਤ ਦਿਤੀਆਂ ਜਾ ਰਹੀਆਂ ਹਨ। ਅੱਖਾਂ ਦਾ ਫਰੀ ਚੈਕ-ਅਪ ਹੋ ਰਿਹਾ ਹੈ ਅਤੇ ਫਰੀ ਦਵਾਈਆਂ ਦਿਤੀਆਂ ਜਾ ਰਹੀਆਂ ਹਨ। ਫਰੀ ਐਨਕਾਂ ਦੇਣ ਦਾ ਉਪਰਾਲਾ ਵੀ ਕੀਤਾ ਗਿਆ ਹੈ। 'ਆਤਮ ਮਾਰਗ' ਸਟਾਲ ਤੇ ਕਾਫੀ ਸ਼ਰਧਾਲੂ ਮੈਂਬਰ ਬਣ ਰਹੇ ਸਨ, ਪੁਸਤਕਾਂ ਅਤੇ ਆਡੀਓ ਵੀਡੀਓ ਕੈਸਟਾਂ ਖਰੀਦ ਰਹੇ ਹਨ, ਬਹੁਤ ਗਿਣਤੀ ਵਿਚ ਸ਼ਰਧਾਲੂ ਮਹਾਂਪੁਰਸ਼ਾਂ ਦੇ ਅੰਮ੍ਰਿਤ-ਮਈ ਬਚਨਾਂ ਨੂੰ ਖਰੀਦ ਦੇ ਲਜਾ ਰਹੇ ਸਨ। ਗੁਰੂ ਕੇ ਲੰਗਰ ਅਤੁੱਟ ਚਲ ਰਹੇ ਸਨ। ਪਾਰਕਿੰਗ ਦਾ ਸੁਹਣਾ ਪ੍ਰਬੰਧ ਹੈ।

''ਜੀਅ ਦਾਨ ਦੇ ਭਗਤੀ ਲਾਇਨ ਹਰਿ ਸਿਉ ਲੈਨਿ ਮਿਲਾਏ++

ਬਾਬਾ ਹਰਪਾਲ ਸਿੰਘ ਜੀ, ਮੁੱਖ ਸੇਵਕ ਵਿ. ਗੁ. ਰੂ. ਮਿਸ਼ਨ ਨੇ ਸਮਾਗਮ ਦੇ ਅੰਤਲੇ ਦਿਨ ਸੋਮਵਾਰ 31 ਅਕਤੂਬਰ ਨੂੰ ਦਾ ਆਦਰਸ਼ ਸਪਸ਼ਟ ਕੀਤਾ। ਆਪ ਜੀ ਨੇ ਦਸਿਆ ਕਿ ਗੁਰੂ ਘਰ ਦੇ ਮਾਰਗ 'ਸੁਰਤਿ ਸਬਦਿ ਮਾਰਗ' ਨੂੰ ਹੀ ਮਹਾਂਪੁਰਸ਼ਾਂ ਨੇ ਪ੍ਰਸਾਰਿਆ ਅਤੇ ਦੱਸਿਆ ਕਿ ਜਿਵੇਂ ਜਲ ਵਿਚ ਕਮਲ ਨਿਰਾਲਮ ਰਹਿੰਦਾ ਹੈ। ਐਸੀ ਜੁਗਤਿ ਬਾਬਾ ਜੀ ਨੇ ਨਾਮ ਸਿਮਰਨ ਦੀ ਦੱਸੀ। ਆਪ ਜੀ ਨੇ ਦੱਸਿਆ ਕਿ ਸੁਰਤਿ ਨੂੰ ਸ਼ਬਦ ਵਿਚ ਜੋੜਨਾ ਹੈ, ਬਾਹਰੋਂ ਵਾਹਿਗੁਰੂ ਦੀ ਧੁਨਿ ਬੋਲੋ ਤੇ ਕੰਨਾਂ ਨਾਲ ਸੁਣੋ ਪਰ ਅੰਦਰ ਦੀ ਧੁਨਿ ਵਿਚ ਸੁਰਤਿ ਨੂੰ ਲੈ ਜਾਵੋ। ਗੁਰ ਫੁਰਮਾਨ ਹੈ - 'ਧੁਨਿ ਮਹਿ ਧਿਆਨ, ਧਿਆਨ ਮਹਿ ਜਾਨਿਆ॥' ਨਾਮ ਕਿਤੋਂ ਬਾਹਰੋਂ ਨਹੀਂ ਮਿਲਣਾ, ਜੀਅ ਦਾਨ ਤਾਂ ਮਿਲ ਸਕਦਾ ਹੈ ਪਰ ਨਾਮ ਤਾਂ ਅੰਦਰ ਵਸਦਾ ਹੈ। ਗੁਰ ਫੁਰਮਾਨ ਹੈ - ਨਉਨਿਧਿ ਅੰਮ੍ਰਿਤ ਪ੍ਰਭ ਕਾ ਨਾਮ॥ ਦੇਹੀ ਮਹਿ ਇਸ ਕਾ ਬਿਸਰਾਮ॥

ਗੁਰਮਤਿ ਮਰਿਆਦਾ ਅਨੁਸਾਰ ਪੰਜ ਪਿਆਰਿਆਂ ਤੋਂ ਨਾਮ ਮਿਲਦਾ ਹੈ। ਵਾਹਿਗੁਰੂ ਗੁਰਮੰਤ੍ਰ ਨੂੰ ਰਸਨਾ ਨਾਲ ਜਪੋ, ਹਿਰਦੇ ਵਿਚ ਵਸਾਉ - ਫੇਰ 'ਦੂਖ ਰੋਗ ਸੰਤਾਪ ਉਤਰੇ, ਸੁਣੀ ਸਚੀ ਬਾਣੀ" ਅੰਦਰ ਧੁਨ ਨੂੰ ਸੁਣਨ ਨਾਲ ਕੋਈ ਰੋਗ ਦੁਖ ਟਿਕ ਨਹੀਂ ਸਕਦਾ। ਗੁਰੂ ਮਹਾਰਾਜ ਦਾ ਸਪਸ਼ਟ ਹੁਕਮ ਹੈ - 'ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੁ ਭਲਕੇ ਉਠਿ ਹਰਿ ਨਾਮ ਧਿਆਵੈ॥ ਉਦਮ ਕਰੈ ਭਲਕੇ ਪ੍ਰਭਾਤੀ ਇਸਨਾਨ ਕਰੇ ਅੰਮ੍ਰਿਤਸਰ ਨਾਵੈ॥' ਨਾਮ ਦੀ ਦਵਾਈ ਅਤੇ ਗੁਰਮੰਤਰ ਦੀ ਕਮਾਈ ਨਾਲ ਸਾਰੇ ਦੁਖ, ਜਨਮ ਮਰਣ ਦੇ ਦੁਖ ਮੁੱਕ ਜਾਂਦੇ ਹਨ। ਆਪ ਜੀ ਨੇ ਦੱਸਿਆ ਕਿ ਮਹਾਂਪੁਰਸ਼ਾਂ ਦੀਆਂ ਪੁਸਤਕਾਂ, ਆਤਮ ਮਾਰਗ, ਕੈਸਟਾਂ ਨਾਮ ਦਾ ਮਹਾਤਮ ਸਪਸ਼ਟ ਕਰਦੇ ਹਨ। ਬਾਹਰੋਂ ਪ੍ਰਦੇਸੋ ਆਏ ਵੀਰਾਂ ਨੇ ਬੇਅੰਤ ਸੇਵਾ ਕੀਤੀ ਹੈ, ਮੈਡੀਕਲ ਕੈਂਪ ਲਾਏ ਹਨ, ਲੰਗਰ ਚਲਦੇ ਹਨ, ਸ਼ਬਦ ਦਾ ਲੰਗਰ ਲਾਇਆ ਹੈ, ਅੱਧੀ ਕੀਮਤ ਤੇ ਪੁਸਤਕਾਂ ਤੇ ਆਤਮ ਮਾਰਗ ਇਨ੍ਹਾਂ ਦੀ ਸੇਵਾ ਕਾਰਨ ਪ੍ਰਾਪਤ ਹੋ ਰਿਹਾ ਹੈ। ਐਸੇ ਪ੍ਰਵਚਨ ਆਪ ਜੀ ਨੇ ਸੰਗਤਾਂ ਨਾਲ ਸਾਂਝੇ ਕੀਤੇ। ਪ੍ਰਾਰੰਭ

ਵਿਚ ਆਪ ਜੀ ਨੇ ਬਾਬਾ ਜੀ ਵਲੋਂ ਦਰਸਾਈ ਧੁਨ ਅਭਿਆਸ ਕਰਵਾਈ 'ਵਾਹਿਗੁਰੂ' ਜਾਪ ਦੀ ਇਕ ਰਸ ਮਿੱਠੀ ਧੁਨ ਨਾਲ ਸੰਗਤਾਂ ਨੂੰ ਜੋੜਿਆ। ਇਹ ਸਮਾਂ 1.15 ਤੋਂ 1.20 ਤਕ ਦਾ ਉਹ ਸਮਾਂ ਸੀ ਜਦੋਂ ਚਾਰ ਸਾਲ ਪਹਿਲਾਂ ਮਹਾਂਪੁਰਸ਼ਾਂ ਨੇ ਸੰਸਾਰੀ ਚੋਲਾ ਤਿਆਗਿਆ ਸੀ। ਸੇਜਲ ਅੱਖਾਂ ਨਾਲ ਸਾਰੀ ਸੰਗਤ ਆਪਣੇ ਪਿਆਰੇ ਦੇ ਪਿਆਰ ਵਿਚ ਜੁੜੀ ਵਾਹਿਗੁਰੂ ਧੁਨ ਉਚਾਰਨ ਕਰਦੀ ਕਿਸੇ ਅਲੌਕਿਕ ਮੰਡਲ ਦਾ ਰਸ ਮਾਣਦੀ ਰਹੀ।

ਰੋਜ਼ ਦੀ ਤਰ੍ਹਾਂ ਅੱਜ ਵੀ ਚੌਥੇ ਦਿਨ ਦਾ ਮਹਾਨ ਗੁਰਮਤਿ ਸਮਾਗਮ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਨਾਲ ਪ੍ਰਾਰੰਭ ਹੋਇਆ। ਰਤਵਾੜਾ ਸਾਹਿਬ ਦੇ ਕੀਰਤਨੀ ਜੱਥੇ ਦੇ ਮਨੋਹਰ ਕੀਰਤਨ ਉਪਰੰਤ ਪੰਜ ਬਾਣੀਆਂ ਦਾ ਸੰਗਤੀ ਜਾਪ ਹੋਇਆ। ਉਪਰੰਤ ਭਾਈ ਦਰਸ਼ਨ ਸਿੰਘ ਰਤਵਾੜਾ ਸਾਹਿਬ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਇੰਦਰਜੀਤ ਸਿੰਘ ਤੇ ਭਾਈ ਗੁਰਪ੍ਰੀਤ ਸਿੰਘ ਟੱਕਰ ਪਟਿਆਲੇ ਵਾਲਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਤ ਮਹਾਰਾਜ ਨੂੰ ਖਿਰਾਜਤ ਭੇਟ ਕੀਤੀ। ਬੀਬੀ ਗੁਰਮੀਤ ਕੌਰ ਨੇ ਸ਼ਬਦ ਦੀ ਹਾਜ਼ਰੀ ਲਵਾਈ। ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੇ ਬੱਚਿਆਂ ਨੇ ਮਧੁਰ ਧੁਨੀ ਵਿਚ ਸ਼ਬਦ ਪੜ੍ਹਿਆ ਤੇ ਵਿਦਿਆਰਥੀ ਜਤਿੰਦਰਪਾਲ ਸਿੰਘ ਤੋਤਲੀ ਜ਼ਬਾਨ ਵਿਚ ਬਾਬਾ ਜੀ ਦੀ ਜੀਵਨ ਝਾਕੀ ਪੇਸ਼ ਕੀਤੀ। ਸ. ਜਗਜੀਵ ਸਿੰਘ ਅਤੇ ਅਵਤਾਰ ਸਿੰਘ ਨੇ ਇਕ-ਇਕ ਸ਼ਬਦ ਰਾਹੀਂ ਸੰਗਤਾਂ ਦੇ ਦਰਸ਼ਨ ਕੀਤੇ। ਭਾਈ ਸਾਹਿਬ ਭਾਈ ਅਜੀਤ ਸਿੰਘ ਅਮਰੀਕਾ ਵਾਲਿਆਂ ਨੇ ਇਕ ਸ਼ਬਦ ਰਾਹੀਂ ਹਾਜ਼ਰੀ ਲਵਾਈ। ਸੰਤ ਵਰਿਆਮ ਸਿੰਘ ਮੈਮੋਰੀਅਲ ਸਕੂਲ ਦੇ ਬੱਚਿਆਂ ਨੇ ਸ਼ਬਦ-ਗਾਇਨ ਕੀਤਾ - 'ਮਿਠ ਬੋਲੜਾ ਜੀ ਹਰਿ ਸਜਣ ਸਵਾਮੀ ਮੇਰਾ'। ਬੀਬੀ ਹਰਕੀਰਤ ਕੌਰ ਨੇ ਆਪਣੀ ਸਪੀਚ ਰਾਹੀਂ ਬਾਬਾ ਜੀ ਦੀ ਜੀਵਨੀ ਦੇ ਮੁੱਖ ਪੱਖ ਉਜਾਗਰ ਕੀਤੇ। ਪਰੀਤਮ ਜਯੋਤੀ ਹਰੀ ਅੰਮ੍ਰਿਤਸਰ ਵਾਲਿਆਂ ਨੇ ਸ਼ਬਦ ਕੀਰਤਨ ਅਤੇ ਵਖਿਆਨ ਰਾਹੀਂ ਦੱਸਿਆ ਕਿ ਸਾਨੂੰ ਰਜੋ, ਸਤੋ, ਤਮੋ ਨੂੰ ਪਾਰ ਕਰਕੇ ਆਤਮ ਅਨੁਭਵ ਪ੍ਰਾਪਤ ਕਰਨਾ ਚਾਹੀਦਾ ਹੈ। ਭਗਤੀ ਮਾਰਗ ਦਰਸ਼ਨ ਵਿਚ ਪੰਜ ਕੋਸ਼ ਦਸੇ ਹਨ - ਅੰਨਮਈ ਕੋਸ਼, ਪ੍ਰਾਣਮਈ ਕੋਸ਼, ਮਨੋਮਈ ਕੋਸ਼, ਵਿਗਿਆਨਮਈ ਕੋਸ਼ ਅਤੇ ਅੰਤਲਾ ਹੈ ਅਨੰਦਮਈ ਕੋਸ਼। ਨਾਮ-ਸਿਮਰਨ ਨੇ ਸਾਨੂੰ ਅਨੰਦਮਈ ਕੋਸ਼ ਵਿਚ ਲੈ ਜਾਣਾ ਹੈ। ਸ. ਸੁਖਜਿੰਦਰ ਸਿੰਘ ਰੰਧਾਵਾ ਪਾਰਲੀਮਾਨੀ ਸਕੱਤਰ ਅਤੇ ਬੀਰ ਦਵਿੰਦਰ ਸਿੰਘ ਜੀ, ਸਾਬਕਾ ਸਪੀਕਰ, ਪੰਜਾਬ ਵਿਧਾਨ ਸਭਾ ਨੇ ਮਹਾਰਾਜ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਨ੍ਹਾਂ ਦੇ ਪਰਉਪਕਾਰ ਦੱਸੇ। ਡਾ. ਸਵਾਮੀ ਰਾਮ ਜੀ ਤੋਂ ਵਰੋਸਾਏ ਸਵਾਮੀ ਅਨੰਦ ਜੀ ਨੇ ਸੰਗਤਾਂ ਨੂੰ ਵਾਹਿਗੁਰੂ ਧੁਨੀ ਨਾਲ ਜੋੜਿਆ ਤੇ ਨਾਮ ਸਿਮਰਨ ਦੀ ਸੁਆਸਾਂ ਰਾਹੀਂ ਸਿਮਰਨ ਦੀ ਵਿਧੀ ਦੱਸੀ। ਭਾਈ ਗੁਰਦੀਪ ਸਿੰਘ ਖੁਫੀਆਂ ਨੰਗਲ ਯੂ.ਪੀ. ਵਾਲਿਆਂ ਨੇ ਰਸ ਭਿੰਨਣਾ ਕੀਰਤਨ ਕੀਤਾ ਅਤੇ ਬਾਬਾ ਜੀ ਦੀ ਮਾਣੀ ਸੰਗਤ ਦਾ ਭਾਵਮਈ ਵਰਣਨ ਕੀਤਾ। ਸੰਤ ਅਮਰ ਸਿੰਘ ਜੀ ਨੇ ਵੀ ਸ਼ਬਦ ਰਾਹੀਂ ਹਾਜ਼ਰੀ ਲਵਾਈ। ਇਨ੍ਹਾਂ ਤੋਂ ਇਲਾਵਾ ਭਾਈ ਗੁਰਪਾਲ ਸਿੰਘ ਯੂ.ਪੀ., ਸੰਤ ਬਾਬਾ ਕਰਮ ਸਿੰਘ ਜੀ ਭੜੌਂਜੀਆਂ, ਸੰਤ ਬਾਬਾ ਹਰਨੇਕ ਸਿੰਘ ਜੀ ਰਾੜਾ ਸਾਹਿਬ ਲੰਗਰਾਂ ਵਾਲਿਆਂ ਨੇ ਵੀ ਮਹਾਂਪੁਰਸ਼ਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਪਿਛਲੇ ਤਿੰਨ ਦਿਨਾਂ ਤੋਂ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਵਲੋਂ ਆਯੋਜਿਤ ਕੀਤੀ ਸ਼ਾਨਦਾਰ ਨੁਮਾਇਸ਼ ਅੱਜ ਵੀ ਆਕਰਸ਼ ਦਾ ਕੇਂਦਰ ਬਣੀ ਰਹੀ। ਇਸ ਵਿਚ ਵੱਖ-ਵੱਖ ਮਾਡਲਾਂ ਰਾਹੀਂ ਪ੍ਰਦੂਸ਼ਨ, ਭੌਂਚਾਲ, ਡੈਮ, ਸਿਹਤ, ਪੇਂਡੂ ਤੇ ਸ਼ਹਿਰੀ ਜੀਵਨ ਆਦਿ ਅਨੇਕਾਂ ਦ੍ਰਿਸ਼ ਦਿਖਾਏ ਗਏ। ਹਰ ਸਾਲ ਦੀ ਤਰ੍ਹਾਂ ਡੇਹਰਾਦੂਨ ਜੌਲੀ ਗਰਾਂਟ ਤੋਂ ਆਈ ਮੈਡੀਕਲ ਟੀਮ ਨੇ ਹਜ਼ਾਰਾਂ ਸੰਗਤਾਂ ਦਾ ਨਿਰੀਕਸ਼ਣ ਕੀਤਾ ਤੇ ਤਿੰਨ ਲੱਖ ਤੋਂ ਵੱਧ ਕੀਮਤ ਦੀਆਂ ਦਵਾਈਆਂ ਮੁਫਤ ਵੰਡੀਆਂ। ਅੱਖਾਂ ਦੇ ਕੈਂਪ ਵਿਚ 800 ਤੋਂ ਵੱਧ ਪ੍ਰਾਣੀਆਂ ਨੇ ਅੱਖਾਂ ਚੈਕ ਕਰਵਾਈਆਂ ਤੇ ਦਵਾਈਆਂ ਪ੍ਰਾਪਤ ਕੀਤੀਆਂ। 275 ਲੋੜਵੰਦਾਂ ਨੂੰ ਟੈਸਟ ਕਰਨ ਉਪਰੰਤ ਐਨਕਾਂ ਦਿਤੀਆਂ ਗਈਆਂ। 40 ਅੱਖਾਂ ਦੇ ਓਪਰੇਸ਼ਨ ਕੀਤੇ ਗਏ, ਲੈਨਸ ਪਾਏ ਗਏ। ਇਹ ਸੇਵਾ ਤੱਖਰ ਪਰਿਵਾਰ ਵਲੋਂ ਹੋਈ। ਅੱਜ ਅੰਮ੍ਰਿਤ ਸੰਚਾਰ ਹੋਇਆ ਤੇ ਦੋ ਸੌ ਤੋਂ ਵੱਧ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਗੁਰੂ ਕੇ ਲੰਗਰ ਅਤੁੱਟ ਵਰਤੇ। ਆਤਮ ਮਾਰਗ, ਪੁਸਤਕ ਸਟਾਲ ਤੇ ਬਹੁਤ ਰੌਣਕਾਂ ਲੱਗੀਆਂ। ਪ੍ਰਦੇਸ਼ੀ ਵੀਰਾਂ ਵਲੋਂ ਦਿਤੀ ਸਹੂਲਤ ਕਾਰਨ ਅੱਧੀ ਕੀਮਤ ਤੇ 'ਆਤਮ ਮਾਰਗ', ਸਾਲਾਨਾ, ਜੀਵਨ ਕੀਲ ਅਤੇ ਰਿਨੀਊਲ ਪ੍ਰਾਪਤ ਹੋਈ। ਬਹੁ ਗਿਣਤੀ ਵਿਚ ਸੰਗਤਾਂ ਨੇ ਇਸ ਦਾ ਲਾਹਾ ਪ੍ਰਾਪਤ ਕੀਤਾ।

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ - 39)*

## ਅਰਸ਼ੀ ਪਰਉਪਕਾਰੀ

(ਉਤਮ ਉਦਾਸੀ, ਏਕਾਂਤ ਦਾਨ ਅਧਿਕਾਰੀ, ਪਰ ਉਪਕਾਰ, ਦਇਆ, ਗ੍ਰਿਹਸਤ ਉਦਾਸ)

*ਝੁੰਗੀ ਦਰਦ ਰਵਾਣਿਆਂ ਵੰਨੇ ਅਜ ਸਮੀਰ! ਚਲਿ ਆਈ!*
*ਲਪਟਾਂ ਛੱਡ ਕੁਲਪਟਾਂ ਵੰਨੇ ਤੂੰ ਫੇਰੀ ਕਿਉਂ ਪਾਈ?*
*ਵਿੱਚ ਉਜਾੜ ਅਸਾਡੇ ਡੇਰੇ, ਇਕ ਕਿੱਕਰ ਦੀ ਛਾਯਾ,*
*ਕਿਉਂ ਬੁਲਬੁਲ ਗੁਲ ਛੱਡ ਏਸ ਤੇ ਤੂੰ ਡੇਰਾ ਅਜ ਲਾਯਾ?*
*ਜਿਥੇ ਕਦੇ ਕਾਉਂ ਸੀ ਡਰਦਾ ਇਕ ਫੇਰਾ ਬੀ ਪਾਣੋਂ,*
*ਮੋਰ ਪਿਆ ਅਜ ਪੈਲਾਂ ਪਾਵੇ, ਸੰਗਦਾ ਹੈ ਉਡ ਜਾਣੋਂ।*
*ਪੀਲੇ ਲੁੰਗ ਕਿੱਕਰਾਂ ਵਾਲੇ ਲਪਟਾਂ ਮਾਰ ਉਠੇ ਹਨ।*
*ਦਰਦਾਂ ਦੀ ਚਾਂਗਰ ਸੁਣ ਸਾਰੇ ਦੂਰ ਦੂਰ ਨਠ ਜਾਂਦੇ,*
*ਦਰਦ ਰਵਾਣਿਆਂ ਦਰ ਤੇ ਅਜ ਕਿਉਂ ਸੁਹਣੇ ਹਨ ਪਏ ਆਂਦੇ?*
*ਝੁੰਗੀ ਕੱਖਾਂ, ਉਹ ਵੀ ਟੁੱਟੀ, ਕੌਣ ਅਸਾਂ ਦਰ ਆਵੇ,*
*ਆਦਰ ਕਿਸੇ ਰੰਗੀਲੇ ਖਾਤਰ ਕੁਦਰਤ ਰੰਗ ਜਮਾਵੇ।*
*ਕੀ ਕੋਈ ਅਜ ਹੁਸਨ ਰਾਜ ਦਾ ਛੈਲਾ ਏਥੇ ਆਸੀ?*
*ਅਚਰਜ ਤੋਂ ਅਚਰਜ ਹੈ ਹੁੰਦਾ, ਬਝ ਬਝ ਆਸ ਨਿਰਾਸੀ।*
*ਕਿਨਿ ਆਣਾ ਕਿਨਿ ਜਾਣਾ ਏਥੇ! ਗਮ ਖਾਧੇ ਦਿਲ ਮੇਰੇ!*
*ਏ ਅਭਿਲਾਖ ਕਿ ਸੁਪਨੇ ਤੇਰੇ, ਏ ਸੁਪਨੇ ਮਨ! ਤੇਰੇ!*

ਉਦਾਸੀ! ਹਾਂ, ਉਦਾਸੀ ਵੀ ਕਦੇ ਕਦੇ ਆ ਜਾਂਦੀ ਹੈ ਤੇ ਛਾ ਜਾਂਦੀ ਹੈ ਦਿਲ ਉਪਰ ਪਰ ਉਦਾਸੀ ਕਈ ਤਰ੍ਹਾਂ ਦੀ ਹੈ। ਮਨ ਬਹੁਤ ਲੋਚੇ ਤੇ ਮਿਲੇ ਥੁਹੜਾ, ਇਕ ਉਦਾਸੀ ਇਹ ਹੈ। ਮਿਲੇ ਬਹੁਤਾ ਤਾਂ ਰਜਿਹਾਣ ਹੋਕੇ ਬੀ ਇਕ ਉਪ੍ਰਾਮਤਾ ਆ ਜਾਂਦੀ ਹੈ, ਇਹ ਬੀ ਉਦਾਸੀ ਹੀ ਹੈ। ਹਾਂ ਭੋਗਾਂ ਦੇ ਅੰਤ ਪਰਮੇਸ਼ੂਰ ਦੇ ਪਿਆਰਿਆਂ ਨੂੰ ਆਉਂਦੀ ਹੈ। ਉਹ ਹੁੰਦੀ ਹੈ ਏਕਾਂਤ ਦੀ ਇੱਛਾ। ਜਗਤ ਦਾ ਭਲਾ ਕਰਦਿਆਂ ਜਦੋਂ ਆਪਾ ਕਦੇ ਹੋ ਜਾਂਦਾ ਹੈ ਕਿਸੇ ਉਚਿਆਣ ਤੋਂ ਰਤਾ ਹੇਠਾਂ ਤਾਂ ਫਿਰ ਚਾਹੁੰਦਾ ਹੈ ਉਹੋ ਕੁਦਰਤ ਨਾਲ ਗੱਲਾਂ ਕਰੇ, ਕੁਦਰਤ ਦਾ ਰੰਗ ਲਵੇ ਤੇ ਖਿੜੇ ਇਕ ਸੁਰ ਹੋ ਕੇ ਕੁਦਰਤ ਨਾਲ। ਹਾਂ ਨਦੀ, ਨਾਲੇ, ਨਿੱਕੀਆਂ ਨਿੱਕੀਆਂ ਕੂਲਾਂ ਦਾ ਵਿਪਲ ਵਿਪਲ ਨਾਦ ਕੰਨਾਂ ਵਿਚ ਗੂੰਜੇ। ਚੰਦ, ਤਾਰੇ, ਆਕਾਸ਼ ਵਿਸ਼ਾਲਤਾ ਤੇ ਅਸਚਰਜਤਾ ਦਾ ਰੰਗ ਦੇਣ। ਬ੍ਰਿਛ, ਬੂਟੇ, ਘਾਹ, ਫੁੱਲ ਤਰਾਵਤ ਭਰ ਦੇਣ ਤੇ ਅੱਖਾਂ ਭੇਜ ਦੇਣ ਇਹ ਤਾਜ਼ਗੀ ਦਿਲ ਨੂੰ। ਉਚਾਣਾਂ ਨਿਵਾਣਾਂ ਖੱਡਾਂ ਸ਼ਿਖਰਾਂ ਦੇ ਨਜ਼ਾਰੇ ਨਜ਼ਰ ਨੂੰ ਕਰ ਦੇਣ ਆਪੇ ਵਿਚ ਝਾਤੀ ਮਾਰਨ ਵਾਲਾ, ਅੰਦਰਲੇ ਉਚਾਣ ਨਿਵਾਣ ਟੋਏ ਟਿੱਬੇ ਦਿੱਸਣ ਤੇ ਫੇਰ ਸਮਤਾ ਹੋ ਜਾਵੇ ਅੰਦਰ ਰਸ ਭਰੀ। ਕੁਦਰਤ ਦਾ ਇਹ ਰੰਗ ਲੱਗ ਲੱਗ ਕੇ ਅੰਦਰ ਜਗਾ ਦੇਵੇ ਕੋਈ ਹੋਰ ਕਲਾ, ਜੋ ਦੇਖੇ ਕਿ ਇਹ ਦਿੱਸਦੇ ਦੇ ਮਗਰ ਅਣਦਿਸਦਾ ਬੀ ਵਸਦਾ ਹੈ, ਜਿਸਦੇ ਰਚੇ ਏਹ ਰੰਗ ਹਨ। ਹਾਂ ਅੰਦਰਲਾ ਉਸ ਅਣਦਿਸਦੇ ਦੇ ਸੁਹਣੱਪ ਨੂੰ ਸਮਝੇ ਇਸ ਕੁਦਰਤੀ ਸੁਹਣੱਪ ਤੋਂ, ਜੋ ਕਦੇ ਕਦੇ ਮਨ ਨੂੰ ਨਵੀਂ ਜਿੰਦ ਪਾਕੇ ਆਪੇ ਨਾਲ ਇਕ ਸੁਰ ਕਰ ਦੇਂਦਾ ਹੈ। ਇਸ ਏਕਾਂਤ ਤੇ ਇਕੱਲ ਵਿਚ ਆਪਾ 'ਡਾਂਵਾਂਡੋਲ-ਇਕੱਲ' ਵਿਚ ਨਹੀਂ ਜਾ ਪੈਂਦਾ, ਸਗੋਂ ਪ੍ਰਤੀਤ ਕਰਦਾ ਹੈ ਅੰਦਰ ਕਿ ਮੇਰਾ ਆਪਾ ਜੋ ਹੁਣ ਨਿਖਰਿਆ ਹੈ, ਇਹ ਇਕੱਲਾ ਨਹੀਂ ਹੈ, ਪਰ ਕੋਈ ਹੈ ਇਸ ਦੇ ਪਿੱਛੇ ਜਿਸ ਨਾਲ ਇਹ ਜਾ ਲਗਾ ਹੈ ਤੇ ਜਿਸਦਾ ਸੁਹਜ ਕੁਦਰਤ ਵਿਚ ਪਿਆ ਸ਼ੋਭਦਾ ਹੈ। ਐਉਂ ਆਪਾ ਨਵਾਂ ਨਰੋਆ ਬਲਵਾਨ, ਉੱਚਾ ਉੱਚਾ ਤੇ ਸੁਖ ਰੂਪ ਜੇਹਾ ਹੋ ਜਾਂਦਾ ਹੈ। ਉਸ ਉਦਾਸੀ ਦੇ ਫਲ ਵਿਚ ਜੋ ਪੈਂਦੀ ਹੈ ਨਾਮਰਸੀਏ ਗੁਰਮੁਖਾਂ ਨੂੰ ਕਦੇ ਕਦੇ ਤੇ ਲੈ ਜਾਂਦੀ ਹੈ ਏਕਾਂਤ ਵਿਚ ਹਾਂ, ਏਕਾਂਤ ਵਿਚ ਰਸਮਯ ਕਰਕੇ ਉਪਕਾਰੀ ਬਦਲ ਵਾਂਙੂ ਫਿਰ ਕੋਈ ਅਗੰਮੀ ਵੇਗ ਲੈ ਆਉਂਦਾ ਹੈ, ਜਗਤ ਵਿਚ ਪੀੜਾ ਦੇ ਦੇਸ਼-ਪੀੜਾ ਹਰਨ ਲਈ, ਜਿੰਨੀ ਕੁ ਹੋ ਸਕੇ, ਆਪੋ ਆਪਣੇ ਵਿਤ ਅਨੁਸਾਰ।

ਕਿਸੇ ਇਸ ਤਰ੍ਹਾਂ ਦੀ ਉਦਾਸੀ ਵਿਚ ਸੰਤ ਬਿਮਲਾ ਸਿੰਘ ਜੀ ਚੜ੍ਹ ਗਏ ਪਹਾੜ। ਅੱਗੇ ਇਕ ਵਡਾ ਨਗਰ ਸੀ, ਅੰਗ੍ਰੇਜ਼ੀਆਂ ਪੜ੍ਹ ਕੇ ਸਿੱਖਯਤ ਹੋਏ ਅਨੇਕਾਂ ਲੋਕੀਂ ਵੀ ਰਹਿੰਦੇ ਸਨ, ਸਰਬ ਸਾਧਾਰਣ ਲੋਕ ਵੀ ਵਸਦੇ ਸਨ ਅਤੇ ਸਿੱਧੇ ਸਾਦੇ ਪਰ ਭਲੇ ਲੋਕਾਂ ਦਾ ਬੀ ਵਸੇਬਾ ਸੀ ਵਿਚ ਵਿਚ। ਸਭਨਾਂ ਨੇ ਸੰਤਾਂ ਨੂੰ ਅਟਕਾ ਲਿਆ। ਅਟਕ ਗਏ ਆਪ ਚਲਦੇ ਬਦਲਾਂ ਵਾਙੂੰ ਵੱਸਣ ਲਈ, ਆਪਣੇ ਸ਼ੁਭ ਭਾਵਾਂ ਤੇ ਤਾਰਕ, ਬਚਨਾਂ ਨਾਲ ਤਾਰਨ ਲਈ, ਕੁਛ ਸਮਾਂ ਉਥੇ। ਭਾਦੋਂ ਬੀਤਿਆਂ ਤਾਂ ਉਤ੍ਰਾਈ ਪਹਾੜਾਂ ਦੀ ਛਿੜ ਪਈ। ਲੋਕਾਂ ਹਿਠਾਹਾਂ ਉਤਰ ਗਏ। ਸੰਤ ਵੀ ਜੋ ਆਪਣੀ ਉਦਾਸੀ ਨੂੰ ਅੰਦਰ ਘੁੱਟੀ ਬੈਠੇ ਸਨ ਹੁਣ ਅਗਾਹਾਂ ਨੂੰ ਤੁਰ ਪਏ। ਹੇਠਾਹਾਂ ਨਾ, ਪਰ ਪਹਾੜਾਂ ਦੇ ਅੰਦਰ ਨੂੰ। ਇਕ ਵਗਦੀ ਨਿਰਮਲ ਜਲ ਦੀ ਖੱਡ ਦੇ ਕਿਨਾਰੇ ਕਿਸੇ ਸਾਧੂ ਦੀ ਕੁਟੀਆ ਸੀ ਖਾਲੀ ਪਈ ਹੋਈ। ਕੱਖਾਂ ਦੀ ਬਣੀ ਹੋਈ ਸੀ, ਪਰ ਸੀ ਚੰਗੀ ਸਾਫ ਸੁਥਰੀ ਤੇ ਸਬੂਤ। ਸੰਤਾਂ ਏਥੇ ਡੇਰਾ ਲਾ ਲਿਆ। ਅੱਠਾਂ ਪਹਿਰਾਂ ਮਗਰੋਂ ਉੱਠਣਾ, ਦੂਰ ਕਿਸੇ ਗਿਰਾਂ ਜਾਕੇ ਅੰਨ ਪਾ ਕੇ ਫੇਰ ਉਥੇ ਆ ਜਾਣਾ। ਕਦੇ 16 ਪਹਿਰ ਤੇ ਕਦੇ 24 ਪਹਿਰਾਂ ਬਾਅਦ ਵੀ ਰੋਟੀ ਲਈ ਉਠੇ ਹਨ, ਨਹੀਂ ਤਾਂ ਉਥੇ ਟਿਕੇ ਰਹੇ। ਜੋ ਰੰਗ ਕੁਦਰਤ ਤੋਂ ਲੈਣ ਆਏ ਸਨ ਲੈ ਲਿਆ ਤੇ ਆਪਾ ਜਿਸ ਰੰਗ ਚਾਹੁੰਦੇ ਸਨ ਰੰਗਿਆ ਗਿਆ। ਇਹ ਗੱਲ ਨਹੀਂ ਸਮਝਣੀ ਚਾਹੀਏ ਕਿ ਗੁਰਮੁਖ ਕਦੇ ਪ੍ਰੇਮ ਤੋਂ ਖਾਲੀ ਹੋ ਜਾਂਦੇ ਹਨ, ਯਾ ਨਾਮ ਤੋਂ

ਸੱਖਣੇ, ਯਾ ਗਿਆਨ ਤੋਂ ਵਿਰਵੇ ਹੋ ਜਾਂਦੇ ਹਨ। ਇਹ ਇਕ ਰਸੀਏ ਤੇ ਉਪਕਾਰੀ ਜੀਵਨ ਦਾ ਪਹਿਲੂ ਹੁੰਦਾ ਹੈ ਜੋ ਸਰੀਰ ਧਾਰੀ ਹੋਣ ਕਰਕੇ ਕਦੇ ਏਕਾਂਤ ਮੰਗਦਾ ਹੈ। ਇਹ ਉਹ ਉਦਾਸੀ ਨਹੀਂ ਜੋ ਸੰਸਾਰ ਦੇ ਦੁਖਾਂ ਤੋਂ ਨਫਰਤ ਦੇ ਘਰ ਲਿਜਾ ਕੇ ਬਨਾ ਬਰਫਾਂ ਵਿਚ ਲਿਜਾ ਗਾਲਦੀ ਹੈ। ਪਰ ਇਹ ਉਹ ਉਤਮ ਉਦਾਸੀ ਹੈ ਜੋ ਸੰਤ ਹਿਰਦੇ ਵਿਚ ਸਦਾ ਵਿਆਪੀ ਰਹਿੰਦੀ ਹੈ, ਜੋ ਇਸਨੂੰ ਹਉਂ ਤੋਂ ਧੋ ਕੇ ਕਿਸੇ ਆਪੇ ਦੇ ਸੁਖ ਵਿਚ ਰਖਦੀ ਹੈ ਤੇ ਇਸ ਨੂੰ ਸੁਖ ਦਾਤਾ ਬਣਾ ਦੇਂਦੀ ਹੈ। ਸੁਖ ਦਾਤਾ ਹੋਣ ਵੇਲੇ, ਸੁਖ ਦੇਣ ਵੇਲੇ ਹਉਮੈ ਜੋ ਪ੍ਰਬਲ ਹੈ, ਜਗਤ ਦੇ ਕੌੜੇ ਤਜਰਬਿਆਂ ਨਾਲ ਕਦੇ ਕਦੇ ਕੁਛ ਸਿਥਲਤਾ ਲੈ ਆਉਂਦੀ ਹੈ। ਯਾ ਇਉਂ ਸਮਝੋ ਕਿ ਜਗਤ ਦਾ ਆਪਣੇ ਸੁਖਦਾਤਿਆਂ ਨਾਲ ਵਰਤਾਰਾ ਸੰਤ ਹਿਰਦੇ ਦੀ ਝਾਲੂ ਸ਼ਕਤੀ ਨੂੰ ਸੱਟਾਂ ਮਾਰ ਮਾਰ ਕੇ ਕੁਛ ਥਕਾਨ ਯਾ ਸਿਥਲਤਾ ਯਾ ਉਪ੍ਰਾਮਤਾ ਦੇਂਦਾ ਹੈ। ਇਸ ਨੂੰ ਦੂਰ ਕਰਕੇ ਮਨ ਨੂੰ ਸਾਵਧਾਨ ਕਰਨ ਲਈ ਉਪਕਾਰੀ ਸੰਤ ਕਦੇ ਕਦੇ ਏਕਾਂਤ ਵਾਲੀ ਹੋ ਜਾਂਦਾ ਹੈ।

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥***
***ਸਾਵਧਾਨ ਏਕਾਗਰ ਚੀਤ॥ ਅੰਗ - 295***

ਜਗਤ ਕਿਉਂ ਦੁਖੀ ਹੈ? ਅਨੇਕਾਂ ਤਜਰਬੇ ਹੋਏ ਤੇ ਹੋ ਰਹੇ ਹਨ ਇਸਨੂੰ ਸੁਖੀ ਕਰਨ ਦੇ। ਕਈ ਮਸਲੇ ਤੇ ਕਈ ਵਰਤੋਂ ਦੇ ਵਰਤਾਏ ਹੋਏ ਤੇ ਹੋ ਰਹੇ ਹਨ, ਪਰ ਸਾਰੇ ਜਗਤ ਨੂੰ ਪੂਰਾ ਸੁਖੀ ਕਰਨ ਵਿਚ, ਸਦਾ ਸੁਖੀ ਰੱਖਣ ਵਿਚ ਕਾਮਯਾਬ ਨਹੀਂ ਹੁੰਦੇ। ਕਿਉਂ? ਮਨੁਖ ਦੀ 'ਹਉ' ਵਿਚ ਆ ਜਾਂਦੀ ਹੈ। ਵਿਉਂਤਾਂ ਤੇ ਮਸਲਿਆਂ ਦਾ ਕਸੂਰ ਘੱਟ ਹੈ। ਜੋ ਕੁਛ ਆਪਣੇ ਅੰਦਰ ਮਨੁੱਖ ਨੂੰ ਆਪੇ ਦੀ 'ਪਕੜ' ਹੈ ਤੇ ਦੂਏ ਨਾਲ ਓਪਰਾਪਨ ਹੈ, ਇਹ ਹਉਂ ਹੈ, ਇਹ ਉਸ ਵਿਉਂਤ ਵਿਚ ਵੱਟੇ ਪਾ ਦੇਂਦੀ ਹੈ ਜੋ ਜਗਤ ਨੂੰ ਸੁਖੀ ਕਰਨ ਵਾਸਤੇ ਦਾਨੇ ਸੋਚਦੇ ਤੇ ਜਾਰੀ ਕਰਦੇ ਰਹੇ ਹਨ। ਇਸ ਕਰਕੇ ਗੁਰੂ ਬਾਬੇ ਨੇ ਸਿਖਾਇਆ ਸੀ ਕਿ ਇਹ 'ਪਕੜ' ਛੱਡੋ। ਇਹ ਅੰਦਰ 'ਮੈ' ਕਰਕੇ ਬਿਰਾਜਮਾਨ ਹੈ, ਬਾਹਰ ਮੇਰੀ ਕਰਕੇ ਪਸਰਦੀ ਹੈ, ਵਰਤਾਵੇ ਵਿਚ ਦੁਜਾਇਗੀ ਦੇ ਰੂਪ ਵਿਚ ਪ੍ਰਗਟਦੀ ਹੈ। ਅੰਦਰ ਤਾਂ ਸਾਂਈਂ ਤੋਂ ਵਿਛੋੜਦੀ ਹੈ ਤੇ ਬਾਹਰ ਜਗਤ ਤੋਂ ਵਿਤਕਰਾ ਪਾ ਦੇਂਦੀ ਹੈ। ਜਿਸਦੇ ਅੰਦਰ ਇਹ ਨਹੀਂ ਉਹ ਸੁਖੀ ਤੇ ਸੁਖਦਾਤਾ ਹੋ ਜਾਂਦਾ ਹੈ। ਜੇ ਸਾਰੇ ਏਹ ਕੁਛ ਬਣ ਜਾਣ ਤਾਂ ਜਗਤ ਵਿਚ ਸੁਖ ਵਧ ਜਾਵੇ। ਜਦ ਕਦੇ ਜਗਤ ਵਿਚ ਸੁਖ ਵਰਤਿਆ ਹੈ, ਐਸੇ ਬੰਦਿਆਂ ਹੀ ਵਰਤਾਇਆ ਹੈ, ਜਿਨ੍ਹਾਂ ਨੇ ਸੁਖ ਲੈਣ ਨਾਲੋਂ ਸੁਖ ਦੇਣਾ ਭਲਾ ਜਾਤਾ ਹੈ। ਚਾਹੇ ਓਹ ਧਾਰਮਿਕ ਨੁਕਤੇ ਤੋਂ ਉਠੇ, ਚਾਹੇ ਪਰਉਪਕਾਰ ਦੇ ਨੁਕਤੇ ਤੋਂ ਓਹ ਉਠੇ। ਪਰ ਸਭ ਤੋਂ ਵੱਧ ਐਸੇ ਪੁਰਖਾਂ ਦਾ ਜੀਵਨ ਧੰਨ ਹੈ ਜੋ ਪਹਿਲਾਂ ਅੰਦਰੋਂ ਆਪ ਉੱਚੇ ਹੋਏ ਹਨ, ਹਉਂ ਦੇ ਜੰਜੀਰ ਜਿਨ੍ਹਾਂ ਦੇ ਤਰੁੱਟੇ ਹਨ ਤੇ ਆਪਾ ਆਜ਼ਾਦ ਹੋਕੇ ਸਰਬ ਆਪੇ ਦੇ ਮੇਲ ਦੇ ਆਧਾਰ ਵਿਚ ਹੋ ਗਿਆ ਹੈ। ਫੇਰ ਉਨ੍ਹਾਂ ਨੂੰ ਦਿੱਸਦੇ ਜਗਤ ਵਿਚ ਦੁਜਾਇਗੀ ਨਹੀਂ ਰਹੀ। ਓਹ ਆਪ ਅੰਦਰੋਂ ਸੁਖੀ ਹੁੰਦੇ ਹਨ ਤੇ ਉਨ੍ਹਾਂ ਤੋਂ ਜਗਤ ਨੂੰ ਸੁਖ ਮਿਲਦਾ ਹੈ। ਗੁਰੂ ਬਾਬੇ ਨਾਨਕ ਨੇ ਐਸੇ ਗੁਰਮੁਖ ਪੈਦਾ ਕੀਤੇ ਸਨ।

ਹਾਂ ਉਸ ਪ੍ਰਕਾਰ ਦੀ ਗੁਰਮੁਖਤਾਈ ਉਤੇ, ਜੋ ਗੁਰੂ ਬਾਬੇ ਨੇ ਸਿਖਾਈ ਸੀ, ਸੰਤ ਬਿਮਲਾ ਸਿੰਘ ਜੀ ਟੁਰਨ ਦਾ ਜਤਨ ਕਰਦੇ ਸਨ। ਨਾਮਰਸੀਏ ਸਨ, ਅੰਦਰ ਟਿਕਾਉ ਤੇ ਰਸ ਸੀ, ਸਾਂਈਂ ਮਿਲਾਪ ਦਾ ਪ੍ਰਕਾਸ਼ ਤੇ ਤੇਜ ਸੀ, ਏਕਾਂਤ ਦੇ ਸ਼ੌਕੀਨ ਸਨ, ਪਰ ਜਗਤ ਵਿਚ ਸੁਖ ਵਰਤਾਉਣ ਦਾ ਸੁਭਾਵ ਸੁਤੇ ਹੀ ਸਾਨੇ। ਸੰਗਤਾਂ ਵਿਚ ਚਲੇ ਜਾਂਦੇ, ਗੁਰਬਾਣੀ ਨਾਲ ਪ੍ਰੇਮ ਪੁਵਾਉਂਦੇ, ਗੁਰੂ ਸਾਹਿਬਾਂ ਨਾਲ ਨੇਹੁੰ ਲੁਆਉਂਦੇ ਤੇ ਨਾਮ ਜਪ ਵਿਚ ਮਦਦਾਂ ਕਰਦੇ, ਪਰ ਰਹਿੰਦੇ ਨਿਰਵਾਸ਼ ਤੇ ਆਪਾ ਨਿਵਾਰ ਰੰਗ ਵਿਚ। ਅੰਦਰੋਂ ਨਿਰਲੇਪਤਾ ਵਾਲੀ ਉਦਾਸੀ ਤਾਂ ਹੈਸੀ ਹੀ ਪਰ ਜੇ ਉਪਕਾਰ ਕਰਦਿਆਂ ਕਦੇ ਉਪਰ ਕਹੀ ਉਦਾਸੀ ਵਿਚ ਆਉਂਦੇ ਤਾਂ ਫਿਰ ਏਕਾਂਤ ਚਲੇ ਜਾਂਦੇ, ਏਕਾਂਤ ਤੋਂ ਫੇਰ ਸੰਗਤਾਂ ਵਿਚ ਆ ਵਿਚਰਦੇ, ਪਰ ਮੈਂ ਦੀ ਪਕੜ ਤੋਂ ਸਫਾ। ਐਤਕੀ ਏਥੇ ਏਕਾਂਤ ਟਿਕਿਆਂ ਨੂੰ ਕੁਛ ਦਿਨ ਹੀ ਬੀਤੇ ਸਨ ਕਿ ਆਪ ਇਕ ਦਿਨ ਆਪਣੀ ਕੁਟੀਆ ਦੇ ਮੁਹਰੇ ਬੈਠੇ ਸਨ ਤਾਂ ਦੂਰੋਂ ਪੈਖੜ ਕੰਨੀ ਪਈ ਜੋ ਬੂਟਾਂ ਦੀ ਭਾਸਦੀ ਸੀ। ਸੰਤ ਪਹਿਲਾਂ ਅਚਰਜ ਹੋਏ ਕਿ ਇਸ ਨਿਰਜਨ ਥਾਵੇਂ ਪੜ੍ਹੇ ਲੋਕੀਂ ਕਿੱਥੋਂ? ਪਰ ਫੇਰ ਖਿਆਲ ਆਇਆ ਕਿ ਗੁਰਪੁਰਬ ਨੇੜੇ ਹੈ, ਹੋਵੇ ਨਾ ਤਾਂ ਕਿਸੇ ਸੱਜਣ ਨੇ ਮੇਰੀ ਸੂੰਹ ਕੱਢ ਲਈ ਹੈ ਤੇ ਲੈਣ ਆ ਰਹੇ ਹਨ। ਸੋਈਓ ਗਲ ਨਿਕਲੀ। ਥੋੜੀ ਦੇਰ ਬਾਦ ਇਕ ਪਹਾੜੀਏ ਦੇ ਨਾਲ ਦੋ ਸਿੰਘ ਪੜ੍ਹੇ ਲਿਖੇ ਹੋਏ ਆ ਪਹੁੰਚੇ। ਇਸ ਪਹਾੜੀਏ ਨੇ ਹੀ ਸੰਤਾਂ ਦਾ ਪਤਾ ਇਨ੍ਹਾਂ ਨੂੰ ਦਿੱਤਾ ਸੀ ਤੇ ਹੁਣ ਨਾਲ ਜਗਹ ਦੱਸਣ ਆਇਆ ਸੀ। ਸੰਤ ਜੀ ਦੋ ਸੱਜਣਾਂ ਨੂੰ ਦੂਰੋਂ ਆਉਂਦਿਆਂ ਸਿਆਣ ਗਏ ਤੇ ਹੱਸਕੇ ਬੋਲੇ, "ਆਓ ਭਾਈ ਗੁਰੂ ਕੇ ਪਿਆਰਿਓ! ਜੀਉ ਆਇਆ ਨੂੰ।' ਦੋਏ ਪ੍ਰੇਮੀ ਅੱਗੇ ਵਧੇ, ਹੱਥ ਜੋੜ ਤੇ ਸਿਰ ਨਿਵਾਕੇ ਅਦਬ ਨਾਲ ਫਤੇ ਬੁਲਾਏ ਤੇ ਸੁੱਕੇ ਘਾਹ ਉੱਤੇ, ਜੋ ਸੰਤਾਂ ਨੇ ਓਥੇ ਵਿਛਾਇਆ ਹੋਇਆ ਸੀ, ਬੈਠ ਗਏ।

ਸੰਤ - ਆਓ ਭਾਈ ਐਡੀ ਦੂਰ, ਐਡਾ ਖੇਚਲਾ? ਸਾਨੂੰ ਏਸੇ ਰਾਹਬਰ ਦੇ ਹੱਥੀਂ ਸੱਦ ਘੱਲਣਾ ਸੀ, ਤੁਸੀਂ ਕੋਮਲ ਸਰੀਰਾਂ ਵਾਲੇ ਹੋ, ਇੱਡੀ ਦੂਰ ਆਉਣ ਦਾ ਕਿਉਂ ਖੇਚਲਾ ਕਰਨਾ ਸੀ?

ਪ੍ਰੇਮ ਸਿੰਘ - ਧੰਨ ਹੋ ਆਪ, ਸਦਾ ਪ੍ਰਸੰਨ, ਸਦਾ ਖਿੜੇ

ਪਰਉਪਕਾਰੀ। ਅਸੀਂ ਤਾਂ ਡਰਦੇ ਆਏ ਸਾਂ ਕਿ ਆਪ ਖਫਾ ਹੋਸੋ ਕਿ ਸਾਨੂੰ ਚਾਰ ਦਿਨ ਵੀ ਏਕਾਂਤ ਨਹੀਂ ਬਹਿਣ ਦੇਂਦੇ।

ਬਿਮਲਾ ਸਿੰਘ ਜੀ - ਸਤਿਗੁਰਾਂ ਪਿਆਰ ਬਖਸ਼ਿਆ ਹੈ ਸਭ ਸਿੱਖਾਂ ਨੂੰ ਰੱਬ ਜੀ ਨਾਲ, ਜਿਨ੍ਹਾਂ ਧਾਰਿਆ ਸੋ ਸੁਖੀ ਤੇ ਸੁੱਖਾਂ ਦੇ ਦਾਤੇ ਹੋ ਗਏ। ਤੁਸੀਂ ਅਸੀਂ ਜਤਨ ਕਰੀਏ ਕਿ ਪਕੜ ਅੰਦਰ ਨਾ ਰਹੇ, ਪਿਆਰ ਪਵੇ ਰੱਬ ਜੀ ਨਾਲ ਤੇ ਹਉਂ ਸਾਡੀ ਆਪੇ ਤੋਂ ਨਿਖਰ ਕੇ ਨਿਕਲ ਜਾਵੇ। ਆਓ ਜੀਉ, ਜੀ ਆਇਆਂ ਨੂੰ, ਕੀਕੂੰ ਦਰਸ਼ਨ ਮੇਲੇ ਹੋਏ?

ਭਗਤ ਸਿੰਘ - ਜੀ ਆਪਣੀ ਗਰਜ ਨੂੰ। ਗੁਰਪੁਰਬ ਆ ਰਿਹਾ ਹੈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ, ਸੰਗਤਾਂ ਹੇਠਾਂ ਉਤਰ ਗਈਆਂ ਹਨ, ਪਰ ਜੋ ਸਦਾ ਦੇ ਰਿਹੈਸ਼ੀ ਸਨ, ਉਨ੍ਹਾਂ ਨੇ ਗੁਰਪੁਰਬ ਮਨਾਉਣਾ ਹੈ, ਜੇ ਉਸ ਦਿਨ ਆਪਦੀ ਕ੍ਰਿਪਾ ਹੋ ਜਾਏ ਤਾਂ ਰੰਗ ਲਗ ਜਾਵੇ। ਥੋੜੀ ਜੇਹੀ ਸੰਗਤ ਵਿਚ ਬੀ ਸੱਚੀ ਖੁਸ਼ੀ ਹੋ ਜਾਏ। ਆਪ ਦੀ ਗੁਰਬਾਣੀ ਅਨੁਸਾਰ ਕੀਤੀ ਕਮਾਈ ਨਾਲ ਗੁਰਬਾਣੀ ਦੇ ਭਾਵ ਸਾਡੀ ਸਮਝੇ ਵੀ ਪੈ ਜਾਣ।

ਬਿਮਲਾ ਸਿੰਘ ਜੀ (ਇਕ ਪਲ ਸੋਚਕੇ, ਨੈਣ ਮੁੰਦ ਕੇ ਕੇ ਫੇਰ ਖੋਹਲਕੇ) - ਸਤਿ ਬਚਨ, ਭਾਈ ਏਹ ਸਰੀਰ ਸਾਧ ਸੰਗਤ ਦਾ ਹੈ। ਸਦਾ ਆਪਦੇ ਹਾਜ਼ਰ ਹੈ। ਪਰ ਭਾਈ ਇਹ ਸ਼ਰੀਰ ਸਾਡਾ ਤੁਹਾਡਾ ਚੰਮਥੈਲਾ ਹੋਣ ਵਾਸਤੇ ਨਹੀਂ ਸੀ ਰਚਿਆ ਗਿਆ। ਇਹ ਤਾਂ ਹਰੀਮੰਦਰ ਹੈ ਜੇ ਇਸ ਵਿਚ ਨਾਮ ਦਾ ਨਿਵਾਸ ਹੋਵੇ, ਨਾਮ ਦੇ ਨਿਵਾਸ ਨਾਲ ਹਉਂ ਦੂਰ ਹੁੰਦੀ ਹੈ ਤੇ ਹਰੀ ਇਸ ਵਿਚ ਪ੍ਰਫੱਕ ਹੁੰਦਾ ਹੈ। ਹਉਂ ਨਾ ਰਹੀ ਤਾਂ ਫੇਰ ਦੂਜੈਗੀ ਕਾਹਦੀ, ਸਭ ਆਪਣੇ ਹਨ, ਸਭ ਆਪਾ ਹੈ। ਤੁਸੀਂ ਆਖਸੋ ਫੇਰ ਇਕਾਂਤ ਦੀ ਕੀ ਲੋੜ ਹੈ? ਭਾਈ! ਦੇਹ ਤੱਤਾਂ ਦੀ ਬਣਤਰ ਹੈ ਤੇ ਮਨ ਦੇ ਅਸਰ ਇਸ ਉਤੇ ਤੇ ਇਸਦੇ ਮਨ ਉਤੇ ਪੈਂਦੇ ਹਨ। ਪਰਵਿਰਤੀ ਵਿਚ ਕੁਛ ਨਾ ਕੁਛ ਇਸ ਮਨ ਉਤੇ ਸਿੱਧਾ ਯਾ ਸਰੀਰ ਦੇ ਥਕਾਨ ਅਕਾਨ ਨਾਲ ਐਸਾ ਕੁਛ ਕਿਸੇ ਵੇਲੇ ਅਸਰ ਪੈਂਦਾ ਹੈ, ਜੋ ਦੂਰ ਕਰਨਾ ਹੁੰਦਾ ਹੈ। ਸੋ ਸਜਨਾ ਕਦੇ ਕਦੇ ਇਕਾਂਤ ਹੋਈਦਾ ਹੈ ਤੇ ਇਸ ਹਉਮੈ ਦਾ ਵਹੀ ਖਾਤਾ ਪੜਤਾਲੀਦਾ ਹੈ ਕਿ ਇਸ ਨੇ ਅੰਦਰ ਕੋਈ ਫੇਰ ਜਮਾਂ ਦੀ ਰਕਮ ਕੱਠੀ ਤਾਂ ਨਹੀਂ ਕਰ ਲਈ। ਹੋਰ ਚਿੱਤ ਤਾਂ ਇਹੋ ਕਰਦਾ ਹੈ ਕਿ ਜਗਤ ਜਲ ਰਿਹਾ ਹੈ, ਦੁਖੀ ਹੈ, ਜੋ ਕੁਛ ਸਰ ਬਣ ਆਵੇ ਤਾਂ ਪਾਣੀ ਦਾ ਛੱਟਾ ਮਾਰੀਏ, ਚਾਹੋ ਸਾਡੇ ਛੱਟੇ ਨਾਲ ਕੀ ਬਣਦਾ ਹੈ। 'ਅਸੀਂ ਛੱਟਾ ਮਾਰੀਏ' ਇਹ ਵੀ ਹਉਮੈ ਹੈ, ਪਰ ਹੁਕਮ ਇਹੋ ਹੈ

*ਆਪਿ ਜਪਹੁ ਅਵਰਾ ਨਾਮੁ ਜਪਾਵਹੁ॥*
*ਸੁਨਤ ਕਹਤ ਰਹਤ ਗਤਿ ਪਾਵਹੁ॥* *ਅੰਗ - 289*

ਜਗਤ ਵਿਚ ਦੁਖ ਬਹੁਤ ਹੈ, ਉਸ ਨੂੰ ਦੂਰ ਕਰਨ ਦਾ ਹੀਆ ਹੁਕਮ ਵਿਚ ਹੋਵੇ ਤਾਂ ਲੇਸ਼ ਨਹੀਂ ਲਗਦਾ, ਪਰ ਦੁਖ ਇਹ ਹੈ ਕਿ ਪਰਉਪਕਾਰ ਜੋ ਹਉਂ ਵਿਚ ਕਰੀਦਾ ਹੈ, ਉਹ ਬਹੁਤ ਸੁਖਦਾਤਾ ਨਹੀਂ ਹੁੰਦਾ। ਪਰ ਜੇ ਹਉਮੈ ਪਹਿਲਾਂ ਨਾਮ ਨਾਲ ਸਾਂਭੀ ਜਾਵੇ ਤਾਂ ਸੁਤੇ ਸਿੱਧ ਜੋ ਸਰੇ ਬਣੇ ਪਿਆ ਹੋਵੇ। ਸੱਜਣੋ! ਹਉਮੈ ਬੁਰੀ ਬਲਾ ਹੈ ਇੱਕ ਤਾਂ ਸਾਂਈਂ ਨਾਲ ਏਸ ਨੇ ਵਿੱਥ ਪਾਈ ਹੈ। ਦੂਜੇ ਜਗਤ ਨਾਲ ਦੁਜਾਇਗੀ ਇਸ ਵਰਤਾਈ ਹੈ। ਪਰ ਹਉਮੈਂ ਬੀ ਹੁਕਮ ਕਰਕੇ ਹੋਈ ਹੈ ਤੇ ਦੂਰ ਨਾਮ ਨਾਲ ਹੁੰਦੀ ਹੈ। ਜੇ ਕੋਈ ਬਖਸ਼ਿਆ ਹੋਇਆ ਨਾਮ ਦੇ ਗੱਫੇ ਵਰਤਾਵੇ ਤੇ ਭਲਾ ਕਰੇ ਤਾਂ ਹੀ ਇਹ ਪਰੇ ਰਹਿੰਦੀ ਹੈ, ਜੇ ਹੁਕਮ ਵਿਚ ਵਰਤੇ ਤਾਂ ਜਗਤ ਵਿਚ ਨੈਣ ਪਸਾਰਕੇ ਤੱਕੋ, ਇਸੇ ਅੰਦਰ ਦੀ ਵਖੇਵੇਂ ਵਾਲੀ ਗਤੀ ਨੇ ਰਾਜਿਆਂ ਦੇ ਵੈਰ, ਦੇਸ਼ ਦੇਸ਼ ਦੀ ਲੜਾਈ, ਘਰ ਘਰ ਦਾ ਵਿਰੋਧ ਤੇ ਜੀ ਜੀ ਦਾ ਵੈਰ ਪੁਆ ਰੱਖਿਆ ਹੈ। ਕੋਈ ਨਹੀਂ ਵਿਚਾਰਦਾ ਕਿ ਮਨੁੱਖ ਸਾਰੇ ਸੁਖੀ ਹੋਣ, ਜਗਤ ਸੁਖੀ ਹੋਵੇ। ਕਾਹਦੇ ਲਈ ਸਾਜਦੇ ਹਨ ਤੋਪਾਂ ਬੰਦੂਕਾਂ ਜਹਾਜ਼ ਤੇ ਬਰੂਦ ਗੋਲੇ? ਮਨੁੱਖ ਮਨੁੱਖ ਦੇ ਕਤਲ ਲਈ। ਕੀਹ ਇਸਦਾ ਨਾਉਂ ਹੈ ਤ੍ਰੱਕੀ ਤੇ ਤਹਜ਼ੀਬ? ਫੇਰ ਜਦ ਇਕ ਜਰਵਾਣਾ ਹੋ ਜਾਂਦਾ ਹੈ ਤਾਂ ਦੂਜੇ ਨੂੰ ਆਪਣੀ ਰਖਯਾ ਕਰਨੀ ਪੈਂਦੀ ਹੈ। ਇਉਂ ਸਾਰੇ ਕਤਲ ਦੇ ਸਮਾਨਾਂ ਵਿਚ ਸਭਯ ਹੋ ਗਏ ਹਨ, ਜੇ ਇਕ ਛੱਡੇ ਤਾਂ ਦੂਏ ਤੋਂ ਡਰਦਾ ਹੈ। ਐਉਂ ਇਸ ਦੁਜਾਇਗੀ ਦੇ ਮਾਦੇ ਨੇ ਵਿਦਯਾ ਦੇ ਚਾਨਣੇ ਵਿਚ ਬੀ ਜਗਤ ਦੁਖੀ ਕਰ ਰਖਿਆ ਹੈ। ਗੁਰੂ ਬਾਬੇ ਨੇ ਦਸਮੇਂ ਜਾਮੇਂ ਜਰਵਾਣਿਆਂ ਤੋਂ ਮਜ਼ਲੂਮਾਂ ਨੂੰ, ਆਪਾ ਤੇ ਆਪਣਾ ਸਭ ਕੁਛ ਵਾਰਕੇ, ਬਚਾਇਆ ਸੀ। ਫੇਰ ਗੁਰੂ ਜੀ ਨੇ ਆਪਾ ਵਾਰਨ ਵਾਲਾ ਖਾਲਸਾ ਆਪਣੇ ਵਾਙੂ ਉਪਕਾਰੀ ਆਪਣੇ ਰੂਪ ਤੇ ਸਾਜਕੇ ਸਦਾ ਲਈ ਕੈਮ ਕੀਤਾ ਸੀ। ਪਰ ਸਿਖਾਇਆ ਕੀਹ ਸੀ ਕਿ ਨਾਮ ਦੀ ਜੋਤ ਜਗਾ ਦਿਓ ਸਾਰੇ ਘਟਾਂ ਵਿਚ। ਜੇ ਜ਼ੁਲਮ ਦੇਖੋ ਤਾਂ ਦੂਰ ਕਰੋ, ਇਸ ਲਈ ਕਿ ਜਗਤ ਵਿਚ ਪਿਆਰ ਫੈਲੇ ਤੇ ਵਿਰੋਧ ਨਾਸ਼ ਹੋਵੇ। ਤੁਸੀਂ ਪਿਆਰ ਕਰੋ, ਦੁਖ ਝੱਲੋ ਤੇ ਸੁਖ ਦਿਓ, ਤੁਹਾਨੂੰ ਦੇਖਕੇ ਦੂਸਰੇ ਰੀਸ ਪਕੜਨ। ਸੋ ਭਾਈ ਏਹ ਜੋ ਅੰਦਰ 'ਹਉ' ਹੈ ਤੇ ਜੋ ਆਪੇ ਨਾਲ ਮੋਹ ਰੂਪ ਧਾਰਕੇ ਅੰਦਰ ਆਪਣੇ ਆਪ ਨੂੰ ਲਖਾਉਂਦੀ ਹੈ ਅਤੇ ਬਾਹਰ ਇਹ 'ਮੇਰੀ' ਦਾ ਰੂਪ ਧਾਰਕੇ ਮੋਹ ਪਸਾਰਦੀ ਹੈ, ਫੇਰ ਇਹੋ ਮੋਹ ਦੂਸਰਿਆਂ ਨਾਲ ਦੁਜਾਇਗੀ ਸਿਖਲਾਉਂਦਾ ਹੈ। ਸਾਧੂ ਦਾ ਧਰਮ ਹੈ ਇਸ ਤੋਂ ਬਚੇ ਤਾਂ ਜੋ ਜਗਤ ਨੂੰ, ਸੁਖਦਾਈ ਹੋਵੇ। ਇਸ ਦੁਜਾਇਗੀ, ਇਸ ਪਕੜ, ਇਸ ਹਉਮੈ ਤੋਂ, ਜੋ ਸਾਂਈਂ ਤੋਂ ਬੀ ਵਿਛੋੜਦੀ ਹੈ ਤੇ ਜਗਤ ਵਿਚ ਬੀ ਉਪਦ੍ਰਵ ਕਰਵਾਉਂਦੀ ਹੈ, ਬਚਣਾ ਸਭ ਦਾ ਧਰਮ ਹੈ। ਸਾਧੂ ਦਾ ਮੁਖ ਧਰਮ ਹੈ ਨਾਮ ਜਪਣਾ ਤੇ ਜਪਾਉਣਾ। ਇਸ ਤੋਂ ਉਤਰਕੇ

ਦੂਸਰਾ ਮੁੱਖ ਕਰਮ ਇਹੀ ਹੈ - ਦੁਜੈਗੀ ਦੂਰ ਕਰਨੀ। ਇਸੇ ਲਈ ਕਦੇ ਕਦੇ ਵੱਖਰੇ ਆ ਬਠੀਦਾ ਹੈ ਕਿ ਇਹ ਮਾਇਆ ਪ੍ਰਬਲ ਹੈ, ਇਸਦੇ ਛਲਾਂ ਨੂੰ ਵੇਖਦੇ ਰਹੀਏ। ਮਾਇਆ ਕੀ ਹੈ? ਗੁਰੂ ਬਾਬੇ ਨੇ ਤੀਜੇ ਜਾਮੇਂ ਫੁਰਮਾਇਆ ਸੀ -

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥ ਅੰਗ - 921***

ਇਹ ਮਾਇਆ ਪ੍ਰਬਲ ਹੈ, ਇਸ ਦੀ ਸੋਝੀ ਰੱਖਣੀ ਧਰਮ ਹੈ, ਇਸ ਤੋਂ ਬਚਣਾ ਸ਼ੁਭ ਹੈ। ਇਸ ਦੇ ਦਾਉ ਘਾਉ ਦੇਖਣ ਤੇ ਆਪਾ ਚੀਨਣ ਲਈ ਕਦੇ ਕਦੇ ਏਕਾਂਤ ਆ ਬਹੀਦਾ ਹੈ। ਨਹੀਂ ਤਾਂ ਸੱਜਣੋਂ ਅਸੀਂ ਤੁਸਾਂ ਤੋਂ ਸੂਗ ਨਾਲ ਉਦਾਸ ਹੋਕੇ ਨਹੀਂ ਦੂਰ ਆਉਂਦੇ।

ਪ੍ਰੇਮ ਸਿੰਘ - ਆਪ ਜੈਸੀਆਂ ਮੂਰਤਾਂ ਦੁਰਲਭ ਹਨ। ਸਾਨੂੰ ਤਾਂ ਹੁਣ ਘਾਟਾ ਹੀ ਇਹ ਹੈ ਕਿ ਸਾਧੂ, ਸੰਤ, ਗੁਰੂ ਤਾਂ ਲੋਕੀਂ ਅਖਵਾਉਂਦੇ ਹਨ, ਪਰ ਆਪ ਜੈਸੀ ਹਉਮੈ ਤੋਂ ਨਿਰਮਲ ਜੀਵਨੀ ਬਸਰ ਨਹੀਂ ਕਰਦੇ, ਲੋਕਾਂ ਤੇ ਬੀ ਪ੍ਰਭਾਉ ਫੇਰ ਚੰਗਾ ਨਹੀਂ ਪੈਂਦਾ। ਆਪ ਜੈਸੇ ਸੰਤਾਂ ਦੇ ਦਮ ਨਾਲ ਹੀ ਪੰਥ ਵਿਚ ਨਾਮ ਦਾ ਪਰਚਾ ਹੈ ਤੇ ਜਗਤ ਸੁਖੀ ਹੁੰਦਾ ਹੈ। ਜੇ ਬੇਅਦਬੀ ਨਾ ਹੋਵੇ ਤਾਂ ਮੈਂ ਇਕ ਬੇਨਤੀ ਕਰਾਂ, ਪ੍ਰਸੰਗ ਚਲ ਪਿਆ ਹੈ ਪਰਉਪਕਾਰ ਦਾ, ਇਸ ਵਿਸ਼ੇ ਤੇ ਕੁਛ ਸੋਝੀ ਦੀ ਦਾਸਾਂ ਨੂੰ ਲੋੜ ਹੈ।

ਬਿਮਲਾ ਸਿੰਘ ਜੀ - ਭਾਈ ਸਤਿ ਬਚਨ, ਜਿਵੇਂ ਆਖਸੋ ਪੁੱਛਾ ਦੇ ਉੱਤਰ ਵਿਚ ਬਚਨ ਬਿਲਾਸ ਗੁਰੂ ਮਿਹਰ ਨਾਲ ਸੁਤੇ ਹੀ ਹੋ ਜਾਣਗੇ। ਪਹਿਲੀ ਗਲ ਇਹ ਹੈ ਕਿ ਤੁਸੀਂ ਅਤਿਥੀ ਹੋ, ਦੂਰੋਂ ਆਏ ਹੋ, ਸਾਡੇ ਪਾਸ ਜਲ ਹੈ, ਇਹ ਛਕੋ, ਇਸ਼ਨਾਨ ਕਰਨਾ ਹੈ ਤਾਂ ਕਰ ਲਓ। ਆਪ ਇਹ ਕਾਰਜ ਕਰੋ ਤੇ ਅਸੀਂ ਗਿਰਾਂ ਵਿਚ ਜਾ ਕੇ ਅੰਨ ਆਪ ਵਾਸਤੇ ਲੈ ਆਉਂਦੇ ਹਾਂ।

ਪ੍ਰੇਮ ਸਿੰਘ - ਮਹਾਰਾਜ ਜੀਓ ਸਭ ਮਿਹਰ ਹੈ। ਸਾਨੂੰ ਪਤਾ ਸੀ ਕਿ ਆਪ ਏਥੇ ਮੂਲੋਂ ਹੀ ਇਕਾਂਤ ਵਾਸੀ ਹੋ, ਆਪ ਪਾਸ ਲੰਗਰ ਦਾ ਸਾਮਾਨ ਨਹੀਂ ਹੈ, ਇਸ ਕਰਕੇ ਅਸੀਂ ਪ੍ਰਸ਼ਾਦੇ ਤੇ ਹੋਰ ਕੁਛ ਖਾਣ ਦਾ ਸਾਮਾਨ ਨਾਲ ਹੀ ਲੈ ਆਏ ਸਾਂ ਤੇ ਇਸ਼ਨਾਨ ਪਾਣੀ ਬੀ ਕਰ ਆਏ ਹਾਂ -

ਬਿਮਲਾ ਸਿੰਘ - ਤਾਂ ਭਾਈ ਸੁਖ, ਸਾਧੂ ਪਾਸ ਤਾਂ ਆਦਰ ਹੀ ਆਦਰ ਹੈ, ਸੋ ਹਾਜ਼ਰ ਹੈ।

ਭਗਤ ਸਿੰਘ - ਸਭ ਆਪਦੀ ਬਖਸ਼ਿਸ਼ ਹੈ।

ਬਿਮਲਾ ਸਿੰਘ - ਬਖਸ਼ਿਸ਼ ਵਾਹਿਗੁਰੂ ਦੀ ਹੈ। ਮਨੁੱਖ ਦਾ ਮਨੁੱਖ ਨਾਲ ਭਾਉ ਹੈ। ਹੁਣ ਕਰੋ ਗੱਲ ਬਾਤ।

ਪ੍ਰੇਮ ਸਿੰਘ - ਕ੍ਰਿਪਾ ਨਿਧਾਨ ਜੀਓ! ਆਪ ਨੇ ਪਿਛਲੀਆਂ ਗਰਮੀਆਂ ਵਿਚ ਮਨੁੱਖ ਦਾ ਮਨੁੱਖ ਨਾਲ ਪ੍ਰੇਮ ਜਣਾਇਆ ਤੇ ਉਪਕਾਰ ਸਿਖਾਇਆ ਸੀ। ਥੋੜੇ ਦਿਨ ਹੋਏ, ਆਪਦੇ ਆ ਜਾਣ ਮਗਰੋਂ ਇਕ ਰਮਤਾ ਸਾਧੂ ਕਿਸੇ ਮਤ ਦਾ ਗੁਰਦੁਆਰੇ ਆ ਗਿਆ। ਅਤਿਥੀ ਸੀ, ਅੰਨ ਪਾਣੀ ਗ੍ਰੰਥੀ ਸਿੰਘ ਨੇ ਛਕਾਇਆ। ਉਸ ਸਾਧੂ ਨੇ ਇਕ ਦਿਨ ਸੁਤੇ ਹੀ ਦਾਨ ਦੀ ਗਲ ਕੀਤੀ ਤੇ ਆਖਣ ਲੱਗਾ ਕਿ ਦਾਨ ਪਾਤ੍ਰ ਦਾ ਅਧਿਕਾਰ ਪਛਾਨਣਾ ਚਾਹੀਏ। ਐਵੇਂ ਦਾਨ ਕੀਤੇ ਦਾ ਫਲ ਏਥੇ ਓਥੇ ਦੁਖ ਹੀ ਹੈ। ਉਹ ਕਹਿੰਦਾ ਸੀ ਮੈਂ ਤਾਂ ਸਮਝਦਾ ਹਾਂ ਕਿ ਕੇਵਲ ਆਪ ਬ੍ਰਹਮ ਜਾਣ ਲੈਣਾ ਕਾਫੀ ਹੈ, ਨਾਮ ਦਾਨ ਆਦਿ ਦੀ ਲੋੜ ਨਹੀਂ।

ਬਿਮਲਾ ਸਿੰਘ - ਭਾਈ ਅਧਿਕਾਰ ਪਛਾਨਣਾ ਤਾਂ ਠੀਕ ਗਲ ਹੈ ਜੇ ਤੁਸੀਂ ਲਖਪਤੀ ਦਸ ਰੁਪੈ ਦਿਓਗੇ ਤਾਂ ਕੀਹ ਗੁਣ? ਜੇ ਜੁਆਰੀਏ ਨੂੰ ਸੌ ਰੁਪੱਯਾ ਦਿਓਗੇ ਤਾਂ ਜੂਆ ਹੀ ਖੇਲੇਗਾ। ਅਗੋਂ ਦੀ ਤਾਂ ਗੁਰੂ ਜਾਣੇ ਪਰ ਪ੍ਰਤੱਖ ਦੀ ਗੱਲ ਪੁੱਛੋ ਤਾਂ ਜੋ ਦੂਸਰੇ ਦਾ ਭਲਾ ਕਰੇਗਾ ਦੁੱਖਾਂ ਦੇ ਮੂੰਹ ਆਵੇਗਾ। ਜੋ ਪਰਾਇਆ ਭਲਾ ਕਰੇਗਾ ਉਸ ਦੇ ਉਦਾਲੇ ਕਿਸੇ ਨਾ ਕਿਸੇ ਸ਼ਕਲ ਵਿਚ ਦੁਖ ਆਵੇਗਾ। ਤੁਸੀਂ ਪਰ ਉਪਕਾਰ ਦੇ ਕੰਮ ਕਰਕੇ ਵੇਖੋ ਕਿ ਜਿਨ੍ਹਾਂ ਨਾਲ ਨੇਕੀ ਉਪਕਾਰ ਕਰੋਗੇ ਬਹੁਤੀ ਵੇਰ ਓਹੀ ਵੈਰੀ ਹੋ ਢੁੱਕਣਗੇ। ਕਈ ਵੇਰ ਉਨ੍ਹਾਂ ਦੇ ਹਿਤੂ ਵੈਰੀ ਹੋ ਜਾਂਦੇ ਹਨ। ਆਮ ਕਰਕੇ ਜਾਣੇ ਯਾ ਅਣਜਾਣੇ ਜਗਤ ਨੇਕੀ ਕਰਨ ਵਾਲੇ ਨੂੰ ਘੇਰ ਘਾਰ ਕੇ ਦੁੱਖਾਂ ਦੇ ਮੂੰਹ ਫਸਾ ਦੇਂਦਾ ਹੈ। ਪਰੋਪਕਾਰੀਆਂ ਦੀ ਨਿੰਦਾ ਕਰਨੀ ਆਪਣੇ ਮਨੋਰਥਾਂ ਦੀ ਖਾਤਰ ਊਜਾਂ ਦੇਣੀਆਂ ਤਾਂ ਜਗਤ ਦੇ ਖੱਬੇ ਹੱਥ ਦਾ ਕਰਤਬ ਹੈ। ਇਸ ਤੋਂ ਵਧਕੇ ਲੋਕੀ ਅਨੇਕ ਤਰ੍ਹਾਂ ਦੇ ਵਡੇਰੇ ਕਸ਼ਟ ਭੀ ਖੜੇ ਕਰ ਦੇਂਦੇ ਹਨ, ਜਿੰਦਾਂ ਤਕ ਭੀ ਲੈ ਲੈਂਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਪਰਮੇਸ਼ੂਰ ਸਰੂਪ ਸਨ। ਉਨ੍ਹਾਂ ਦਾ ਹਿਰਦਾ ਤੇ ਸ਼ਰੀਰ ਕਿਤਨਾ ਕੋਮਲ ਸੀ, ਜਿਸ ਤੋਂ ਅਰਸ਼ੀ ਬਾਣੀ ਨਿਕਲਦੀ ਹੈ। ਉਨ੍ਹਾਂ ਦੇ ਉਪਕਾਰਾਂ ਦਾ ਅੰਤ ਨਹੀਂ। ਖਿਮਾਂ ਕਰਨੀ ਮੈਂ ਅਵਤਾਰ ਗੁਰੂ ਦਾ ਜ਼ਿਕਰ ਮਨੁੱਖੀ ਜ਼ਿਕਰਾਂ ਵਿਚ ਕਰਨ ਲੱਗਾ ਹਾਂ! ਜੇ ਉਨ੍ਹਾਂ ਦੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਰੂਹਾਨੀ ਤੇ ਕੋਮਲ ਉਨਰੀਤੇ ਸਾਹਿਤਕ ਉਪਕਾਰ ਨੂੰ ਅੱਖਾਂ ਅਗੇ ਲਿਆਈਏ ਤੇ ਦੂਜੇ ਪਾਸੇ ਉਸ ਸੂਖਮ ਤੇ ਕੂਲੇ ਵਜਕਤੀ ਨੂੰ ਤੱਤੇ ਤਵੇ ਤੇ ਬੈਠਿਆਂ ਤੇ ਰੇਤਾਂ ਪੈਂਦੀਆਂ ਤੱਕੀਏ ਤਾਂ ਪ੍ਰਾਣ ਕੰਬ ਉਠਦੇ ਹਨ। ਇਹ ਦੇਖ ਲਓ ਜਗਤ ਦਾ 'ਸ਼ਿਰੋਮਣੀ ਪਰਉਕਾਰੀ' ਨਾਲ ਸਲੂਕ!

ਬਾਹਰਲੇ ਦੁਖਾਂ ਨੂੰ ਛੱਡਕੇ ਜੇ ਆਪਣੇ ਆਪ ਵਿਚ ਉਪਕਾਰੀ ਤੱਕੇ ਤਾਂ ਆਪਣਾ ਧਨ, ਆਪਣਾ ਵਕਤ ਤੇ ਜੇ ਬੰਦਗੀ ਵਾਲਾ ਹੈ ਤਾਂ ਆਪਣਾ ਮਾਨਸਿਕ ਬਲ ਓਹ

ਉਪਕਾਰ ਵਿਚ ਕਿਤਨਾ ਕੁ ਖਰਚ ਕਰਦਾ ਹੈ। ਇਉਂ ਆਪਣਾ ਵਿਗਾੜੇਗਾ ਤਾਂਹੀ ਉਪਕਾਰੀ ਬਿਗਾਨੇ ਦਾ ਕੁਝ ਸੁਆਰੇਗਾ। ਅਸੀਂ ਪਹਿਲਾਂ ਗ੍ਰਿਹਸਤ ਆਸ਼੍ਰਮ ਵਿਚ ਸੇ ਕਿ ਜਦੋਂ ਨਾਮ ਦਾ ਸ਼ੌਕ ਲੱਗਾ। ਗੁਰੂ ਦੀ ਮੇਹਰ ਹੋਈ ਅੰਦਰੋਂ ਪਾਲਾਂ ਟੁੱਟੀਆਂ, ਸਾਂਈਂ ਮਿੱਠਾ ਤੇ ਪਿਆਰਾ ਲੱਗਾ, ਬਾਹਰਲੀ ਵਰਤੋਂ ਵਿਚ ਵੀ ਹਉਮੈਂ ਦੀ ਧੀ-ਦੁਜਾਇਗੀ-ਵਿਦਾ ਹੋ ਗਈ। ਫਿਰ ਦੂਜਿਆਂ ਦੇ ਭਲੇ ਦਾ ਹੁਕਮ ਵਿਚ ਕੁਛ ਉਦਮ ਹੋ ਆਇਆ। ਪਰ ਸੱਜਣੋਂ! ਇਸ ਕੰਮ ਵਿਚ ਅਨੇਕਾਂ ਕਸ਼ਟ ਵੇਖਣੇ ਪਏ। ਜਦੋਂ ਸਾਡੇ ਸਾਥੀ ਜੀ ਟੁਰ ਗਏ ਤਾਂ ਅਸਾਂ ਮਾਤਾ ਜੀ ਦੀ ਆਗਿਆ ਲੈ ਕੇ ਕਲਗੀਧਰ ਦੀ ਸੇਵਾ ਮੋਦੇ ਚਾਕੇ ਇਹ ਹੁਣ ਵਾਲਾ ਤਿਆਗ ਮਾਰਗ ਧਾਰ ਲਿਆ। ਪਰ ਤਦ ਭੀ ਗੁਰੂ ਕੇ ਪਿਆਰਿਓ! ਏਕਾਂਤ ਸੁਖੀ ਰਹੀਦਾ ਹੈ। ਜਦ ਬਹੁਤ ਚਿਰ ਸੇਵਾ ਵਿਚ ਜਾਈਦਾ ਹੈ ਤਾਂ ਅਨੇਕਾਂ ਤਰ੍ਹਾਂ ਦੇ ਤਜਰਬੇ ਹੁੰਦੇ ਹਨ, ਜੋ ਕੀ ਦੱਸੀਏ 'ਦੁਖ ਰੂਪ' ਹੀ ਓਹਨਾਂ ਨੂੰ ਕਹੀਏ ਤਾਂ ਠੀਕ ਹੈ। ਪਰ ਹੁਣ ਜਦ ਸ਼ਰੀਰ ਮਨ ਤੇ ਆਤਮਾਂ ਸਭ ਗੁਰੂ ਕਾ ਹੋ ਚੁਕਾ ਹੈ ਤਾਂ ਫੇਰ ਸਾਡਾ ਕੀ ਹੈ, ਸਭ ਹੁਕਮ ਹੈ। ਇਸ ਭਾਵ ਵਿਚ ਕੌੜੇ ਤਜਰਬੇ ਮਿੱਠੇ ਲਗਦੇ ਹਨ। ਸ੍ਰੀ ਬਾਬਾ ਜੀ ਦਾ ਹੁਕਮ ਹੈ - 'ਦੁਖੁ ਦਾਰੂ ਸੁਖੁ ਰੋਗੁ ਭਇਆ' ਦੁਖ ਹੀ ਇਨਸਾਨ ਨੂੰ ਤਕੜਿਆਂ ਕਰਦਾ ਹੈ, ਫਿਰ ਭੀ ਸੱਜਣੋਂ ਜੇ ਆਤਮਾਂ ਤਕੜੀ ਰਹੇ ਤਾਂ ਕਦੇ ਸਰੀਰ ਥੱਕਦਾ ਹੈ ਤੇ ਮਨ ਵਿਚ ਕਈ ਅਸਰਾਂ ਦੇ ਅਕਸ ਪੈਂਦੇ ਹਨ। ਆਖਰ ਸ਼ਰੀਰ ਵਿਚ ਜੋ ਸ਼ਨਾਯੂ ਸ਼੍ਰੇਣੀ ਹੈ, ਉਸ ਦੀ ਝੱਲਣ ਸ਼ਕਤੀ ਹਦਬੰਦੀ ਵਾਲੀ ਹੈ। ਤੁਸੀਂ ਮਤੇ ਮਨ ਵਿਚ ਹੱਸੋ, ਮੈਂ ਇਕ ਜੀਵ ਹਾਂ ਜਿਸ ਕਰਕੇ ਇਹ ਕਹਿ ਰਿਹਾ ਹਾਂ, ਮਹਾਂ ਪੁਰਖ ਨਹੀਂ ਮੈਂ ਜੋ ਅਚੱਲ ਤੇ ਅਹਿੱਲ ਹੋਵਾਂ। ਮੈਂ ਇਕ ਨਿਮਾਣਾ ਸਿੱਖ ਹਾਂ, ਤਿਆਗੀ ਹਾਂ, ਗੁਰੂ ਕੀ ਮਿਹਰ ਹੈ, ਸ਼ੁਕਰ ਹੈ, ਪਰ ਜਦ ਕਦੇ ਕਿਸੇ ਸਿਥਲਤਾ ਦੇ ਰੰਗ ਨੂੰ ਆਉਂਦਾ ਵੇਖੀਦਾ ਹੈ ਤਾਂ ਏਕਾਂ ਸਾਂਈ ਜਾਈਦਾ ਹੈ। ਕੁਦਰਤੀ ਨਜ਼ਾਰੇ, ਏਕਾਂਤ, ਸਾਂਈਂ ਦੀ ਰੌ ਨਾਲ ਸ਼ਰੀਰ ਤੇ ਮਨ ਨਰੋਏ ਹੋ ਜਾਂਦੇ ਹਨ। ਸਮਝ ਤੇ ਸ਼ੌਂਕ ਤਾਂ ਗੁਰੂ ਮਿਹਰ ਨਾਲ ਨਹੀਂ ਹਾਰਦੇ। ਪਰ ਮਾਨੁਖ ਮਾਨੁਖ ਹੈ, ਇਸਦੀ ਸਨਾਯੂ ਸ੍ਰੇਣੀ ਮਨ ਤੇ ਸ਼ਰੀਰ ਨੂੰ ਢਿੱਲਿਆਂ ਹੋਣ ਦੀ ਆਰਾਮ ਦੀ ਲੋੜ ਪੈਂਦੀ ਹੈ ਤੇ ਇਕਾਂਤ ਵਿਚ ਆਕੇ ਬੁੱਧੀ ਦੀ ਸ਼ਕਤੀ ਬੀ ਤੀਖਣ ਹੋ ਜਾਂਦੀ ਹੈ।

ਭਾਈ ਸੰਤੋ! ਸੇਵਾ ਯਾ ਉਪਕਾਰ, ਨੇਕੀ ਯਾ ਦਾਨ ਬੜੇ ਕਠਨ ਕੰਮ ਹਨ, ਇਨ੍ਹਾਂ ਦੇ ਕਰਨ ਵਾਲਿਆਂ ਨੂੰ ਜਗਤ ਓਹ ਕੁਛ ਫਲ ਦੇਂਦਾ ਹੈ ਕਿ ਕੋਈ ਕੀ ਕਹੇ। ਦਸਮੇਂ ਪਾਤਸ਼ਾਹ ਜੀ ਦੇ ਉਪਕਾਰਾਂ ਨੂੰ ਸਿਮਰਨ ਕਰੋ ਤੇ ਉਨ੍ਹਾਂ ਦੇ ਖੇਦਾਂ ਦਾ ਖਿਆਲ ਕਰੋ। ਉਹ ਭਗਵਤ ਰੂਪ ਸਨ, ਭਗਵੰਤ ਆਪ ਸਨ। ਪਰ ਤੱਕ ਲਓ ਜੋ ਕੁਛ ਜਗਤ ਨੇ ਉਨ੍ਹਾਂ ਨਾਲ ਵਰਤਾਉ ਕੀਤਾ ਹੈ। ਓਹੀ ਹੀ ਸਨ ਜੋ ਸਦਾ ਅਝਵੇਂ ਰਹੇ, ਕਦੇ ਨਾ ਡੋਲੇ। ਓਹ ਰੱਬ ਰੂਪ ਸਨ, ਉਹਨਾਂ ਦੀ ਰੀਸ ਨਹੀਂ ਪੁੱਗਦੀ। ਅਸੀਂ ਤੁਸੀਂ ਤਾਂ ਜੀਵ ਹਾਂ, ਭੁੱਲਣਹਾਰ ਹਾਂ, ਥੋੜ ਵਿੱਤੇ ਹਾਂ, ਸਾਨੂੰ ਸਤਿਸੰਗ ਦੀ, ਸਦਾ ਨਾਮ ਵਿਚ ਰਹਿਣ ਦੀ, ਕੀਰਤਨ ਦੀ ਲੋੜ ਹੈ ਤਾਂ ਜੋ ਨੇਕੀ ਕਰਦਿਆਂ ਜੋ ਮੁਸ਼ਕਲਾਂ ਆਉਂਦੀਆਂ ਹਨ ਤੇ ਵਰਤਾਉ ਮਿਲਦੇ ਹਨ ਸਾਨੂੰ ਉਹ ਕੌੜੇ ਤਜਰਬੇ ਹਰਾ ਨਾ ਦੇਣ। ਸ੍ਰੀ ਬਾਬਾ ਜੀ ਦਾ ਫੁਰਮਾਣ ਹੈ -

> ***ਜੇ ਕੋਊ ਅਪੁਨੀ ਓਟ ਸਮਾਰੈ॥***
> ***ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ॥***
> ***ਅੰਗ - 679***

ਪ੍ਰੇਮ ਸਿੰਘ - ਇਸ ਗੁਰਵਾਕ ਦਾ ਕੀ ਭਾਵ ਹੈ?

ਸੰਤ - ਇਹੋ, ਜੋ ਮੈਂ ਆਖਿਆ ਹੈ। ਜੋ ਕੋਈ ਐਸਾ ਸਾਧਨ ਕਰਦਾ ਹੈ ਜਿਸ ਨਾਲ ਕਿ ਉਹ ਆਪਣੇ ਅੰਦਰ ਆਪਣੇ ਆਪੇ ਦੀ ਓਟ ਤੇ ਟਿਕਦਾ ਹੈ ਤਾਂ ਉਹ ਆਪਣੇ ਵਿਤ ਅਨੁਸਾਰ ਆਪਣੇ ਬਲ ਨੂੰ ਵਰਤੇ, ਇਤਨਾ ਨਾ ਵਰਤੇ ਕਿ ਅੰਤ ਹਾਰ ਜਾਵੇ। ਹਾਰਨਾ ਮਰਨਾ ਇਕ ਬਰਾਬਰ ਹਨ।

ਪ੍ਰੇਮ ਸਿੰਘ - ਸੰਤ ਜੀ ਏਹ ਜੋ ਪੁਛੋਂ ਤੋਂ ਲੋਕੀ ਆਉਂਦੇ ਹਨ ਪਰਉਕਾਰ ਪਰਉਪਕਾਰ ਹੀ ਕੂਕਦੇ ਹਨ, ਇਨ੍ਹਾਂ ਨੂੰ ਤਾਂ ਕੁਛ ਨਹੀਂ ਪਹੁੰਦਾ।

ਸੰਤ ਹੱਸ ਪਏ ਤੇ ਫੇਰ ਤਾੜੀ ਮਾਰਕੇ ਬੋਲੇ! ਠੀਕ ਹੈ ਭਾਈ। ਪਰ ਕਾਹਨੂੰ ਕਿਸੇ ਨੂੰ ਮਾੜਾ ਕਹੀਏ। ਹਾਂ ਜੋ ਪ੍ਰਤੱਖ ਦੀਹਦਾ ਹੈ ਸੋ ਤਾਂ ਇਹ ਹੈ, ਕਿ ਓਹ ਲੋਕ ਪਰਉਪਕਾਰ ਦੀਆਂ ਕੂਕਾਂ ਦੇਂਦਿਆਂ ਧਰਤੀ ਦੇ ਮੁਲਕਾਂ ਦੇ ਮਾਲਕ ਹੋ ਗਏ ਹਨ। ਐਸੇ ਉਪਕਾਰ ਨੂੰ ਕੋਈ ਕੀ ਕਹੇ!

ਪ੍ਰੇਮ ਸਿੰਘ - ਮੈਂ ਪਾਦਰੀਆਂ ਦੀ ਗੱਲ ਕੀਤੀ ਸੀ ਜੀ!

ਸੰਤ - ਬਈ ਅਸੀਂ ਕਿਸੇ ਵਿਅਕਤੀ ਯਾ ਜਾਤੀ ਦੀ ਨਿੰਦਿਆ ਵਿਚ ਨਹੀਂ ਵਿਆਪਣਾ ਚਾਹੁੰਦੇ, ਪਰ ਇਕ ਅਸੂਲ ਤੁਹਾਨੂੰ ਦੱਸਦੇ ਹਾਂ, ਉਹ ਇਹ ਹੈ ਜੋ ਅੰਦਰ ਹਉਮੈ ਦੇ ਬੰਦੇ ਹਨ, ਜਿਨ੍ਹਾਂ ਦੇ ਮਨ ਦੀ ਮੈਲ ਕਿਸੇ ਇਕਾਗ੍ਰਤਾ ਤੇ ਕਿਸੇ ਸਾਧਨ ਨਾਲ ਸਾਫ ਹੋਕੇ ਆਪੇ ਨੂੰ ਵਿਚ ਜੋੜ ਨਹੀਂ ਗਈ ਤੇ ਜਿਨ੍ਹਾਂ ਨੂੰ ਹਉਂ ਤੇ ਹਉਂ ਦੀ ਜਾਈ-ਦੁਜਾਇਗੀ - ਤੋਂ ਖਲਾਸੀ ਨਹੀਂ ਮਿਲੀ, ਉਨ੍ਹਾਂ ਦਾ ਪਰਉਕਾਰ ਕੇਵਲ ਪ੍ਰਾਣੀ ਮਾਤ੍ਰ ਤੇ ਦਇਆ ਦੇ ਭਾਵ ਤੋਂ ਉਪਜਦਾ ਹੈ ਤੇ ਜਦ ਤਜਰਬੇ ਵਿਚ ਕਉੜੱਤਣ ਆਉਂਦੀ ਹੈ ਤਾਂ ਉਨ੍ਹਾਂ ਦੇ ਸੁਭਾਵ ਬਦਲ ਜਾਂਦੇ ਹਨ। ਉਹਨਾਂ ਦੀ ਆਪਣੀ ਬੋਲੀ ਵਿਚ ਇਕ ਅਖਾਵਤ ਹੈ - ਉਪਕਾਰ ਦਾ

ਅੰਤ ਅਪਕਾਰ ਹੈ। ਕਾਰਨ ਇਹ ਕਿ ਕਿਸੇ ਸਾਧਨ ਸੰਪੱਤੀ ਨਾਲ ਜਦੋਂ ਅੰਦਰ ਦੀ ਹਉ ਦੂਰ ਨਹੀਂ ਕੀਤੀ, ਅਤੇ ਉਪਜੀ ਦੁਜਾਇਗੀ ਦੂਰ ਨਹੀਂ ਹੋਈ ਤਦ ਉਸ ਸ਼ੈ ਦੀ ਜੜ੍ਹ ਨਹੀਂ ਕੱਟੀ ਜੋ ਵਿਤਕਰਿਆਂ ਦਾ ਮੂਲ ਹੈ। ਐਉਂ ਨੇਕੀ ਕਰਨ ਵਿਚ ਜੋ ਸੱਟਾਂ ਵੱਜਦੀਆਂ ਹਨ, ਉਹ ਪਹਿਲੇ ਚਾਉ ਦਾ ਮੂੰਹ ਖੁੰਢਾ ਕਰ ਦੇਂਦੀਆਂ ਹਨ, ਫੇਰ ਉਹੋ ਹਉ ਅੰਦਰਲੇ ਨੂੰ ਪਥਰਾ ਦੇਂਦੀ ਹੈ। ਅਸਾਂ ਨੇ ਇਕ ਸਿੱਖ ਉਪਕਾਰੀ ਡਿੱਠਾ ਹੈ, ਇਹ ਸੱਚ ਮੁਚ ਗਰੀਬਾਂ ਦਾ ਭਲਾ ਕਰਦਾ ਸੀ, ਵਕਤ ਦੇਂਦਾ ਸੀ, ਪਦਾਰਥ ਭੀ ਖਰਚਦਾ ਸੀ, ਸਭ ਲੋਕਾਂ ਦੇ ਕੰਮ ਸੁਆਰਦਾ ਸੀ, ਦੁਖ ਸੁਖ ਵੇਲੇ ਕੰਮ ਬੀ ਆਉਂਦਾ ਸੀ, ਪਰ ਨਿੰਦਾ ਤੇ ਨੁਕਤਾ-ਚੀਨੀ ਵਿਚ ਖੇਲਦਾ ਸੀ। ਸਤਿਸੰਗ ਬੀ ਜਾਂਦਾ ਸੀ, ਪਰ ਪਾਹ ਕਿਸੇ ਦਾ ਨਹੀਂ ਸੀ ਲੱਗਾ। 'ਹਉਮੈ ਤੇ ਦੁਜਾਇਗੀ' ਰੂਪ ਵਟਾਕੇ ਇਸਦੇ ਅੰਦਰ ਸਾੜੇ ਦੇਂਦੀਆਂ ਸਨ। ਆਮ ਲੋਕੀ ਇਸਦੇ ਨਾਲ ਪ੍ਰਸੰਨ ਸਨ ਪਰ ਇਸਦੇ ਅੰਦਰਲੇ ਦੇ ਉਬਾਲ ਕਈਆਂ ਨੂੰ ਛਾਲੇ ਪਾਉਂਦੇ ਸਨ। ਅਸਾਂ ਉਸ ਨੂੰ ਨਿਝੜਕ ਹੋਕੇ ਕਹਿ ਦਿੱਤਾ ਸੀ ਭਾਈ ਪਹਿਲੇ ਆਪਣੇ ਆਪ ਤੇ ਉਪਕਾਰ ਕਰ। ਅੰਦਰਲੇ ਨੂੰ ਬਾਣੀ ਨਾਮ ਨਾਲ ਪਵਿੱਤ੍ਰ ਕਰ। ਜਿਥੇ ਦੁਜਾਇਗੀ ਤੇ ਆਪਾ ਪਸੰਦੀ ਦੀ ਮੈਲ ਹੈ, ਉਥੋਂ ਉਹ ਦੂਰ ਹੋਵੇ, ਫੇਰ ਤੇਰੇ ਉਪਕਾਰ ਤੇਰੇ ਤੇ ਸਹਾਈ ਹੋਣਗੇ। ਸਭ ਤੋਂ ਪਹਿਲੀ ਦਇਆ 'ਆਤਮ ਕਿਰਪਾ' ਹੈ। ਅਸੀਂ ਇਕ ਹੋਰ ਉਪਕਾਰੀ ਡਿੱਠਾ ਹੈ ਜੋ ਵਡੀ ਉਮਰੇ ਜਾਕੇ ਦਇਆ ਨੂੰ ਕਸਾਇਣ ਕਿਹਾ ਕਰਦਾ ਸੀ, ਉਸਨੂੰ ਆਪਣੇ ਉਪਕਾਰਾਂ ਦੇ ਬਦਲੇ ਕਸ਼ਟ ਮਿਲੇ ਸਨ, ਜਿਨ੍ਹਾਂ ਨਾਲ ਨੇਕੀਆਂ ਕੀਤੀਆਂ ਉਨ੍ਹਾਂ ਨੇ ਦੁਖ ਦਿੱਤੇ ਸਨ। ਨਿਰਾਸਤਾ ਦੀਆਂ ਸੱਟਾਂ ਤੋਂ ਜੋ ਨੇਕੀ ਬਦਲੇ ਬਦੀ ਮਿਲਨ ਤੋਂ ਵੱਜਦੀਆਂ ਹਨ, ਖਾ ਖਾ ਕੇ ਉਹ ਸਿੰਘ ਜੀ ਪੱਥਰ ਹੋ ਗਏ ਸਨ। ਕਹਿੰਦੇ ਇਹ ਸਨ ਕਿ ਮੈਨੂੰ ਹੁਣ ਅਕਲ ਆਈ ਹੈ, ਮੈਂ ਮੂਰਖ ਸਾਂ, ਮੈਂ ਹੁਣ ਦਾਨਾ ਹੋਇਆ ਹਾਂ। ਉਸ ਨੂੰ ਬੀ ਇਸ ਸਰੀਰ ਨੇ ਨਿਸ਼ੰਕ ਹੋਕੇ ਕਹਿ ਦਿੱਤਾ ਸੀ, ਭਾਈ ਹੁਣ ਤੂੰ ਦਾਨਾ ਨਹੀਂ, ਪਰ ਮੁਰਦਾ ਹੋਇਆ ਹੈਂ। ਤੂੰ ਨੇਕੀ ਕਰਕੇ ਖੂਹ ਵਿਚ ਕਿਉਂ ਨਹੀਂ ਸੁੱਟਦਾ ਰਿਹਾ? ਉਹ ਕਹਿਣ ਲਗਾ ਮੈਨੂੰ ਜਾਚ ਨਹੀਂ ਸੀ। ਮੈਂ ਕਿਹਾ ਗੁਰੂ ਦਾ ਸਿੱਖ ਹੈਂ ਤੂੰ, ਨੇਮ ਕਰ ਕਿ ਬਾਣੀ ਰੋਜ਼ ਪੜ੍ਹਾਂਗਾ ਤੇ ਵੀਚਾਰਾਂਗਾ, ਨੇਮ ਕਰ ਕਿ ਅੰਮ੍ਰਿਤ ਵੇਲੇ ਉਠਕੇ ਨਾਮ ਜਪਾਂਗਾ। ਹਾਂ, ਕੀਰਤਨ ਜਰੂਰ ਸੁਣਿਆ ਕਰ। ਫਿਰ ਤੇਰੇ ਮਨ ਦੀ ਮੈਲ ਉਤਰੇਗੀ। ਤੇਰਾ ਮਨ ਟਿਕੇਗਾ, ਉਸ ਵਿਚ ਅਨੰਤ ਦਾ ਅਕਸ ਪਏਗਾ। ਤੈਨੂੰ ਪਤਾ ਲੱਗੇਗਾ ਕਿ ਸਾਰ ਉਪਕਾਰ ਇਹ ਹੈ। ਆਪੇ ਨਾਲ ਆਪ ਉਪਕਾਰ ਕਰਨਾ ਪਹਿਲਾ ਇਹ ਉਪਕਾਰ ਹੈ। ਭੋਲਿਆ! ਬੀਮਾਰ ਵੀ ਕਦੇ ਬੀਮਾਰ ਦੀ ਸੇਵਾ ਕਰ ਸਕਿਆ ਹੈ? ਅਰੋਗ ਹੋ ਪਹਿਲਾਂ, ਹਉਂ ਦੇ ਦਾਉ ਪੇਟ ਦੇਖ, ਮਾਇਆ ਨੂੰ ਸਮਝ, ਮਨ ਨੂੰ ਨੀਵਾਂ ਕਰ, ਮਤ ਨੂੰ ਉਜਲ ਤੇ ਉੱਚਾ ਕਰ ਤੇ ਇਨ੍ਹਾਂ ਦੇ ਸਿਰ ਤੇ ਨਾਮ ਦਾ ਪਹਿਰਾ ਰੱਖ। ਫੇਰ ਜੇ ਕੁਛ ਸਰੀ ਤਾਂ ਭਲਾ ਕਰ। ਦੇਖ ਦਸਮੇਂ ਪਾਤਸ਼ਾਹ ਨੇ ਜਦ ਖਾਲਿਸੇ ਸਿਰ ਜਗਤ ਦਾ ਜ਼ੁਲਮ ਦੂਰ ਕਰਨ ਦਾ ਉਪਕਾਰ ਕਰਨ ਦਾ ਕੰਮ ਧਰਿਆ ਤਾਂ ਪਹਿਲਾਂ ਮਤ ਇਹ ਬਖਸ਼ੀ- **'ਜਾਗਤ ਜੋਤ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨ ਆਨੈ॥** ਕਿਉਂਕਿ ਹੇ ਉਪਕਾਰੀ! ਤੈਨੂੰ ਦੁਖ ਤਾਂ ਦੇਣੋ ਜਗਤ ਨਹੀਂ ਟਲੇਗਾ, ਪਰ ਤੇਰੀ ਟੇਕ ਅੰਦਰ ਬੱਝੀ ਹੋਵੇਗੀ, ਉਪਕਾਰ ਤੇਰਾ ਇਕ ਸੁਤੇ ਸੁਭਾਵ ਹੋਵੇਗਾ, ਤੇਰਾ ਉਪਕਾਰ ਮਾਂਗਵਾਂ ਤੇ 'ਮੁਸ਼ੱਕਤੀ ਤਰੱਦਦਵਾਲਾ' ਉਪਕਾਰ ਨਹੀਂ ਹੋਵੇਗਾ। ਫਿਰ ਜਦ ਤੈਨੂੰ ਨੇਕੀ ਦੇ ਬਦਲੇ ਬਦੀ ਮਿਲੇਗੀ ਤੇਰਾ ਮਨ ਠੁਹਕਰ ਨਹੀਂ ਖਾਏਗਾ, ਜੇ ਖਾਏਗਾ ਤਾਂ ਛੇਤੀ ਦਰੁਸਤ ਹੋ ਜਾਏਗਾ। ਉਸ ਨੂੰ ਵਿਚਾਰ ਮਦਦ ਦੇਵੇਗੀ ਕਿ ਬਈ ਤੂੰ ਆਪਣੇ ਰੱਬ ਦਾ ਹੁਕਮ ਪਾਲਣਾ ਹੈ, ਤੂੰ ਲੋਕਾਂ ਦੇ ਸਲੂਕ ਵਲ ਨਹੀਂ ਤੱਕਣਾ। ਲੋਕ ਦੁਖੀ ਹਨ, ਦੁਖੀਏ ਤੋਂ ਦੁਖ ਦੀ ਆਸ ਹੀ ਹੋ ਸਕਦੀ ਹੈ ਏਹ ਦੁਖੀਏ ਬੀ ਹਉਂ ਦੇ ਹੀ ਬੰਦੇ ਹਨ, ਇਨ੍ਹਾਂ ਵਿਚ ਦੁਜਾਇਗੀ ਹੈ ਇਹ ਕਦ ਪਿਆਰ ਤੇ ਸ਼ੁਕਰ ਕਰ ਸਕਦੇ ਹਨ। ਇਕ ਗਲ ਤੁਹਾਨੂੰ ਤਜਰਬੇ ਦੀ ਦੱਸੀਏ, ਜੇ ਤੁਸੀਂ ਇਕ ਤੋਂ ਵਧੀਕਾ ਨਾਲ ਨੇਕੀ ਕਰ ਰਹੇ ਹੋ ਤੇ ਆਪਣੇ ਵਿਤ ਮੂਜਬ ਸਭ ਨੂੰ ਥੋੜਾ ਥੋੜਾ ਸਹਾਰਾ ਦੇ ਰਹੇ ਹੋ ਤਾਂ ਹਰੇਕ ਦਾ ਜੀ ਚਾਹੇਗਾ ਕਿ ਇਹ ਆਪਣਾ ਸਾਰਾ ਵਿਤ ਮੇਰੇ ਤੇ ਹੀ ਕਿਉਂ ਨਹੀਂ ਖਰਚ ਕਰਦਾ, ਦੂਸਰੇ ਨੂੰ ਕਿਉਂ ਕੁਛ ਦੇਂਦਾ ਹੈ। ਇਸ ਗਲੇ ਲਗ ਪਗ ਸਾਰੇ ਤੁਹਾਡੇ ਨਾਲ ਅੰਦਰੋਂ ਰੰਜ ਰਹਿਣਗੇ ਤੇ ਬੇਮਲੂਮੇ ਅਸੱਜਨ ਹੋ ਜਾਣਗੇ। ਫੇਰ ਜੇ ਕਿਸੇ ਨੂੰ ਲੋੜ ਹੈ ਸੇਰ ਦੀ ਪਰ ਤੁਹਾਥੋਂ ਸਰਦਾ ਹੈ ਪਾ (ਸੇਰ ਦਾ ਚੌਥਾ ਹਿੱਸਾ) ਤਾਂ ਲੈਣ ਵਾਲਾ ਪਾ ਲੈਕੇ ਪਾ ਦਾ ਸ਼ੁਕਰ ਗੁਜ਼ਾਰ ਨਹੀਂ ਹੋਵੇਗਾ ਪਰ ਤਿੰਨ ਪਾ ਨਾ ਮਿਲ ਸਕਣ ਦਾ ਨਾ ਸ਼ੁਕਰ ਗੁਜ਼ਾਰ। ਤੁਸੀਂ ਅਚਰਜ ਹੋਸੋ ਕਿ ਨਾਲੇ ਮੈਂ ਨੇਕੀ ਕਰਦਾ ਹਾਂ, ਪਿਆਰ ਕਰਦਾ ਹਾਂ, ਨਾਲੇ ਮੈਨੂੰ ਰੰਜ ਝੱਲਣੇ ਪੈਂਦੇ ਹਨ। ਪਰ ਭਾਈ ਜੇ ਤੂੰ ਨਾਮ ਦੇ ਲੜ ਲੱਗਾ ਹੈਂ ਤਾਂ ਤੇਰਾ ਹਉਮੈ ਤੋਂ ਉਜਲ ਹੋ ਰਿਹਾ ਮਨ ਕਹੇਗਾ ਤੂੰ ਜਿੰਨਾਂ ਸਰੇ ਭਲਾ ਕਰ, ਇਹ ਗੁਰੂ ਬਾਬੇ ਦਾ ਹੁਕਮ ਜੁ ਹੋਇਆ ਗੁਰਮੁਖਿ ਨਾਮ ਦਾਨੁ ਇਸਨਾਨੁ॥ ਪਰ ਇਸ ਦਾਨ ਪਰ ਟੇਕ ਨਾ ਰੱਖ, ਨਾ ਇਸ ਦਾ ਬਦਲਾ ਚਾਹ, ਨਾ ਕੋਈ ਆਸ ਰਖ। ਤੂੰ ਨਾਮ ਜਪ, ਕਲਿਆਨ ਤੇਰੀ ਨਾਮ ਨੇ ਕਰਨੀ ਹੈ। ਏਹੋ ਤੇਰੇ ਜੀ ਦਾ ਆਧਾਰ ਹੈ, ਏਹੋ ਤੇਰੀ ਏਥੇ ਓਥੇ ਟੇਕ ਹੈ -

*ਏਕ ਓਟ ਏਕੋ ਆਧਾਰੁ॥*
*ਨਾਨਕੁ ਮਾਗੈ ਨਾਮੁ ਪ੍ਰਭ ਸਾਰੁ॥* *ਅੰਗ - 289*

ਗੁਰਮੁਖ ਦੀ ਟੇਕ ਨਾਮ ਤੇ ਹੈ, ਗੁਰਮੁਖ ਦਾ ਦਾਨ ਖਿੜੇ ਗੁਲਾਬ ਦੀ ਖੁਸ਼ਬੋ ਹੈ ਜੋ ਸੁਤੇ ਸੁਭਾਵ ਦਾਨ ਹੋ ਰਹੀ

ਹੈ, ਗੁਰਮੁਖ ਦਾ ਇਸ਼ਨਾਨ ਸਰੀਰ ਮਨ ਤੇ ਆਤਮਾਂ ਦੀ ਸ਼ੁੱਧੀ ਹੈ। ਨਾਮ ਗੁਰਮੁਖ ਦਾ ਵਾਹਿਗੁਰੂ ਨਾਲ ਸੰਬੰਧ ਹੈ, ਦਾਨ ਗੁਰਮੁਖ ਦਾ ਜਗਤ ਨਾਲ ਸੰਬੰਧ ਹੈ, ਇਸ਼ਨਾਨ ਗੁਰਮੁਖ ਦਾ ਉਸਦੇ ਆਪੇ ਨਾਲ ਸੰਬੰਧ ਹੈ। ਤ੍ਰੈਹਾ ਨਾਲ ਉਹ ਜੀਂਵਦਿਆਂ ਮੁਕਤ ਰੂਪ ਹੈ। ਇਸ ਆਦਰਸ਼ ਤੋਂ ਵਿਰਵਾ ਹੋਕੇ ਜੇ ਤੂੰ ਸੋਚਿਆ ਕਿ ਨੇਕੀ ਦੇ ਬਦਲੇ ਬਦੀ ਕਿਉਂ ਆ ਢੁੱਕੀ ਹੈ ਤੇ ਮੈਂ ਹੁਣ ਨੇਕੀ ਨਹੀਂ ਕਰਾਂਗਾ ਤਾਂ ਇਸ ਅਕਲ ਨਾਲ ਤੇਰਾ ਮਨ ਕਰੜਾ ਹੋ ਗਿਆ, ਦਇਆ ਤੋਂ ਖਾਲੀ ਤੇ ਛਿਮਾਂ ਤੋਂ ਹੀਨ ਹੋ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਹੁਕਮ ਐਉਂ ਸਗੋਂ ਲਿਖਿਆ ਹੈ –

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥***
***ਅੰਗ - 1382***

ਫਿਰ ਬੀ ਜਦ ਤੂੰ ਲੋਕਾਂ ਦੇ ਜ਼ੁਲਮ ਤੋਂ ਕਿ ਉਨ੍ਹਾਂ ਦੇ ਕੁਸੰਗ ਤੋਂ ਕਿ ਆਪਣੇ ਵਿਤੋਂ ਵਧੇਰ ਬਲ ਖਰਚ ਤੋਂ ਸਿਥਲਤਾ ਪ੍ਰਤੀਤ ਕਰੇ ਤਾਂ ਕੀਰਤਨ ਸੁਣ, ਯਾ ਇਕਾਂਤ ਹੋ, ਕੁਦਰਤ ਦੇ ਰੰਗ ਨਾਲ ਮਨ ਮੇਲ, ਕੁਦਰਤ ਦੀ ਇਕਾਂਤ ਵਿਚ ਸਾਂਈਂ ਨਾਲ ਮਿਲ, ਸਫਾ ਹੋ, ਬਲਵਾਨ ਹੋ, ਮਰ ਹੋ, ਫੇਰ ਨਿੱਤਰ। ਭਾਈ ਖਾਲਸਾ ਜੀ! ਬਹੁਤ ਉਪਦੇਸ਼ ਦਾਤੋਂ, ਬਹੁਤ ਸੁਧਾਰ ਕਰਨ ਵਾਲੇ ਜਿਨ੍ਹਾਂ ਨੂੰ ਸੁਧਾਰਦੇ ਹਨ ਉਨ੍ਹਾਂ ਦੇ ਕੁਸੰਗ ਨਾਲ ਆਪ ਉਹੋ ਜੇਹੇ ਹਉਂ ਦੇ ਸੇਵਕ, ਮਾਇਆ ਦੇ ਪ੍ਰੇਮੀ, ਦੁਜਾਇਗੀ ਦੇ ਦਾਸ ਬਣ ਜਾਂਦੇ ਹਨ। (ਠੰਢਾ ਸਾਹ ਲੈਕੇ) ਹੋ .....,

***ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥***
***ਸਾਬਤੁ ਵਸਤੁ ਓਹੁ ਅਪਨੀ ਲਹੈ॥ਅੰਗ - 182***

***ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ ਧਾਰ॥***
***ਅੰਗ - 1365***

(ਅਸਮਾਨਾਂ ਵਲ ਤੱਕਕੇ) ਹੇ ਦਾਤਾ! ਸ਼ੁਕਰ!

***ਕਰਿ ਕਿਰਪਾ ਮੋਹਿ ਸਾਰਿੰਗਪਾਣਿ॥***
***ਸੰਤਨ ਧੂਰਿ ਸਰਬ ਨਿਧਾਨ॥***
***ਸਾਬਤੁ ਪੂੰਜੀ ਸਤਿਗੁਰ ਸੰਗਿ॥***
***ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥***
***ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥***
***ਇਹ ਪੂੰਜੀ ਸਾਬਤੁ ਧਨੁ ਮਾਲੁ॥ ਅੰਗ - 182***

ਪ੍ਰੇਮੀਓ! ਮੈਂ ਅਜ ਏਕਾਂਤ ਦੀ ਮਹਿਮਾ ਕਹਿ ਰਿਹਾ ਹਾਂ! ਇਕਾਂਤ ਤੋਂ ਮਤਲਬ ਘਰਾਂ ਤੋਂ ਨੱਸ ਜਾਣਾ ਨਹੀਂ, ਅਸਲ ਏਕਾਂਤ ਜੋ ਗੁਰੂ ਬਾਬੇ ਨੇ ਦੱਸੀ ਹੈ ਇਹ ਹੈ –

***ਸੋ ਇਕਾਂਤੀ ਜਿਸੁ ਰਿਦਾ ਥਾਇ॥ ਅੰਗ - 1180***

ਬਾਣੀ ਦੇ ਪਾਠ, ਕੀਰਤਨ ਵੀਚਾਰ ਨਾਲ ਮਨ ਜਦ ਨਾਮ ਵਿਚ ਜੁੜਦਾ ਹੈ ਤਾਂ ਮਨ ਏਕਾਂਤ ਹੁੰਦਾ ਹੈ। ਜੋ ਮੈਂ ਏਕਾਂਤ ਕਹੀ ਹੈ ਉਹ ਮਨ ਦੀ ਇਸ ਜੁੜਵੀਂ ਦਸ਼ਾ ਦੀ ਰੱਖਿਆ ਲਈ ਕਹੀ ਹੈ, ਜਿਸਦੀ ਬੀ ਲੋੜ ਪੈਂਦੀ ਹੈ, ਅਰਥਾਤ ਸਫਾ ਤੇ ਨਿਰਮਲ ਆਲੇ ਦੁਆਲੇ ਵਿਚ ਜਾਣ ਦੀ ਲੋੜ। ਰਾਤ ਜਦ ਟੱਬਰ ਸੌਂ ਜਾਏ, ਉਹ ਭੀ ਏਕਾਂਤ ਹੈ। ਕੀਰਤਨ ਵਿਚ ਮਨ ਜੁੜ ਜਾਏ, ਉਹ ਬੀ ਏਕਾਂਤ ਹੈ। ਸਾਂਈਂ ਦੀ ਕੁਦਰਤ ਦੇ ਨਜ਼ਾਰਿਆਂ ਵਿਚੋਂ ਵਿਸਮਾਦ ਦੀ ਛੋਹ ਲੈਕੇ ਰਸ ਵਿਚ ਆ ਜਾਣਾ ਭੀ ਏਕਾਂਤ ਹੈ। ਭਾਈ ਸਿੰਘੋ! ਬਨਾਂ ਵਿਚ ਜਾਕੇ, ਛੇੜੂਹੀਨ ਤੀਰਥਾਂ ਤੇ ਬੈਠਕੇ, ਨਿਰਜਨ ਝਾੜੀਆਂ ਵਿਚ ਜੇਰੇ ਲਾਕੇ ਭਜਨ ਕਰਨਾ ਔਖਾ ਹੈ, ਸੰਨਯਾਸੀ ਹੋਕੇ ਘਰ ਬਾਰ ਛੱਡਣੇ ਖਰੇ ਕਠਨ ਹਨ। ਪਰ ਗੁਰੂ ਬਾਬੇ ਨੇ ਜੋ ਗ੍ਰਿਹਸਤ ਵਿਚ ਰਹਿ ਕੇ ਪਾਣੀ ਵਿਚ ਕੰਵਲ ਸਮਾਨ ਉਦਾਸ ਰਹਿਣ ਦੀ ਆਗਿਆ ਬਖਸ਼ੀ ਹੈ ਉਹ ਪਾਲਣੀ ਉਨ੍ਹਾਂ ਤੋਂ ਬੀ ਕਠਨ ਹੈ। ਬਨ ਵਿਚ ਮਨ ਉਕਤਾ ਕੇ ਮਾਨੁਖ ਦਾ ਸੰਗ ਲੋਚਦਾ ਹੈ, ਪਰ ਜੇ ਮਨ ਨੂੰ ਇਸ ਗੱਲੋਂ ਹੋੜ ਲਈਏ, ਤਾਂ ਇਸ ਹੋੜਨ ਦੀ ਹੀ ਖੇਚਲ ਹੈ ਇਕ। ਪਰ ਜਲ ਵਿਚ ਖੜੇ ਕੰਵਲ ਵਾਂਙੂੰ ਜੇ ਕਿਸੇ ਗ੍ਰਿਹਸਤੀ ਨੂੰ ਨਾਮ ਅਭਿਆਸ ਨਾਲ ਅਲੇਪਤਾ ਪ੍ਰਾਪਤ ਹੋ ਗਈ ਹੈ ਤਾਂ ਬੀ ਭਾਈ! 'ਲਹਿਰ ਪਛਾੜ' ਬੁਰੀ। ਕੁਸੰਗ ਦੇ ਘੇਰੇ ਵਿਚ ਰਹਿਕੇ ਆਪਾ ਸੁਆਰਨਾ, ਹਾਂ, ਨਾ ਕੇਵਲ ਆਪਾ ਸੁਆਰਨਾ ਸਗੋਂ ਸਾਕਾਂ ਮਿੱਤ੍ਰਾਂ ਦੇ ਨਾ ਟੁੱਟ ਸਕਣ ਵਾਲੇ ਸੰਬੰਧਾਂ ਵਿਚ ਸਭ ਨਾਲ ਵਰਤਣਾ ਤੇ ਵਰਤਣਾ ਦੁਜਾਇਗੀ ਵਾਲਿਆਂ ਨਾਲ ਦੁਜਾਇਗੀ ਛੱਡਕੇ, ਵਰਤਣਾ ਪਾਪ ਰਹਿਤ ਤਰੀਕੇ ਨਾਲ ਉਨ੍ਹਾਂ ਲੋਕਾਂ ਨਾਲ ਕਿ ਜਿਨ੍ਹਾਂ ਨੂੰ ਝੂਠ, ਕੁਸੱਤ, ਫਰੇਬ ਤੋਂ ਕਿਤੇ ਰੋਕ ਥਾਮ ਨਹੀਂ, ਕਿਤੇ ਸ਼ਰਮ ਨਹੀਂ, ਜਿਨ੍ਹਾਂ ਦਾ ਕੋਈ ਅਸੂਲ ਨਹੀਂ, ਸੌਖਾ ਕੰਮ ਨਹੀਂ ਹੈ। ਹਾਂ, ਫਿਰ ਰਾਜਾ ਤੇ ਰਾਜਾ ਦੇ ਦੂਤਾਂ ਦੇ ਮੱਲੋ ਮੱਲੀ ਦੇ ਝੇੜੇ ਗਲੇ ਆ ਪੈਂਦੇ ਹਨ। ਹਾਂ, ਆਪ ਕਮਾਉਣ ਦੇ ਤਰਦੱਦ ਤੇ ਮਿਹਨਤਾਂ ਬਾਲ ਬੱਚੇ ਇਸਤ੍ਰੀ ਮਾਤਾ ਪਿਤਾ ਸਭ ਦਾ ਫਰਜ਼, ਬੀਮਾਰੀਆਂ ਤੇ ਬੀਮਾਰ ਦਾਰੀਆਂ ਮੌਤਾਂ ਤੇ ਮਰ ਗਿਆਂ ਤੋਂ ਵਿਛੁੜਿਆਂ ਦੀਆਂ ਦਿਲਦਾਰੀਆਂ, ਗ੍ਰਿਹਸਤ ਵਿਚ ਰਹਿਕੇ ਕੌਣ ਹੈ ਜੋ ਇਨ੍ਹਾਂ ਲਹਿਰ ਪਛਾੜਾਂ ਤੋਂ ਵਿਰਵਾ ਰਹਿ ਸਕਦਾ ਹੈ। ਹਾਂ, ਇਸ ਲਹਿਰ ਪਛਾੜ ਵਿਚ ਨਿਰਲੇਪ ਰਹਿਣਾ ਕਿਵੇਂ ਹੋ ਸਕਦਾ ਹੈ ਜਦ ਤਕ ਕਿ ਨਾਮ ਦਾ ਆਧਾਰ ਅੰਦਰ ਨਾ ਹੋਵੇ। ਖਰੀ ਕਠਨਤਾ ਇਹ ਹੈ, ਕਿ ਇਹ ਲਹਿਰ ਪਛਾੜ ਨਾਮ ਅਭਿਆਸ ਤੇ ਸੱਚ ਦੇ ਜੀਵਨ ਬਸਰ ਕਰਨ ਦੇ ਯਤਨ ਵਿਚ ਭਾਰੀ ਵਿਘਨ ਪਾਉਂਦੀ ਹੈ। ਸੋ ਭਾਈ! ਗ੍ਰਿਹਸਤ ਉਦਾਸੀ ਦਾ ਮਾਰਗ ਕਠਨ ਹੈ! ਹੁਣ ਉਧਰ ਸੋਚੋ ਕਿ ਬਨ ਵਿਚ ਰਹਿਕੇ ਬਨਵਾਸੀ ਸਾਧੂ ਨੇ 'ਲਹਿਰ ਪਛਾੜ' ਕਿਸ ਦੀ ਝੱਲਣੀ ਹੈ, ਇਕ ਆਪਣੇ ਮਨ ਦੀ, ਇਕ ਭੁੱਖ ਤ੍ਰੇਹ, ਪਾਲੇ ਦੀ, ਤੇ ਸਭ ਤੋਂ ਵਡੀ ਮਾਨੁਖ ਦੇ ਦਰਸ਼ਨ ਤੋਂ ਵਿਰਵੇ ਹੋਣ ਦੀ। ਇਨ੍ਹਾਂ ਸਭਨਾਂ ਮੁਸ਼ਕਲਾਂ ਦਾ ਲਮਾਉ ਚੜਾਉ ਆਪੇ ਤੇ ਹੀ ਮੁੱਕ ਜਾਂਦਾ ਹੈ, ਓਥੇ ਉਪਕਾਰ ਕਿਸ ਤੇ ਕਰਨਾ ਹੈ। ਪਰ ਗ੍ਰਿਹਸਤ ਵਿਚ ਜੋ ਨਾਮੀ ਪੁਰਖ ਬੈਠਾ ਹੈ ਓਹ ਪਰਵਾਰ

(ਬਾਕੀ ਪੰਨਾ 63 ਤੇ)

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਸ਼ਲੋਕ ਚੌਥਾ

ਇਹ ਸਤ ਨਾਮ ਹਨ ਅਗਨੀ ਦੇ : ਕਾਲੀ, ਕਰਾਲੀ, ਮੋਨਜਵਾ ਸੁਨੰਹਿਤ, ਸੁਧਮਰਵਰਨਾ, ਸਫਲਿੰਲੰਗਨੀ ਤੇ ਵਿਸ਼ਵਰੁਸੀ। ਇਹ ਸੱਤ ਲਪਟਾਂ ਅਗਨੀ ਦੀਆਂ ਸੱਤ ਜੀਭਾਂ ਹਨ।

ਇਹ ਇਕ ਬੜੀ ਵਚਿੱਤਰ ਗੱਲ ਹੈ ਕਿ ਵੈਦਕ ਰਿਸ਼ੀਆਂ ਨੇ ਕੇਵਲ ਸੱਤ ਰੰਗ ਦੇਖੇ ਹੀ ਨਹੀਂ, ਉਨ੍ਹਾਂ ਨੂੰ ਸੱਤਾਂ ਰੱਗਾਂ ਦਾ ਪੂਰਨ ਗਿਆਨ ਤੇ ਨਾਲ ਹੀ ਮੂਲ ਸੁਰਾਂ ਦਾ ਵੀ ਗਿਆਨ ਸੀ ਜਿਹੜੇ ਸੰਗੀਤ ਵਿਚ ਵਰਤੇ ਜਾਂਦੇ ਹਨ, ਇਹ ਮੂਲ ਸੁਰ ਕੇਵਲ ਭਾਰਤ ਵਿਚ ਹੀ ਨਹੀਂ ਸਾਰੇ ਸੰਸਾਰ ਵਿਚ ਵਰਤੇ ਜਾਂਦੇ ਹਨ। ਸਤ ਰੰਗ ਵੀ ਮੂਲ ਰੰਗ ਹਨ ਇਨ੍ਹਾਂ ਨੂੰ ਇਕ ਦੂਸਰੇ ਵਿਚ ਮਿਲਾ ਕੇ ਹੋਰ ਰੰਗ ਬਣਾਏ ਜਾਂਦੇ ਹਨ, ਬਹੁਤ ਸਾਰੇ ਰੰਗ ਇਕ ਦੂਸਰੇ ਰੰਗ ਨੂੰ ਮਿਲਾ ਕੇ ਬਣਾਏ ਜਾਂਦੇ ਹਨ। ਉਪਰ ਦਿਤੇ ਸ਼ਲੋਕ ਵਿਚ ਸੱਤਾਂ ਰੰਗਾਂ ਦੇ ਨਾਮ ਦਿਤੇ ਗਏ ਹਨ, ਤੇ ਨਾਲ ਸੱਤਾਂ ਜੋਤਾਂ ਦੇ ਨਾਮ ਹਨ ਸੱਤ ਲਾਟਾਂ ਦੇ ਨਾਮ ਹਨ, ਉਹ ਜੋਤਾਂ ਉਹ ਲਾਟਾਂ ਜਿਹੜੀਆਂ ਕਿ ਰੀਤਿ ਕਰਦਿਆਂ ਉਠਦੀਆਂ ਹਨ, ਇਹ ਉਹ ਲਾਟਾਂ ਹੁੰਦੀਆਂ ਹਨ ਜਿਹੜੀਆਂ ਉਦੋਂ ਉਠਦੀਆਂ ਹਨ ਜਦੋਂ ਅਗਨੀ ਭੇਂਟ ਕੀਤੀ ਜਾਂਦੀ ਹੈ।

ਯੋਗੀ ਕਹਿੰਦੇ ਹਨ ਜਦੋਂ ਮਨੁੱਖ ਦੀ ਮੁਢਲੀ ਅਗਨੀ ਜਿਸ ਨੂੰ ਕੁੰਡਲਨੀ ਕਹਿੰਦੇ ਹਨ ਜਦੋਂ ਉਹ ਜਾਗਰਣ ਹੁੰਦੀ ਹੈ ਉਹ ਇਕ ਸਰੱਪ ਅਗਨੀ ਦੀ ਤਰ੍ਹਾਂ ਹੈ, ਉਸ ਦੇ ਜਾਗਰਣ ਹੋਣ ਨਾਲ ਤੁਸੀਂ ਸੱਤ ਲਾਟਾਂ ਦੇਖ ਸਕਦੇ ਹੋ। ਸ਼ਲੋਕ ਵਿਚ ਦਸਿਆ ਗਿਆ ਹੈ ਕਿ ਲਾਟਾਂ ਬਿਲਕੁਲ ਸਾਫ ਹੋਣੀਆਂ ਚਾਹੀਦੀਆਂ ਹਨ, ਅਗਨੀ ਵਿਚ ਕਿਸੇ ਪ੍ਰਕਾਰ ਦਾ ਧੂੰਆਂ ਨਹੀਂ ਹੋਣਾ ਚਾਹੀਦਾ। ਜਦੋਂ ਤਕ ਕੁੰਡਲਨੀ ਪੂਰੀ ਤਰ੍ਹਾਂ ਜਾਗਰਣ ਨਾ ਹੋ ਜਾਵੇ ਕੋਈ ਵੀ ਪੂਜਾ ਨਹੀਂ ਕਰਨੀ ਚਾਹੀਦੀ। ਸਾਡੀ ਰੀੜ ਦੀ ਹੱਡੀ ਦੇ ਥੱਲੇ ਇਕ ਛੇਕ ਹੈ ਜਿਸ ਨੂੰ ਕੁੰਡਾ ਕਹਿੰਦੇ ਹਨ ਇਸ ਕੁੰਡੇ ਦੇ ਅੰਦਰ ਹੀ ਕੁੰਡਲਨੀ ਦਾ ਵਾਸ ਹੈ।

ਸਾਧਾਰਨ ਤੌਰ ਤੇ ਕੁੰਡਲਨੀ ਸੁਤੀ ਹੁੰਦੀ ਹੈ, ਮੰਤਰ ਉਚਾਰਣ ਨਾਲ ਅਗਨੀ ਦੇ ਉਪਰੋਂ ਸੁਆਹ ਉਡ ਜਾਂਦੀ ਹੈ ਤੇ ਅਗਨੀ ਜਲ ਪੈਂਦੀ ਹੈ। ਜਿਹੜੇ ਅੰਤਰਮੁਖੀ ਹੋ ਕੇ ਪੂਜਾ ਕਰਦੇ ਹਨ, ਜਿਹੜੇ ਸੱਤ ਜੀਭਾਂ ਦੇਖ ਸਕਦੇ ਹਨ, ਉਨ੍ਹਾਂ ਦਾ ਅਨੁਭਵ ਕਰ ਸਕਦੇ ਹਨ। ਇਸ ਅਨੁਭਵ ਤੋਂ ਬਾਅਦ ਉਹ ਅਨੁਭਵ ਨਾਲ ਉਹ ਮਨੁੱਖੀ ਮੁਢਲੀ ਅਗਨੀ ਨੂੰ ਜਾਗਰਣ ਕਰ ਸਕਦੇ ਹਨ ਭਾਵ ਉਨ੍ਹਾਂ ਦੀ ਕੁੰਡਲਨੀ ਜਾਗਰਣ ਹੋ ਜਾਂਦੀ ਹੈ। ਇਹ ਸਤ ਜੀਭਾਂ ਅਹੂਤੀਆਂ ਨੂੰ ਪਰਵਾਨ ਕਰਦੀਆਂ ਹਨ ਭਾਵ ਜੋ ਵੀ ਅਗਨੀ ਭੇਟਾ ਕੀਤੀ ਜਾਂਦੀ ਹੈ ਉਹ ਇਹ ਸਤ ਜੀਭਾ ਪ੍ਰਵਾਨ ਕਰਦੀਆਂ ਹਨ। ਇਸ ਤੋਂ ਭਾਵ ਹੈ ਕਿ ਸਾਰੇ ਅਵਗੁਣ ਸਾਰੇ ਸੰਸਕਾਰ ਅਗਨੀ ਵਿਚ ਸੜ ਕੇ ਸੁਆਹ ਹੋ ਜਾਂਦੇ ਹਨ, ਉਸ ਅਗਨੀ ਵਿਚ ਜੇਹੜੀ ਕੁੰਡਲਨੀ ਵਿਚੋਂ ਉਠਦੀ ਹੈ, ਜਦੋਂ ਕੁੰਡਲਨੀ ਜਾਗਰਣ ਹੋ ਜਾਂਦੀ ਹੈ।

## ਸ਼ਲੋਕ ਪੰਜਵਾਂ

ਸੂਰਜ ਦੀਆਂ ਕਿਰਨਾਂ ਦੀ ਰੋਸ਼ਨੀ ਜਗਿਆਸੂ ਦਾ ਮਾਰਗ ਦਰਸ਼ਨ ਕਰਦੀ ਹੈ, ਉਸ ਜਗਿਆਸੂ ਦਾ ਜਿਹੜਾ ਠੀਕ ਸਮੇਂ ਅਗਨੀ ਭੇਟਾ ਕਰਦਾ ਹੈ, ਠੀਕ ਸਮੇਂ ਵਿਧੀ ਅਨੁਸਾਰ ਕੀਤੀ ਗਈ ਭੇਟਾ ਜਗਿਆਸੂ ਨੂੰ ਉਚਤਮ, ਇਕ ਸਮਰੱਥ ਪੁਰਖ ਬਣਾ ਦਿੰਦੀ ਹੈ.

ਇਹ ਸ਼ਲੋਕ, ਅਗਨੀ ਦੀ ਰਸਮ ਕਰਨ ਲਈ ਇਕ ਮਾਰਗ ਦਰਸ਼ਕ ਹੈ, ਵਿਸ਼ੇਸ਼ ਕਰਕੇ ਗ੍ਰਹਿਸਤੀਆਂ ਲਈ ਜਿਹੜੇ ਤਿਆਗੀ ਨਹੀਂ ਹਨ, ਇਹ ਅੰਤਰ ਮੁਖੀ ਯੋਗੀ ਪੂਜਾ, ਅਭਿਆਸ ਨੂੰ ਨਹੀਂ ਸਮਝਦੇ ਉਸ ਦੀ ਮਹੱਤਤਾ ਨਹੀਂ ਜਾਣਦੇ। ਅਗਨੀ ਦੀ ਰਸਮ ਬੜੀ ਹੀ ਵਿਧੀ ਪੂਰਵਕ ਕਰਨੀ ਚਾਹੀਦੀ ਹੈ, ਪੂਰੇ ਤਰੀਕੇ ਨਾਲ ਜਿਸ ਤਰ੍ਹਾਂ ਦੇ ਨੀਯਮ ਨਾਲ ਵੇਦਾਂ ਵਿਚ ਦਿਤੀ ਗਈ ਹੈ ਉਸੇ ਤਰ੍ਹਾਂ ਹੀ ਕਰਨੀ ਚਾਹੀਦੀ ਹੈ, ਅਹੂਤੀਆਂ, ਭੇਟਾ, ਜੋ ਵੀ ਅਰਪਤ ਕਰਨਾ ਹੋਵੇ, ਉਹ ਉਦੋਂ ਹੀ ਕਰਨਾ ਚਾਹੀਦਾ ਹੈ ਜਦੋਂ ਲਾਟਾਂ ਪੂਰੀਆਂ ਜੋਬਨ ਤੇ ਹੋਣ। ਅਗਨੀ ਦੀ ਪੂਜਾ ਇਸ ਪ੍ਰਕਾਰ ਜਦੋਂ ਕੀਤੀ ਜਾਂਦੀ ਹੈ, ਇਸ ਤੋਂ ਭਾਵ ਹੁੰਦਾ ਹੈ 'ਅਗਨੀ ਦੇ ਮਾਰਗ ਤੇ ਤੁਰਨਾ।"

ਘਿਓ ਦੀ ਅਹੂਤੀ ਪਾਈ ਜਾਂਦੀ ਹੈ ਜਿਸ ਤੋਂ ਭਾਵ ਹੈ ਕਿ ਅਗਨੀ ਨੂੰ ਪ੍ਰਜ੍ਵਲਤ ਕਰਕੇ ਪੂਰੀ ਤਰ੍ਹਾਂ ਲਾਟਾਂ ਬਾਲ ਕੇ ਤਿਆਰ ਕੀਤਾ ਜਾਵੇ ਤੇ ਜਗਿਆਸੂ ਨੂੰ ਆਪਣਾ ਜੀਵਨ ਵੀ ਬਿਲਕੁਲ ਇਸ ਤਰ੍ਹਾਂ ਹੀ ਜੀਣਾ ਚਾਹੀਦਾ ਹੈ ਤੇ ਮਰਦੇ ਦਮ ਤਕ ਭਰਪੂਰ ਤਰੀਕੇ ਨਾਲ ਪੂਰੀ ਦਗਦੀ ਅਗਨੀ ਦੀ ਤਰ੍ਹਾਂ ਹੀ ਰਹਿਣਾ ਚਾਹੀਦਾ ਹੈ। ਅਸੀਂ ਜਾਣੂ

ਹਾਂ ਕਿ ਘਿਓ ਬਨਾਣ ਦਾ ਕੀ ਤਰੀਕਾ ਹੈ ਕਿਵੇਂ ਦਹੀਂ ਨੂੰ ਰਿੜਕਿਆ ਜਾਂਦਾ ਹੈ ਤੇ ਫੇਰ ਮੱਖਣ ਨੂੰ ਅੱਗ ਉਤੇ ਤਾਇਆ ਜਾਂਦਾ ਹੈ। ਦੁੱਧ ਨੂੰ ਮੱਖਣ ਤੇ ਫੇਰ ਘਿਓ ਬਨਣ ਲਈ ਕਿਨ੍ਹਾਂ ਅਵਸਥਾ ਤੋਂ ਲੰਘਣਾ ਪੈਂਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਜਦੋਂ ਮਨੁੱਖ ਆਪਾ ਚੀਨਦਾ ਹੈ, ਇਕ ਮਨ ਇਕ ਬਿੰਦੂ ਤੇ ਕੇਂਦਰਤ ਹੋ ਕੇ ਉਹ ਬ੍ਰਹਮ ਦੀ ਪ੍ਰਾਪਤੀ ਕਰ ਲੈਂਦਾ ਹੈ। ਮੱਖਣ ਪ੍ਰਤੀਕ ਹੈ ਇਕ ਬਿੰਦੂ ਤੇ ਕੇਂਦਰਤ ਹੋਣ ਦਾ, ਨਿਰਧਾਰਤ ਹੋਣਾ ਦਾ, ਦ੍ਰਿੜ੍ਹ ਹੋਣ ਦਾ।

ਏਥੇ ਇਕ ਹੋਰ ਗੱਲ ਧਿਆਨ ਯੋਗ ਹੈ ਜਦੋਂ ਤਕ ਧੂਆਂ ਹੈ ਅਗਨੀ ਪੂਰੀ ਤਰ੍ਹਾਂ ਲਾਟਾਂ ਨਹੀਂ ਦੇ ਸਕਦੀ, ਅਹੂਤੀਆਂ, ਭੇਟਾਵਾਂ ਨਹੀਂ ਪਾਈਆਂ ਜਾ ਸਕਦੀਆਂ। ਇਸ ਤੋਂ ਭਾਵ ਹੈ ਕਿ ਜਗਿਆਸੂ ਨੂੰ ਇਹੋ ਜਿਹਾ ਜੀਵਨ ਜੀਣਾ ਚਾਹੀਦਾ ਹੈ ਜਿਹੜਾ ਚਾਨਣ ਮੁਨਾਰਾ ਬਣੇ, ਜਗਿਆਸੂ ਦਾ ਜੀਵਨ ਧੂੰਏ ਵਾਲਾ ਨਹੀਂ, ਪ੍ਰਕਾਸ਼ਮਈ ਜੀਵਨ ਹੋਣਾ ਚਾਹੀਦਾ ਹੈ।

ਵਾਸਤਵ ਵਿਚ ਦੋ ਹੀ ਮਾਰਗ ਹਨ, ਸ਼ੁਭ ਮਾਰਗ ਚੰਗਿਆਈ ਦਾ ਮਾਰਗ, ਬਦੀ ਦਾ, ਬੁਰਾਈ ਦਾ ਮਾਰਗ। ਚਾਨਣ ਦਾ ਮਾਰਗ ਭਾਵ ਗਿਆਨ ਮਾਰਗ ਹਨ੍ਹੇਰੇ ਦਾ ਮਾਰਗ ਭਾਵ ਅਗਿਆਨ ਦਾ ਮਾਰਗ। ਜਿਹੜੇ ਚੰਗਿਆਈ ਦੇ ਮਾਰਗ ਤੇ ਚਲਦੇ ਹਨ ਭਾਵ ਗਿਆਨ ਦੇ ਮਾਰਗ ਤੇ ਚਲਦੇ ਹਨ, ਉਹ ਸੰਸਾਰ ਦੇ ਪੱਖੋਂ ਵਸਤੂ ਵਿਸ਼ੇ ਵਿਚ ਕਾਮਯਾਬ ਹੁੰਦੇ ਹਨ, ਜਿਹੜੇ ਹਨ੍ਹੇਰੇ ਦੇ ਮਾਰਗ ਤੇ ਚਲਦੇ ਹਨ ਉਹ ਆਪਣੇ ਹੀ ਅਗਿਆਨ ਦੇ ਸ਼ਿਕਾਰ ਬਣਦੇ ਹਨ ਉਹ ਦੁਖੀ ਰਹਿੰਦੇ ਹਨ। ਇਸ ਸ਼ਲੋਕ ਵਿਚ ਸਾਨੂੰ ਇਹ ਵੀ ਦੱਸਿਆ ਹੈ ਕਿ ਸੰਸਾਰ ਵਿਚ ਰਹਿੰਦਿਆਂ ਸਾਨੂੰ ਵਿਵੇਕ ਸਿੱਖਣ ਦੀ ਲੋੜ ਹੈ, ਸਾਨੂੰ ਜਾਨਣ ਦੀ ਲੋੜ ਹੈ ਕਿ ਖੁਸ਼ੀ ਦੇ ਮਾਰਗ ਤੇ ਚੰਗੇ ਮਾਰਗ ਵਿਚ ਕੀ ਭੇਦ ਹੈ, ਜਿਹੜਾ ਸੋਹਣਾ ਮਾਰਗ ਹੈ, ਸੁਹਾਵਣਾ ਹੈ ਇਹ ਜ਼ਰੂਰੀ ਨਹੀਂ ਕਿ ਉਹ ਚੰਗਾ ਵੀ ਹੋਵੇ। ਜਿਹੜਾ ਚੰਗਾ ਹੋਵੇ ਇਹ ਜ਼ਰੂਰੀ ਨਹੀਂ ਕਿ ਉਹ ਸੁਹਾਵਣਾ ਵੀ ਹੋਵੇ। ਜਦੋਂ ਜਗਿਆਸੂ ਆਪਣੇ ਨਿਸ਼ਾਨੇ ਤੋਂ ਚੰਗੀ ਤਰ੍ਹਾਂ ਜਾਣੂ ਹੋਵੇ ਸੁਚੇਤ ਹੋਵੇ, ਉਹ ਸਦਾ ਚੰਗਿਆਈ ਦਾ ਮਾਰਗ ਹੀ ਚੁਣੇਗਾ, ਚੰਗਿਆਈ ਦੇ ਮਾਰਗ ਦੀ ਚੋਣ, ਅਧਿਆਤਮਕ ਮਾਰਗ ਦੀ ਪੌੜੀ ਤੇ ਪਹਿਲਾ ਡੰਡਾ ਹੈ। ਇਸ ਡੰਡੇ ਤੇ ਚੜ੍ਹ ਕੇ ਜਗਿਆਸੂ ਅੱਗੇ ਤੁਰਨ ਲਈ ਤਿਆਰ ਹੋ ਜਾਂਦਾ ਹੈ। ਉਸਨੂੰ ਅਗਲੀਆਂ ਵਿਮਾਵਾਂ ਦਾ ਪਤਾ ਲਗ ਜਾਂਦਾ ਹੈ।

ਸ਼ਲੋਕ ਵਿਚ ਦਸਿਆ ਹੈ ਕਿ ਅਛਾਈ ਦੇ ਰਾਹ ਤੇ ਚਲਕੇ ਜਗਿਆਸੂ ਸੂਰਜ ਦੀ ਅਗਨੀ ਤਕ ਪਹੁੰਚ ਜਾਂਦਾ ਹੈ। ਸਾਡੀ ਸੂਰਜ ਪ੍ਰਣਾਲੀ ਵਿਚ ਇਕ ਹੀ ਸੂਰਜ ਹੈ, ਉਸ ਤਰ੍ਹਾਂ ਤਾਂ ਵਿਸ਼ਵ ਵਿਚ ਹਜ਼ਾਰਾਂ ਸੂਰਜ ਹਨ, ਚਮਕਦਾ ਸੂਰਜ ਸਾਡੇ ਲਈ ਇਕ ਉਦਾਹਰਣ ਹੈ, ਸਾਨੂੰ ਇਸ ਉਦਾਹਰਣ ਤੋਂ ਸਿਖਣਾ ਚਾਹੀਦਾ ਹੈ, ਸੂਰਜ ਚਮਕਦਾ ਹੈ ਪਰ ਵਖਰਾ ਰਹਿੰਦਾ ਹੈ ਉਪਰ ਹੈ ਪਰੇ ਹੈ। ਜਗਿਆਸੂ ਨੂੰ ਚੰਗਾ ਹੀ ਕਰਨਾ ਚਾਹੀਦਾ ਹੈ, ਸੁਆਰਥਹੀਣ ਕਰਮ ਕਰਨੇ ਚਾਹੀਦੇ ਹਨ ਸੰਸਾਰ ਵਿਚ ਮੋਹ ਰਹਿਤ ਹੋ ਕੇ ਰਹਿਣਾ ਚਾਹੀਦਾ ਹੈ, ਤੇ ਕਿਸੇ ਕੋਲੋਂ ਪ੍ਰਭਾਵਿਤ ਵੀ ਨਹੀਂ ਹੋਣਾ ਚਾਹੀਦਾ, ਇਸ ਤਰ੍ਹਾਂ ਕਰਨ ਨਾਲ ਉਹ ਸੁਤੰਤਰ ਹੋ ਜਾਵੇਗਾ ਤੇ ਕਰਮਾਂ ਦੇ ਬੰਧਨ ਤੋਂ ਛੁਟ ਜਾਵੇਗਾ।

ਈਸ਼ ਉਪਨਿਸ਼ਟ ਦਾ ਅਠਾਰਵਾਂ ਮੰਤਰ ਇਸ ਦੀ ਵਿਆਖਿਆ ਕਰਦਾ ਹੈ ਉਸ ਵਿਚ ਇਸ ਤਰ੍ਹਾਂ ਲਿਖਿਆ ਹੈ, ਹੇ ਅਗਨੀ ਮੈਨੂੰ ਚੰਗੇ ਮਾਰਗ ਤੇ ਪਾ ਤੇ ਮੈਨੂੰ ਮੇਰੇ ਕਰਮਾਂ ਦੇ ਚੰਗੇ ਫਲ ਦੇ।"

## ਸ਼ਲੋਕ ਛੇਵਾਂ

ਤੇਜਮਈ, ਪ੍ਰਕਾਸ਼ਵਾਨ, ਅਹੂਤੀਆਂ, ਜਗਿਆਸੂ ਨੂੰ ਯੱਗ ਕਰਨ ਵਾਲੇ ਨੂੰ ਕਹਿੰਦੀਆਂ ਹਨ, "ਆ ਤੂੰ ਆ, ਐਥੇ ਆ, ਹੋਰ ਉਚੇ ਚਲ, ਹੋਰ ਉਚੇ ਚਲ" ਇਸ ਤਰ੍ਹਾਂ ਨਾਲ ਉਹ ਸੂਰਜ ਦੀਆਂ ਕਿਰਨਾਂ ਵਿਚ ਲੈ ਜਾਂਦੇ ਹਨ, ਉਸ ਦਾ ਸਤਿਕਾਰ ਕਰਦੀਆਂ ਹਨ, ਉਸ ਨੂੰ ਪ੍ਰਣਾਮ ਕਰਦੀਆਂ ਹਨ ਬੜੀ ਪ੍ਰਸੰਨਤਾ ਤੇ ਸੁਖਾਵੀ ਤਰ੍ਹਾਂ ਨਾਲ ਉਸ ਨੂੰ ਲੈ ਜਾਂਦੀਆਂ ਹਨ। ਇਹ ਬ੍ਰਹਮਾ ਦਾ ਪਵਿੱਤਰ ਪਾਵਨ ਸਵਰਗ ਹੈ। ਇਹ ਤੁਸੀਂ ਆਪਣੇ ਗੁਣਾਂ ਸਦਕਾ ਪ੍ਰਾਪਤ ਕੀਤਾ ਹੈ।

ਸਾਰੇ ਚੰਗੇ ਕਰਮ ਤੇਜਮਈ ਪ੍ਰਕਾਸ਼ਵਾਨ ਹੀ ਹੁੰਦੇ ਹਨ, ਮਾੜੇ ਕਰਮ ਸਾਰੇ ਹੀ ਹਨ੍ਹੇਰੇ ਭਰੇ ਹੁੰਦੇ ਹਨ। ਅਗਨੀ ਦੀ ਰੀਤਿ ਜਦੋਂ ਵਿਧੀ ਪੂਰਵਕ ਕੀਤੀ ਜਾਂਦੀ ਹੈ, ਇਹ ਸਭ ਤੋਂ ਉਚਤਮ ਹੁੰਦੀ ਹੈ, ਉਨ੍ਹਾਂ ਸਭ ਤੋਂ ਉਚਤਮ ਹੈ ਜਿਹੜੀ ਰੀਤੀਆਂ ਕੇਵਲ ਆਪਣੇ ਸੁਆਰਥ ਲਈ ਹੀ ਕੀਤੀਆਂ ਜਾਂਦੀਆਂ ਹਨ। ਆਪਣੇ ਸੁਆਰਥ ਲਈ ਕੀਤੇ ਕਰਮਕਾਂਡ ਹੋਰ ਵਧੇਰੇ ਹਨ੍ਹੇਰੇ ਵਿਚ ਧੱਕ ਦਿੰਦੇ ਹਨ, ਅਣਜਾਣ ਬਹੁਤ ਵਾਰੀ ਇਹ ਨਹੀਂ ਜਾਣਦੇ।

ਇਸ ਸਲੋਕ ਵਿਚ, "ਤੇਜਮਈ, ਪ੍ਰਕਾਸ਼ਵਾਨ, ਅਹੂਤੀਆਂ ਤੋਂ ਭਾਵ ਹੈ, ਕਿ ਯੱਗ ਕਰਦੇ ਸਮੇਂ ਸ਼ੁਭ ਵਿਚਾਰ, ਭਾਵਨਾਵਾਂ ਤੇ ਕਰਮ, ਸ਼ਾਂਤ ਹੋਣ ਤੇ ਅਨੰਦਮਈ ਹੋਣ। ਜਦੋਂ ਤੁਸੀਂ ਅੰਤਰਮਈ ਪ੍ਰਸੰਨ ਚਿੱਤ ਹੁੰਦੇ ਹੋ, ਤੁਸੀਂ ਆਤਮ ਮਾਰਗ ਦੀਆਂ ਉਚੀਆਂ ਉਡਾਰੀਆਂ ਮਾਰਨ ਲਈ ਪ੍ਰੇਰਤ ਹੁੰਦੇ ਹੋ ਤੇ ਅਧਿਆਤਵਾਦ ਦੀਆਂ ਅਗਲੀਆਂ ਪੌੜੀਆਂ ਚੜ੍ਹਦੇ ਹੋ।

ਜੀਵ-ਆਤਮਾ, ਜੋ ਕਿ ਮਨੁੱਖ ਦੀ ਆਤਮਾ ਹੈ, ਉਹ ਇਕ ਸੂਰਜ ਦੀ ਤਰ੍ਹਾਂ ਹੈ ਜੀਵਨ ਦਾ ਸੂਰਜ ਹੈ। ਇਹੋ ਜਿਹਾ ਮਨੁੱਖ ਜਿਸ ਵਿਚ ਅੰਤਰ ਵਿਚਾਰ, ਭਾਵਨਾਵਾਂ ਤੇ

ਕਰਮ ਅੰਦਰ ਚਲਦੇ ਰਹਿੰਦੇ ਹਨ ਉਹ ਜਗਿਆਸੂ ਦੇਵ ਤੋਂ ਪ੍ਰੇਰਤ ਹੁੰਦਾ ਹੈ।

ਚੰਗੇ ਕਰਮ ਮਨੁੱਖ ਨੂੰ ਸਵਰਗ ਰੂਪੀ ਅਨੰਦ ਦੇਂਦੇ ਹਨ, ਸਭ ਤੋਂ ਉਤਮ ਸਵਰਗ ਹੈ ਬ੍ਰਹਮ ਲੋਕ ਭਾਵ ਬ੍ਰਹਮਾ ਦਾ ਸਵਰਗ, ਇਹ ਸਵਰਗ ਵਧੇਰੇ ਸਮੇਂ ਲਈ ਰਹਿੰਦਾ ਹੈ ਇਸ ਦਾ ਸਮਾਂ ਦੂਸਰੇ ਸਵਰਗ ਨਾਲੋਂ ਵੱਧ ਹੈ।

ਚੰਗੇ ਕਰਮ ਜਗਿਆਸੂ ਨੂੰ ਬ੍ਰਹਮ ਲੋਕ ਤਕ ਪਹੁੰਚਾ ਦਿੰਦੇ ਹਨ, ਜਿਹੜਾ ਕਿ ਉਤਮ ਸਵਰਗ ਹੈ, ਪਰ ਬ੍ਰਹਮ ਲੋਕ ਕੋਲ ਕੋਈ ਇਹੋ ਜਿਹੀ ਸ਼ਕਤੀ ਨਹੀਂ ਹੈ ਕਿ ਉਹ ਮੁਕਤੀ ਦਾ ਪ੍ਰਸਾਦ ਦੇ ਸਕੇ। ਸਵਰਗ ਤੋਂ ਇਹ ਭਾਵ ਬਿਲਕੁਲ ਨਹੀਂ ਹੈ ਕਿਮਨੁੱਖ ਦੀ ਆਤਮਾ ਦਾ ਮੇਲ ਜੀਵ ਆਤਮਾ ਦਾ ਮੇਲ, ਪ੍ਰਮਾਤਮਾ ਨਾਲ ਹੋ ਜਾਵੇ ਬ੍ਰਹਮਾ ਨਾਲ ਹੋ ਜਾਵੇ।

ਸਭ ਤੋਂ ਵੱਡਾ ਫਲ, ਇਨਾਮ ਜਿਹੜਾ ਪੂਜਾ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ, ਵਿਸ਼ੇਸ਼ ਕਰਕੇ ਅਗਿਆਨੀ ਲੋਕ ਉਹ ਏਥੇ ਦਸਿਆ ਗਿਆ ਹੈ। ਵਾਸਤਵ ਵਿਚ ਏਹੋ ਜਿਹੀ ਪੂਜਾ ਦਾ ਕਾਰਣ ਅਵਿਦਿਆ ਹੈ ਜਾਂ ਕਹਿ ਲਓ ਕਿ ਅਗਿਆਨ ਹੈ। ਅਸਲੀ ਗਿਆਨ ਤੋਂ ਵਾਂਝੇ ਰਹਿ ਕੇ ਜਗਿਆਸੂ ਸੰਸਾਰਕ ਪ੍ਰਾਪਤੀਆਂ ਵਿਚ ਪੈ ਜਾਂਦਾ ਹੈ। ਇਸ ਨਾਲ ਜਗਿਆਸੂ ਆਵਾਗੌਣ ਦੇ ਚੱਕਰ ਵਿਚ ਹੀ ਫਸਿਆ ਰਹਿੰਦਾ ਹੈ ਤੇ ਜਨਮ ਮਰਣ ਦੇ ਚੱਕਰ ਤੋਂ ਛੁਟਕਾਰਾ ਨਹੀਂ ਪਾ ਸਕਦਾ।

ਸੰਸਾਰਕ ਪਦਾਰਥਾਂ ਦੀ ਇੱਛਾ, ਇੱਛਾ ਪੂਰਤੀ ਨਾਲ ਖੁਸ਼ੀ ਪ੍ਰਾਪਤ ਕਰਨੀ, ਇਛਾਵਾਂ ਰੱਖਣੀਆਂ ਇਹ ਸਭ ਕੁਝ ਨਾਲ ਜਗਿਆਸੂ, ਮੁੜ ਮੁੜ ਕੇ ਜੰਮਦਾ ਤੇ ਮਰਦਾ ਰਹਿੰਦਾ ਹੈ। ਇਸ ਕਰਕੇ, ਚੰਗੇ ਕਰਮ ਵੀ ਨਖਿਦ ਹਨ ਕਿਉਂਕਿ ਇਹ ਤੁਹਾਨੂੰ ਫਲ ਪ੍ਰਾਪਤੀ ਦੇ ਬੰਧਨ ਵਿਚ ਪਾਉਂਦੇ ਹਨ ਤੇ ਸ਼ੁਧ ਚਾਨਣ ਤੇ ਆਨੰਦ ਜਿਹੜਾ ਅਧਿਆਤਮ ਗਿਆਨ, ਬ੍ਰਹਮ ਗਿਆਨ ਨਾਲ ਪ੍ਰਾਪਤ ਹੁੰਦਾ ਹੈ ਉਹ ਹੀ ਸਭ ਤੋਂ ਉਤਮ ਹੈ। ਬ੍ਰਹਮਗਿਆਨ ਹੀ ਤੁਹਾਨੂੰ ਚਾਨਣ ਤੇ ਅਨੰਦ ਪਰਦਾਨ ਕਰ ਸਕਦਾ ਹੈ।

## ਸਲੋਕ ਸੱਤਵਾਂ

ਅਠਾਰ੍ਹਾਂ ਤੱਤਾਂ ਦਾ ਸੰਘਟਕ ਇਹ ਜੀਵਨ ਦਾ ਬੇੜਾ। (ਪੰਜ ਤੱਤ, ਦੱਸ ਇੰਦ੍ਰੀਆਂ, ਮਨ, ਚਿਤ ਤੇ ਬੁਧੀ) ਇਹ ਅਹੂਤੀਆਂ ਦਾ ਬਲੀਦਾਨ ਕਰਨ ਦਾ ਸਾਧਨ ਹੈ, ਇਹ ਸਰੀਰ ਕੋਈ ਬਹੁਤ ਸੁਰਖਿਅਤ ਤਰੀਕੇ ਨਾਲ ਕਿਸੇ ਸਹਾਰੇ ਨਾਲ ਕਿਸੇ ਲੰਗਰ ਨਾਲ ਬੰਨ੍ਹਿਆ ਨਹੀਂ ਹੋਇਆ ਜਿਸ ਕਾਰਣ ਇਹ ਡਾਵਾਂਡੋਲ ਹੀ ਰਹਿੰਦਾ ਹੈ।

ਮਨੁੱਖ ਦਾ ਸਰੀਰ ਇਕ ਬੇੜੇ ਦੀ ਭਾਂਤੀ ਹੈ, ਦੋ ਪ੍ਰਾਣ ਇਸ ਦੇ ਚਪੂ ਹਨ ਮਨ ਇਕ ਸਹਾਰਾ ਹੈ, ਬੰਨ੍ਹ ਕੇ ਰੱਖਣ ਵਾਲਾ ਹੈ। ਜੇ ਇਹ ਸਾਰੇ ਹੀ ਠੀਕ ਹੋਣ ਸਵਸਥ ਹੋਣ ਤਾਂ ਸਰੀਰ ਰੂਪੀ ਬੇੜੀ ਇਕ ਕੰਡੇ ਤੋਂ ਤੈਰ ਕੇ ਦੂਸਰੇ ਸੰਸਕਾਰਾਂ ਦੇ ਕੰਢੇ ਪਹੁੰਚ ਜਾਂਦੀ ਹੈ। ਅਗਨੀ ਹੋਤਰੀ ਕਰਨ ਵਾਲਿਆਂ ਦੀ ਤੁਲਨਾ ਅਠਾਹਰਾਂ ਪੁਜਾਰੀਆਂ ਨਾਲ ਕੀਤੀ ਗਈ ਹੈ। ਇਹ ਯੱਗ ਜੀਵਨ ਨਗਰੀ ਵਿਚ ਕੀਤਾ ਜਾਂਦਾ ਹੈ ਇਸ ਨੂੰ ਕਰਨ ਵਿਚ ਆਤਮਾ ਤੇ ਜੀਵਨ ਅਰਧਾਂਗਨੀ ਸ਼ਰੀਕ ਹੁੰਦੇ ਹਨ ਜੋ ਕਿ ਉਚ ਬੁੱਧੀ ਦਾ ਪ੍ਰਤੀਕ ਹੈ।

ਸਾਰੇ ਅਠਾਹਰਾਂ ਅੰਗ, ਸਾਰੇ ਮੈਂਬਰ, ਸਦਸਿਆ ਇਸ ਸ਼ਲੋਕ ਵਿਚ ਦੱਸੇ ਗਏ ਹਨ। ਇਹ ਸਾਰੇ ਇਸ ਰੀਤੀ ਨੂੰ ਕਰਨ ਦੇ ਯੋਗ ਨਹੀਂ ਹਨ, ਜਿਹੜੀ ਜਗਿਆਸੂ ਨੂੰ ਉਸ ਦੇ ਗੋਲ ਤਕ ਪਹੁੰਚਾ ਦੇਵੇ, ਸਤਿ ਤੱਕ ਪਹੁੰਚਾ ਦੇਵੇ ਜਾਂ ਬ੍ਰਹਮਾ ਤਕ ਪਹੁੰਚਾ ਦੇਵੇ।

ਜਿਵੇਂ ਕਿ ਅਸੀਂ ਉਪਰ ਦੱਸ ਆਏ ਹਾਂ। ਅਠਾਹਰਾਂ (ਸੋਲਾਂ ਪੁਜਾਰੀ, ਯੱਗ ਕਰਨ ਵਾਲਾ ਪਤਨੀ) ਇਹ ਬਹੁਤ ਹੀ ਮਹੱਤਵਪੂਰਨ ਹਨ। ਇਹ ਸਾਰੇ ਇਸ ਰੀਤੀ ਲਈ ਅਤਿ ਅਵਸ਼ਕ ਹਨ। ਇਸ ਦੇ ਵਿਪਰੀਤ ਇਹ ਰੀਤੀ ਨਖੇਦੀ ਜਾਂਦੀ ਹੈ ਕਿਉਂਕਿ ਇਹ ਬ੍ਰਹਮਗਿਆਨ ਤੋਂ ਬਿਨਾਂ ਕੀਤੀ ਜਾਂਦੀ ਹੈ, ਮੈਡੀਟੇਸ਼ਨ ਤੇ ਧਿਆਨ ਤੋਂ ਬਿਨਾਂ ਕੀਤੀ ਜਾਂਦੀ ਹੈ। ਵਾਸਤਵ ਵਿਚ ਇਹ ਸਾਰੇ ਸਦਸਿਆ ਪੂਰੀ ਰੀਤੀ ਨੂੰ ਬਰਬਾਦ ਕਰ ਦਿੰਦੇ ਹਨ ਕਿਉਂਕਿ ਇਹ ਤਾਂ, ਇਸ ਰੀਤੀ ਨੂੰ ਸੰਸਾਰਕ ਖੁਸ਼ੀਆਂ ਦੀ ਪ੍ਰਾਪਤੀ ਲਈ ਕਰਦੇ ਹਨ ਜਿਹੜੀ ਬਿਲਕੁਲ ਅਧਿਆਤਮਕ ਗਿਆਨ ਤੋਂ ਵਾਂਝੀ ਹੈ।

ਜਿਸ ਤਰ੍ਹਾਂ ਕਿ ਅੰਮ੍ਰਿਤ ਰੱਖਣ ਵਾਲਾ ਬਾਟਾ ਜੇ ਸਾਫ ਨਾ ਹੋਵੇ ਤਾਂ ਉਹ ਠੀਕ ਨਹੀਂ ਰਹਿੰਦਾ ਜਿਵੇਂ ਚਰਚ ਵਿਚ ਜਿਹੜਾ ਅੰਮ੍ਰਿਤ ਮਿਲਦਾ ਹੈ ਉਹ ਸਾਫ ਬਾਟੇ ਵਿਚ ਨਾ ਹੋਵੇ ਤਾਂ ਉਹ ਵਰਤਾਇਆ ਨਹੀਂ ਜਾ ਸਕਦਾ ਇਸੇ ਤਰ੍ਹਾਂ ਜੋ ਛਿਨ ਭੰਗਰ ਹੈ, ਜਿਸ ਨੂੰ ਮੌਤ ਨੇ ਖਤਮ ਕਰ ਦੇਣਾ ਹੈ ਉਸ ਦੇ ਅੰਦਰ ਅਜਰ ਅਮਰ ਆਤਮਾ ਨਹੀਂ ਰਹਿ ਸਕਦੀ। ਜਦੋਂ ਤਕ ਸਰੀਰ ਮਨ ਚਿਤ ਸਾਫ ਨਾ ਹੋਵੇ।

ਗਿਆਨ ਤੋਂ ਹੀਣਾ ਮਨੁੱਖ ਹਨ੍ਹੇਰੇ ਵਿਚ ਰਹਿ ਜਾਂਦਾ ਹੈ, ਭਾਵੇਂ ਮਨੁੱਖ ਇਕ ਸੀਮਤ ਭਾਂਡਾ ਹੈ, ਪਰ ਉਸ ਦੇ ਅੰਦਰ ਅਸੀਮ ਆਤਮਾ ਹੈ, ਭਾਵੇਂ ਉਹ ਕਿਥੇ ਵੀ ਜਾਏ। ਮਨੁੱਖ ਆਪਣੇ ਅਗਿਆਨ ਕਾਰਣ ਆਪਣੇ ਆਪ ਨੂੰ ਸੀਮਾ ਨਾਲ ਜੋੜ ਲੈਂਦਾ ਹੈ ਤੇ ਦੁਖੀ ਹੁੰਦਾ ਹੈ।

ਸ਼ੰਕਰਾਚਾਰੀਆ ਜਿਹੜੇ ਕਿ ਬਹੁਤ ਵੱਡੇ ਪ੍ਰਸਿੱਧ ਫਿਲੋਸਫਰ ਹੋਏ ਹਨ ਉਹ ਕਹਿੰਦੇ ਹਨ ਕਾਰਣ ਤੇ ਪਰਿਣਾਮ ਵੱਖ ਨਹੀਂ ਕੀਤੇ ਜਾ ਸਕਦੇ। ਅਜਰ, ਅਮਰ, ਅਟਲ ਦੀ

ਪ੍ਰਾਪਤੀ ਨਾਸ਼ਵਾਸ਼ ਰਾਹੀਂ ਹੋ ਸਕਦੀ ਜਿਵੇਂ ਕਿ ਅਗਨੀ ਰੀਤੀ ਲਈ ਕਿਹਾ ਜਾ ਸਕਦਾ ਹੈ। ਉਸ ਤਰ੍ਹਾਂ ਹੀ ਸੰਸਾਰਕ ਪੂਜਾ ਤੇ ਸੰਸਾਰ ਦੇ ਕਰਮਾਂ ਲਈ ਕਿਹਾ ਗਿਆ ਹੈ, ਸੰਸਾਰਕ ਕਰਮ ਨਾਸ਼ਵਾਨ ਰਾਹੀਂ ਹੀ ਕੀਤੇ ਜਾਂਦੇ ਹਨ। ਇਹ ਅਬਿਨਾਸ਼ੀ ਨਹੀਂ ਹੋ ਸਕਦੇ ਜੋ ਅਟੱਲ ਨਹੀਂ ਹੈ। ਉਹ ਅਟੱਲ ਨੂੰ ਪੈਦਾ ਨਹੀਂ ਕਰ ਸਕਦਾ, ਉਹ ਕੋਈ ਵੀ ਇਹੋ ਜਿਹੀ ਚੀਜ਼ ਜੋ ਪੂਰੀ ਤਰ੍ਹਾਂ ਨਾਲ ਸੁਤੰਤਰ ਹੋਵੇ ਉਸ ਨੂੰ ਤੇ ਕਿਸੇ ਵੀ ਉਤਮ ਵਸਤੂ ਦੀ ਸਿਰਜਨਾ ਨਹੀਂ ਕਰ ਸਕਦੇ।

ਇਸ ਸਲੋਕ ਵਿਚ ਅਵਿਦਿਆ, ਅਗਿਆਨ ਤੇ ਅਗਿਆਨ ਵਿਚ ਕੀਤੇ ਕਰਮ, ਬਾਹਰੀ ਕਰਮ ਅੰਤਰ ਕੀਤੇ ਕਰਮ ਸਾਰਿਆਂ ਨੂੰ ਨਖੇਦਿਆ ਗਿਆ ਹੈ। ਇਹ ਇਸ ਕਰਕੇ ਕੀਤਾ ਗਿਆ ਹੈ ਤਾਂ ਜੋ ਜਗਿਆਸੂ ਮਾਇਆ ਦੇ ਜਾਲ ਤੋਂ ਅੱਗੇ ਲੰਘ ਕੇ ਦੇਖੇ ਇੰਦ੍ਰੀਆਂ ਦੇ ਸੰਸਾਰ ਤੋਂ ਅੱਗੇ ਲੰਘ ਕੇ ਦੇਖੇ, ਮਨ ਤੋਂ ਪਾਰ ਹੋ ਕੇ ਇਛਾਵਾਂ ਤੋਂ ਉਪਰ ਹੋ ਕੇ, ਸੰਸਾਰ ਦਾ ਅਨੰਦ ਮਾਨਣ ਤੋਂ ਪਰ੍ਹੇ ਹੋ ਕੇ ਦੇਖੇ।

## ਸਲੋਕ ਅੱਠਵਾਂ

ਮਨਮੁਖ ਅਗਿਆਨ ਦੇ ਜਾਲ ਵਿਚ ਫਸ ਜਾਂਦੇ ਹਨ, ਪਰ ਫੇਰ ਵੀ ਆਪਣੇ ਆਪ ਨੂੰ ਸਿਆਣੇ ਤੇ ਗਿਆਨੀ ਸਮਝਦੇ ਰਹਿੰਦੇ ਹਨ। ਸੰਤਾਪ ਤੇ ਦੁੱਖ ਦੇ ਚੱਕਰ ਵਿਚ ਘਿਰੇ ਹੋਏ ਉਹ ਇਸ ਤਰ੍ਹਾਂ ਜੀਵਨ ਜੀਉਂਦੇ ਹਨ ਜਿਵੇਂ ਇਕ ਨੇਤਰਹੀਣ ਦੂਸਰੇ ਨੇਤਰ ਹੀਣ ਨੂੰ ਰਾਹ ਦਿਖਾ ਰਿਹਾ ਹੋਵੇ।

ਅੱਠਵਾਂ ਸਲੋਕ ਜਗਿਆਸੂ ਨੂੰ ਸਾਧਨਾ ਦੀਆਂ ਡੂੰਘਾਈਆਂ ਵਿਚ ਲੈ ਜਾਂਦਾ ਹੈ, ਉਹ ਜਗਿਆਸੂ ਨੂੰ ਇਹ ਚੇਤਾਵਨੀ ਦੇ ਰਿਹਾ ਹੈ ਕਿ ਅਗਿਆਨੀ ਮਨਮੁਖ ਆਪਣੇ ਅਗਿਆਨ, ਵਿਚਾਰ, ਭਾਵਨਾਵਾਂ ਤੇ ਇਛਾਵਾਂ ਦੇ ਕਾਰਨ ਹੀ ਦੁਖ ਸੰਤਾਪ ਭੋਗਦੇ ਹਨ। ਜਿਹੜੇ ਸਿਆਣੇ ਸਮਝੇ ਜਾਂਦੇ ਹਨ, ਗਿਆਨੀ ਮੰਨੇ ਜਾਂਦੇ ਹਨ, ਪਰ ਅਹੰਕਾਰ ਨਾਲ ਭਰੇ ਪਏ ਹਨ, ਉਹ ਕੇਵਲ ਆਪਣੀ ਹੀ ਹਉਮੈ ਨੂੰ ਪੱਠੇ ਪਾਉਂਦੇ ਹਨ। ਇਹੋ ਜਿਹੇ ਗਿਆਨ ਦਾ ਕੋਈ ਲਾਭ ਨਹੀਂ ਹੋਇਆ ਕਰਦਾ। ਇਹੋ ਜਿਹੇ ਗਿਆਨੀ ਭਾਵੇਂ ਦੂਸਰਿਆਂ ਨੂੰ ਪਰਵਚਨ ਕਰਨ, ਭਾਵੇਂ ਸਿਖਿਆ ਦੇਣ ਪਰ ਆਪਣੇ ਆਪ ਵਿਚ ਉਹ ਅਗਿਆਨ ਅੰਧੇਰੇ ਵਿਚ ਹੀ ਰਹਿੰਦੇ ਹਨ। ਉਹ ਬਹੁਤ ਸਾਰੇ ਦੁਖ, ਮੁਸੀਬਤਾਂ ਨਾਲ ਘਿਰੇ ਰਹਿੰਦੇ ਹਨ, ਉਨ੍ਹਾਂ ਦਾ ਹਾਲ ਉਹ ਹੀ ਹੈ ਕਿ ਅੰਨਾ, ਅੰਨ੍ਹੇ ਨੂੰ ਰਾਹ ਦਿਖਾ ਰਿਹਾ ਹੈ, ਉਨ੍ਹਾਂ ਦੀ ਸਿਖਿਆ ਨਾਲ ਅਗਿਆਨ ਨਹੀਂ ਦੂਰ ਹੁੰਦਾ। ਜਦੋਂ ਤਕ ਤੁਸੀਂ ਅੱਖਾਂ ਤੇ ਅਗਿਆਨ ਦੀ ਪੱਟੀ ਬੰਨ੍ਹ ਕੇ ਰੱਖੋਗੇ ਤੇ ਕੋਈ ਸੱਚੀ ਸੁਚੀ ਕੋਸ਼ਿਸ਼ ਹੀ ਨਹੀਂ ਕਰੋਗੇ ਕੋਈ ਜਤਨ ਹੀ ਨਹੀਂ ਕਰੋਗੇ। ਕੋਈ ਵੀ ਸਿੱਧ ਪੁਰਸ ਨਹੀਂ ਬਣ ਸਕਦਾ। ਸਿੱਧ ਪੁਰਸ਼ ਬਣੇ ਬਿਨਾਂ ਸੰਸਾਰ ਨੂੰ ਸਮਝਿਆ ਹੀ ਨਹੀਂ ਜਾ ਸਕਦਾ ਕਿਉਂਕਿ ਸਿੱਧ ਪੁਰਸ਼ ਹੀ ਸੰਸਾਰ ਵਿਚ ਰਹਿੰਦਿਆਂ ਸੰਸਾਰ ਤੋਂ ਨਿਰਲਿਪਤ ਰਹਿ ਸਕਦਾ ਹੈ। ਇਸ ਅਨੇਕਤਾ ਦੇ ਆਕਾਰ ਦੀ ਡੂੰਘਾਈ ਵਿਚ ਸਤਿ ਦਾ ਵਾਸ ਹੈ। ਕੋਈ ਅਗਿਆਨੀ, ਹਨ੍ਹੇਰੇ ਵਿਚ ਫਟਕਣ ਵਾਲਾ ਦੂਸਰੇ ਨੂੰ ਮਾਰਗ ਤੇ ਨਹੀਂ ਪਾ ਸਕਦਾ, ਲੋਕਾਂ ਦਾ ਮਾਰਗ ਦਰਸ਼ਨ ਨਹੀਂ ਕਰ ਸਕਦਾ ਜੇ ਕਰਦਾ ਹੈ ਤਾਂ ਉਸ ਦਾ ਹਾਲ ਬਿਲਕੁਲ ਉਹ ਹੀ ਹੈ ਜਿਵੇਂ ਅੰਨ੍ਹਾ, ਅੰਨ੍ਹੇ ਨੂੰ ਰਾਹ ਦਿਖਾ ਰਿਹਾ ਹੋਵੇ।

ਇਸ ਸਲੋਕ ਵਿਚ ਬੜਾ ਸਪਸ਼ਟ ਕਰਕੇ ਦੱਸਿਆ ਹੈ ਕਿ ਅਗਿਆਨੀ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਰਾਹ ਨਹੀਂ ਦਿਖਾ ਸਕਦਾ। ਇਥੇ ਅਗਿਆਨੀ ਤੋਂ ਨੇਤਰਹੀਣ ਤੋਂ ਭਾਵ ਹੈ ਜਿਨ੍ਹਾਂ ਨੇ ਹਉਮੈ ਦੀ ਕੰਧ ਆਪਣੇ ਆਲੇ ਦੁਆਲੇ ਉਸਾਰੀ ਹੋਈ ਹੈ, ਜਿਸ ਦੇ ਕਾਰਣ ਉਹ ਉਸ ਤੋਂ ਪਰ੍ਹੇ ਹੋ ਕੇ ਉਪਰ ਉਠ ਕੇ ਕੁਛ ਦੇਖ ਹੀ ਨਹੀਂ ਸਕਦੇ। ਹਉਮੈ ਨੂੰ ਮਾਰੇ ਬਿਨਾਂ ਉਹ ਖਾਲੀ ਹੀ ਰਹਿ ਜਾਂਦੇ ਹਨ। ਈਸਾਈਆਂ ਦੀ ਪੁਸਤਕ The book of ecclesiastes" ਵਿਚ ਲਿਖਿਆ ਹੈ, ਸਭ ਤੋਂ ਵੱਡੀ ਹੈ ਵਿਅਰਥਤਤਾ, ਸਾਰਹੀਣਤਾ, ਇਸੇ ਤਰ੍ਹਾਂ ਅਗਿਆਨ ਅੰਧੇਰਾ, ਸਭ ਅਗਿਆਨ ਸਭ ਅੰਧੇਰਾ।

ਇਹ ਸਲੋਕ ਪਿਛਲੇ ਸ਼ਲੋਕ ਨਾਲ ਸਬੰਧਤ ਹੈ। ਉਸ ਵਿਚ ਦਸਿਆ ਗਿਆ ਹੈ ਕਿ ਜਗਿਆਸੂ ਦੇ ਕੀਤੇ ਕਰਮ ਭਾਵੇਂ ਉਹ ਕਰਮਕਾਂਡ ਹੋਵੇ ਭਾਵੇਂ ਸੰਸਾਰਕ ਕੰਮ ਕਾਜ ਹੋਵੇ, ਇਹ ਸਾਰੇ ਉਸ ਨੂੰ ਗਿਆਨ ਪਰਾਪਤੀ ਲਈ ਸਹਾਇਕ ਹੋਣਗੇ, ਗਿਆਨ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ।

## ਸਲੋਕ ਨੌਵਾਂ

ਮੂਰਖ ਲੋਕ ਬੱਚਿਆਂ ਦੀ ਤਰ੍ਹਾਂ ਅਗਿਆਨਤਾ ਦੇ ਜਾਲ ਵਿਚ ਫਸੇ ਰਹਿੰਦੇ ਹਨ, ਪਰ ਇਹ ਸੋਚਦੇ ਰਹਿੰਦੇ ਹਨ ਕਿ ਉਨ੍ਹਾਂ ਦੇ ਜੀਵਨ ਦਾ ਉਤਮ ਗੋਲ ਹਾਸਲ ਕਰ ਲਿਆ ਹੈ। ਮੌਤ ਦੇ ਗ੍ਰਸੇ ਹੋਣ ਕਰਕੇ ਉਹ ਕਰਮਾਂ ਦਾ ਮੂਲ ਕਰਮਾਂ ਦਾ ਤੱਤ ਨਹੀਂ ਸਮਝ ਸਕਦੇ, ਇਸ ਕਰਕੇ ਜਦੋਂ ਉਨ੍ਹਾਂ ਦੇ ਪੁੰਨ ਕਰਮ ਖਤਮ ਹੋ ਜਾਂਦੇ ਹਨ, ਉਹ ਮੁੜ ਕੇ ਚੌਰਾਸੀ ਦੇ ਗੇੜ ਵਿਚ ਆ ਜਾਂਦੇ ਹਨ।

ਇਸ ਸਲੋਕ ਵਿਚ ਦਸਿਆ ਹੈ ਕਿ ਕਰਮ ਕਾਂਡ ਕਰਨ ਵਾਲੇ, ਬਿਲਕੁਲ ਉਸ ਤਰ੍ਹਾਂ ਹੀ ਹਨ ਜਿਵੇਂ ਕਿ ਉਹ ਬੱਚੇ ਜਿਹੜੇ ਮੂਰਖਤਾ ਵਿਚ ਪ੍ਰਸੰਨ ਹਨ। ਜਿਵੇਂ ਬੱਚੇ ਆਪਣੇ ਖਡੌਣਿਆਂ ਨਾਲ ਖੇਡਦੇ ਹਨ। ਸੀਮਤ ਦੁਨੀਆਂ ਵਿਚ ਰਹਿੰਦੇ ਹਨ। ਅੱਲੜ੍ਹਪਣੇ ਦੀ ਸੋਚ ਵਿਚ ਹੀ ਰੁਝੇ

ਰਹਿੰਦੇ ਹਨ ਤੇ ਸਦਾ ਆਪਣੇ ਆਪ ਨੂੰ ਲੋਲੇਪੋਤੇ ਲਾਉਂਦੇ ਰਹਿੰਦੇ ਹਨ ਤੇ ਸੋਚਦੇ ਰਹਿੰਦੇ ਹਨ ਕਿ ਉਨ੍ਹਾਂ ਨੇ ਜੀਵਨ ਵਿਚ ਬਹੁਤ ਕੁਛ ਪ੍ਰਾਪਤ ਕਰ ਲਿਆ ਹੈ। ਇਸ ਤਰ੍ਹਾਂ ਇਸ ਕਰਕੇ ਹੈ ਕਿਉਂਕਿ ਉਹ ਸਤਿ ਨੂੰ ਜਾਣਦੇ ਹੀ ਨਹੀਂ ਉਹ ਤਾਂ ਮੋਹ ਨੇ ਅੰਨੇ ਕੀਤੇ ਪਏ ਹਨ। ਉਹ ਤਾਂ ਰੇਤ ਦਾ ਘਰ ਬਣਾ ਕੇ ਬੈਠਦੇ ਹਨ ਤੇ ਪਹਿਲੀ ਬਾਰਿਸ਼ ਨਾਲ ਹੀ ਉਹ ਢਹਿ ਢੇਰੀ ਹੋ ਜਾਂਦਾ ਹੈ ਜਿਵੇਂ ਕਿ ਗੱਤੇ ਦਾ ਬਣਿਆ ਡਿੱਗ ਪੈਂਦਾ ਹੈ। ਬੱਚੇ ਤੇ ਅਗਿਆਨੀ ਬਿਲਕੁਲ ਇਕੋ ਜਿਹੇ ਹੀ ਹੁੰਦੇ ਹਨ ਦੋਨੋਂ ਹੀ ਸੰਸਾਰ ਦੀ ਛਿਨਭੰਗਰਤਾ ਨਹੀਂ ਜਾਣਦੇ, ਵਸਤੂਆਂ ਦਾ ਆਰਜ਼ੀ ਮੂਲ ਨਹੀਂ ਜਾਣਦੇ, ਇਹ ਨਹੀਂ ਜਾਣਦੇ ਕਿ ਇਹ ਕੁਝ ਵੀ ਨਹੀਂ ਰਹਿਣਾ, ਉਹ ਤਾਂ ਇਨ੍ਹਾਂ ਰੇਤ ਦੇ ਘਰਾਂ ਵਿਚ ਖੁਸ਼ ਹਨ।

ਜੇ ਇਹ ਲੋਕ ਸਵਰਗ ਚਲੇ ਵੀ ਜਾਣ, ਉਹ ਮੁੜ ਕੇ ਧਰਤੀ ਤੇ ਆ ਡਿਗਦੇ ਹਨ, ਦੁਖੀ ਹੁੰਦੇ ਹਨ, ਆਪਣੇ ਇੱਛਾ ਭੋਗ, ਇੰਦ੍ਰੀਆਂ ਦੇ ਭੋਗ ਦੇ ਨਤੀਜੇ ਭੋਗਦੇ ਹਨ। ਉਪਨਿਸ਼ਦਾਂ ਵਿਚ ਦਸਿਆ ਗਿਆ ਹੈ ਕਿ ਬਿਨਾਂ ਗਿਆਨ ਦੇ ਕਰਮਕਾਂਡ ਕਰਨਾ ਪੂਜਾ ਕਰਨੀ ਇਸ ਨਾਲ ਕਦੀ ਵੀ ਮੁਕਤੀ ਨਹੀਂ ਮਿਲਦੀ। ਇਹ ਵੀ ਦਸਿਆ ਗਿਆ ਹੈ ਕਿ ਸਵਰਗ ਦਾ ਅਨੰਦ ਉਸੇ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਹੜੇ ਚੰਗੇ ਕਰਮ ਕਰਕੇ ਹਨ, ਚੰਗੇ ਕੰਮ ਕਰਦੇ ਹਨ, ਚੰਗੀ ਕਰਨੀ ਕਰਦੇ ਹਨ ਤੇ ਕਰਮਕਾਂਡ ਵਿਧੀਪੂਰਵਕ ਕਰਦੇ ਹਨ।

ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸਵਰਗ ਦਾ ਅਨੰਦ ਵੀ ਸਥਾਈ ਨਹੀਂ ਹੈ। ਸਦਾ ਲਈ ਨਹੀਂ ਹੈ ਉਹ ਵੀ ਅਸਥਾਈ ਹੈ। ਘੜੀ ਪਲ ਦੀ ਖੁਸ਼ੀ ਕਦੀ ਵੀ ਜੀਵਨ ਦਾ ਟੀਚਾ, ਜੀਵਨ ਦਾ ਉਦੇਸ਼ ਨਹੀਂ ਹੋ ਸਕਦਾ। ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਆਪਣਾ ਜੀਵਨ ਬੇਅਰਥ ਨਾ ਗੁਆਵੇ, ਮਨੁੱਖੀ ਜੀਵਨ ਅਨਮੋਲ ਹੈ, ਇਸ ਨੂੰ ਸੁਆਰਥੀ ਕੰਮ ਵਿਚ, ਧੰਦਿਆਂ ਵਿਚ, ਇੰਦ੍ਰੀਆਂ ਦੇ ਭੋਗ ਬਿਲਾਸ ਵਿਚ ਨਾ ਲਾ ਕੇ ਸਤਿ ਦੀ ਖੋਜ ਕਰਕੇ ਜਿਸ ਕਰਕੇ ਇਹ ਮਨੁਖੀ ਜਨਮ ਮਿਲਿਆ ਹੈ।

ਉਪਨਿਸ਼ਦਾਂ ਦੇ ਮੰਤਰ ਜਗਿਆਸੂ ਨੂੰ ਬਾਰ-ਬਾਰ ਚੇਤਾਵਨੀ ਦਿੰਦੇ ਹਨ, ਕਿ ਸੰਸਾਰ ਦੇ ਮਨੋਹਰਤਾ ਲੋਭ, ਲਾਲਚ, ਆਕਰਸ਼ਣ ਇਹ ਸਭ ਛਿਨ ਭੰਗਰ ਨਾਲ ਇਨ੍ਹਾਂ ਦਾ ਕੋਈ ਅਸਤਿਤਵ ਹੀ ਨਹੀਂ ਹੈ, ਇਹ ਤਾਂ ਪਾਣੀ ਦੇ ਉਤੇ ਤਰਦੇ ਘਾਹ ਦੀ ਤਰ੍ਹਾਂ ਹਨ, ਜੀਵਨ ਦੀ ਉਪਰਲੀ ਸਤਾ ਤੇ ਜਿਵੇਂ ਪਾਣੀ ਵਿਚ ਘਾਹ, ਇਹ ਜਗਿਆਸੂ ਦੀ ਅੰਦਰ ਦੀ ਪਿਆਸ ਨਹੀਂ ਬੁਝਾ ਸਕਦੇ ਇਹ ਤਾਂ ਓਪਰੀਆਂ ਚੀਜ਼ਾਂ ਹਨ। ਇਹ ਪਲ ਭਰ ਦਾ ਅਨੰਦ ਦੇ ਸਕਦੀਆਂ ਹਨ, ਅੰਦਰ ਦੀ ਪਿਆਸ ਨਹੀਂ ਬੁਝਾ ਸਕਦੀਆਂ।

ਮਨੁੱਖ ਨੂੰ ਕਿਵੇਂ ਪਤਾ ਲੱਗੇ ਕਿ ਵਾਸਤਵਿਕ ਅਨੰਦ ਕੀ ਹੈ ਤੇ ਚੰਗੇ ਉਚੇ ਕਰਮ ਕੀ ਹਨ? ਦੋ ਤਰ੍ਹਾਂ ਦੇ ਅਨੰਦ ਹਨ ਜਿਹੜੇ ਮਨੁੱਖ ਲੈ ਸਕਦਾ ਹੈ। ਇਕ ਤਾਂ ਕਾਮ ਦਾ, ਜਿਹੜਾ ਆਮ ਲੋਕੀ ਲੈਂਦੇ ਹਨ, ਇਹ ਤਾਂ ਕੁਝ ਪਲਾਂ ਲਈ ਹੀ ਹੁੰਦਾ ਹੈ ਜਿਵੇਂ ਹੀ ਇਹ ਖਤਮ ਹੁੰਦਾ ਹੈ, ਅਗਿਆਨੀ ਫੇਰ ਇਸ ਵਲ ਜਾਂਦਾ ਹੈ। ਪਰ ਇਨ੍ਹਾਂ ਸਾਰੀਆਂ ਇਛਾਵਾਂ ਦੇ ਹੇਠਾਂ ਦੱਬੀ ਇਨ੍ਹਾਂ ਸਾਰੇ ਭੋਗਾਂ ਦੇ ਥੱਲੇ ਸਦਾ ਇਕ ਹੋਰ ਬਹੁਤ ਹੀ ਪ੍ਰਬਲ ਇੱਛਾ ਹੈ ਜਿਹੜੀ ਕਿ ਜਗਿਆਸੂ ਨੂੰ ਪ੍ਰੇਰਦੀ ਹੈ ਕਿ ਤੂੰ ਉਚੇਰੀ ਉਡਾਰੀ ਮਾਰ ਸਥਾਈ ਅਨੰਦ ਵਲ ਜਾਂ ਉਹ ਅਨੰਦ ਹੈ ਆਤਮਾ ਦਾ ਪ੍ਰਮਾਤਮਾ ਨਾਲ ਮੇਲ।

ਮੁਕਦੀ ਗੱਲ ਤਾਂ ਇਹ ਹੈ ਕਿ ਸੰਸਾਰਕ ਖੁਸ਼ੀਆਂ ਸੰਸਾਰਕ ਭੋਗ ਬੜੀ ਹੀ ਥੋੜ੍ਹੀ ਦੇਰ ਦੇ ਹਨ ਇਹ ਤਾਂ ਪਲ ਦੋ ਪਲ ਦੇ ਹਨ, ਇਨ੍ਹਾਂ ਦਾ ਅਨੁਭਵ ਵੀ ਬਹੁਤ ਹੀ ਥੋੜ੍ਹੀ ਦੇਰ ਦਾ ਹੈ ਜਦੋਂ ਕਿ ਦੂਸਰੇ ਪਾਸੇ ਬ੍ਰਹਮਾ ਨਾਲ ਇਕ ਹੋ ਜਾਣ ਦਾ ਅਨੰਦ ਸਥਾਈ ਹੈ, ਸਦੈਵ ਹੈ ਇਕ ਵਾਰੀ ਪ੍ਰਾਪਤ ਹੋ ਜਾਵੇ ਮਨੁੱਖ ਸਦਾ ਲਈ ਹੀ ਰੰਗਿਆ ਜਾਂਦਾ ਹੈ ਇਸੇ ਕਰਕੇ ਕਿਹਾ ਗਿਆ ਹੈ, ਕਿ ਵਿਸ਼ੇ-ਅਨੰਦ ਨਹੀਂ ਪ੍ਰਮਾਤਮ ਅਨੰਦ ਹੀ ਮਨੁੱਖ ਦਾ ਉਦੇਸ਼ ਹੈ ਇਹ ਹੀ ਸਥਾਈ ਹੈ।

ਇਸ ਸਲੋਕ ਵਿਚ ਜੋ ਕਿਹਾ ਗਿਆ ਕਿ 'ਬੱਚੇ ਦੀ ਤਰ੍ਹਾਂ ਮੂਰਖ' ਉਸ ਤੋਂ ਭਾਵ ਹੈ ਕਿ ਉਹ ਲੋਕ ਜਿਹੜੇ ਸਿਆਣੇ ਨਹੀਂ ਹਨ ਜਿਹੜੇ ਅਣਜਾਣ ਹਨ ਜਿਹੜੇ ਸੂਝਵਾਨ ਨਹੀਂ ਹਨ। ਜੀਵਨ ਉਦੇਸ਼ ਨਹੀਂ ਜਾਣਦੇ। ਇਹ ਇਕ ਪ੍ਰਕਾਰ ਦੇ ਮੂਰਖ ਹਨ, ਇਕ ਹੋਰ ਤਰ੍ਹਾਂ ਦੇ ਮੂਰਖ ਵੀ ਹਨ ਜਿਹੜੇ ਮੋਹ ਵਿਚ ਲਿਪਤ ਹੋਣ ਕਰਕੇ, ਸੰਸਾਰਕ ਵਿਸ਼ੇ ਵਿਕਾਰਾਂ ਵਿਚ ਲੀਨ ਹੋਣ ਕਰਕੇ ਅਗਿਆਨੀ ਹਨ ਉਨ੍ਹਾਂ ਦੀ ਫਿਲੋਸਫੀ ਹੈ, ਖਾਓ ਪੀਓ ਮੌਜ ਕਰੋ, ਜੀਵਨ ਇਸੇ ਲਈ ਹੈ ਹੈ।

ਇਸ ਸਲੋਕ ਵਿਚ ਦਸਿਆ ਹੈ ਕਿ ਮੋਹ, ਲੋਭ ਨੂੰ ਤਿਆਗਣ ਤੋਂ ਬਿਨਾਂ, ਆਤਮ ਗਿਆਨ ਹੋ ਹੀ ਨਹੀਂ ਸਕਦਾ, ਵਿਸ਼ੇ ਵਿਕਾਰ, ਇੰਦ੍ਰੀਆਂ ਦਾ ਭੋਗ, ਇਛਾਵਾਂ ਦੀ ਤ੍ਰਿਪਤੀ ਜਿਸ ਵਿਚ ਮਨੁੱਖ ਖੁਸ਼ ਰਹਿੰਦਾ ਹੈ ਉਹ ਤਾਂ ਪਲ ਦੋ ਪਲ ਲਈ ਹਨ ਹਨ। ਜਦੋਂ ਇਨ੍ਹਾਂ ਨੂੰ ਮਨੁੱਖ ਭੋਗ ਲੈਂਦਾ ਹੈ ਪਿਛਲੇ ਕਰਮ ਖਤਮ ਹੋ ਜਾਂਦੇ ਹਨ, ਮਨੁੱਖ ਮੁੜ ਕੇ ਅਗਿਆਨ ਹਨ੍ਹੇਰੇ ਵਿਚ ਧੱਕਿਆ ਜਾਂਦਾ ਹੈ। ਅਵਿਦਿਆ ਦੇ ਹਨ੍ਹੇਰੇ ਵਿਚ ਫਸ ਜਾਂਦਾ ਹੈ।

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਪਹਾੜਾਂ ਦੀ ਯਾਤਰਾ

ਪਹਾੜ ਦੇ ਆਸ਼ਰਮ ਵਿਚ ਥੋੜ੍ਹੀ ਦੇਰ ਰਹਿ ਕੇ ਅਮਰੀਕਾ ਤੋਂ ਆਇਆ ਟੋਲਾ ਦਿੱਲੀ ਆ ਗਿਆ, ਸਵਾਮੀ ਜੀ ਇਕੱਲੇ ਹੀ ਆਸ਼ਰਮ ਦਾ ਦਰਵਾਜ਼ਾ ਬੰਦ ਕਰਨ ਨੂੰ ਰਹਿ ਗਏ ਤੇ ਸਾਰੀ ਬਣਾਈ ਸੰਪਤੀ ਨੈਪਾਲ ਸਰਕਾਰ ਨੂੰ ਵਾਪਸ ਕਰਨ ਲਈ ਰਹਿ ਗਏ। ਸਵਾਮੀ ਜੀ ਇਹ ਸਭ ਕੁਝ ਕਰਕੇ ਹਵਾਈ ਜਹਾਜ਼ ਤੇ ਭਾਰਤ ਆ ਗਏ। ਮੈਂ ਉਸੇ ਰਾਤ ਨਿਊਯਾਰਕ ਤੋਂ ਚਲਿਆ ਸੀ। ਮੈਂ ਸਾਰਿਆਂ ਨੂੰ ਦੂਸਰੇ ਦਿਨ ਸਵੇਰੇ ਅਕਬਰ ਹੋਟਲ ਮਿਲਿਆ, ਸਵੇਰ ਦੇ ਖਾਣ ਪੀਣ ਤੋਂ ਬਾਅਦ ਅਸੀਂ ਬੱਸ ਤੇ ਰਿਸ਼ੀਕੇਸ਼ ਤੁਰਨਾ ਸੀ, ਜਦੋਂ ਚੱਲਣ ਹੀ ਲੱਗੇ ਸੀ ਸਵਾਮੀ ਜੀ ਨੇ ਮੈਨੂੰ ਆਪਣੇ ਕੋਲ ਬੁਲਾਇਆ ਤੇ ਕਹਿਣ ਲੱਗੇ, "ਜਸਟਿਨ ਤੂੰ ਮੇਰੇ ਨਾਲ ਹੀ ਰਹਿਣਾ ਹੈ ਤੂੰ ਇਹਨਾਂ ਨੂੰ ਬਾਅਦ ਵਿਚ ਮਿਲੇਂਗਾ, ਮੈਨੂੰ ਗੁਡਬਾਏ ਕਿਹਾ, ਮੈਂ ਥੋੜ੍ਹਾ ਹੈਰਾਨ ਸੀ, ਪਰ ਅੰਦਰੋਂ ਖੁਸ਼ ਸੀ ਕਿ ਮੈਂ ਸਵਾਮੀ ਜੀ ਨਾਲ ਸਮਾਂ ਬਿਤਾ ਸਕਾਂਗਾ, ਮੈਂ ਸਾਰਿਆਂ ਨੂੰ ਵਿਦਾ ਕੀਤਾ। ਸਵਾਮੀ ਜੀ ਬਹੁਤ ਹੀ ਹੁਲਾਸ ਵਿਚ ਸੀ ਕਿ ਹੁਣ ਆਪਣੀ ਮੌਜ ਵਿੱਚ ਵਿਚਰ ਸਕਣਗੇ।

ਮਈ ਦਾ ਮਹੀਨਾ ਅਤਿ ਗਰਮੀ ਦਾ ਮਹੀਨਾ ਹੈ, ਗਰਮ ਹਵਾ ਚਲਦੀ ਹੈ। ਸੂਰਜ ਆਪਣੇ ਪੂਰੇ ਜ਼ੋਰ ਤੇ ਹੁੰਦਾ ਹੈ, ਸਵਾਮੀ ਜੀ ਦੇ ਸ਼ਿਸ਼ ਸਦਾ ਹੀ ਸੇਵਾ ਕਰਨ ਨੂੰ ਤੱਤਪਰ ਰਹਿੰਦੇ ਸੀ, ਉਹ ਉਡੀਕਦੇ ਰਹਿੰਦੇ। ਕਦੋਂ ਸਵਾਮੀ ਜੀ ਕਿਸੇ ਨੂੰ ਭੇਜਣ ਤੇ ਉਹ ਸੇਵਾ ਕਰ ਸਕਣ। ਮੈਨੂੰ ਉਨ੍ਹਾਂ ਨੇ ਜੀ ਆਇਆਂ ਕਿਹਾ। ਮੈਂ ਉਥੇ ਨਹਾਤਾ ਧੋਤਾ ਆਰਾਮ ਕੀਤਾ। ਦੁਪਹਿਰ ਦੀ ਰੋਟੀ ਖਾਧੀ, ਨਾਲ ਲੈ ਜਾਣ ਲਈ ਠੰਡਾ ਪਾਣੀ ਭਰਿਆ। ਸਵਾਮੀ ਜੀ ਸ਼ਾਮ ਨੂੰ ਮੈਨੂੰ ਲੈਣ ਆਏ ਨਾਲ ਹੀ ਉਹ ਗਰੇਵਾਲ ਪਰਿਵਾਰ ਨੂੰ ਮਿਲੇ, ਫੇਰ ਅਸੀਂ ਸਾਦੇ ਜਿਹੇ India International ਦੇ ਕਮਰਿਆਂ ਵਿਚ ਰਹੇ ਤੇ ਸਵੇਰੇ ੪.੩੦ ਵਜੇ ਰਿਸ਼ੀਕੇਸ਼ ਲਈ ਚਲੇ, ਅਸੀਂ ਹਾਈਵੇ ਤੇ ਜਾ ਰਹੇ ਸੀ। ਜਿਵੇਂ ਜਿਵੇਂ ਸੂਰਜ ਉਪਰ ਆ ਰਿਹਾ ਸੀ ਅਸੀਂ ਪੇਂਡੂ ਜੀਵਨ ਨੂੰ ਕੰਮ ਧੰਦੇ ਸ਼ੁਰੂ ਕਰਦਿਆਂ ਦੇਖ ਰਹੇ ਸੀ। ਟਰੱਕ ਆਦਿ ਭਰ ਕੇ ਪਿੰਡਾਂ ਤੋਂ ਸ਼ਹਿਰਾਂ ਵਿਚ ਆ ਰਹੇ ਸੀ। ਛੋਟੇ-ਛੋਟੇ ਕਿਸਾਨ ਖੇਤਾਂ ਵਿਚ ਕੰਮ ਕਰਨ ਜਾ ਰਹੇ ਸੀ। ਗਾਈਆਂ ਮੱਝਾਂ ਚੋਈਆਂ ਜਾ ਰਹੀਆਂ ਸੀ ਜਾਂ ਘਾਹ ਚਰਾਣ ਲਈ ਲੈ ਕੇ ਜਾ ਰਹੇ ਸੀ। ਸਵਾਮੀ ਜੀ ਚੁੱਪ ਸੀ ਬੋਲ ਨਹੀਂ ਰਹੇ ਸੀ ਪਰ ਮੇਰੀਆਂ ਲੋੜਾਂ ਦਾ ਧਿਆਨ ਰੱਖ ਰਹੇ ਸੀ।

ਮੈਨੂੰ ਰਿਸ਼ੀਕੇਸ਼ ਦੇ ਬਾਹਰ ਹੀ ਆਪਣੀ ਪਤਨੀ ਮਿਲੀ। ਉਹ ਮੈਨੂੰ ਉਡੀਕ ਰਹੀ ਸੀ ਉਹ ਤਖਤਪੋਸ਼ ਤੇ ਬੈਠੀ ਸੀ ਇਕ ਸਰਕਾਰੀ ਟੂਰਿਸਟ ਬੰਗਲੇ ਵਿਚ। ਮੈਨੂੰ ਬਹੁਤ ਚੰਗਾ ਲੱਗਾ। ਅਸੀਂ ਦੋਨੋਂ ਮਿਲ ਕੇ ਆਪਣੇ ਆਪਣੇ ਅਨੁਭਵ ਦੱਸਣ ਲੱਗੇ, ਜਿਹੜਾ ਦਿਨ ਅਸੀਂ ਵੱਖ-ਵੱਖ ਬਿਤਾਇਆ ਸੀ ਉਸੇ ਬਾਰੇ ਪੁਛਿਆ ਦੱਸਿਆ ਫੇਰ ਅਸੀਂ ਸਕੂਟਰ ਤੇ ਚੜ੍ਹ ਕੇ ਰਾਮ ਨਗਰ ਆਪਣੇ ਆਸ਼ਰਮ ਚਲੇ ਗਏ।

ਆਸ਼ਰਮ ਪਹੁੰਚ ਕੇ ਸਦਾ ਹੀ ਇਸ ਤਰ੍ਹਾਂ ਲਗਦਾ ਹੈ ਜਿਵੇਂ ਅਸੀਂ ਆਪਣੇ ਘਰ ਆ ਗਏ ਹੋਈਏ, ਐਸ ਵਾਰੀ ਸਰਕਾਰ ਨੇ ਥੋੜ੍ਹਾ ਬਦਲ ਦਿਤਾ ਸੀ। ਪਹਿਲਾਂ ਅਸੀਂ ਬਿਲਕੁਲ ਗੰਗਾ ਦੇ ਕਿਨਾਰੇ, ਗੰਗਾ ਦੇ ਅੰਦਰ ਜਾ ਸਕਦੇ ਸੀ। ਹੁਣ ਉਚੀ ਜਿਹੀ ਕੰਧ ਬਣਾ ਦਿਤੀ ਗਈ ਸੀ ਇਕ ਪਾਸੇ ਆਸ਼ਰਮ ਤੇ ਇਕ ਪਾਸੇ ਗੰਗਾ, ਵਿਚਕਾਰ ਦੀਵਾਰ, ਸਰਕਾਰ ਡੈਮ ਬਣਾ ਰਹੀ ਸੀ ਤੇ ਬਿਜਲੀ ਪੈਦਾ ਕਰਨੀ ਸੀ, ਬੜੀ ਛੇਤੀ-ਛੇਤੀ ਘਰ ਬਣ ਰਹੇ ਸੀ। ਬਿਲਡਿੰਗਾਂ ਬਣ ਰਹੀਆਂ ਸੀ, ਨਵੇਂ ਹੋਟਲ ਬਣ ਗਏ ਸੀ, ਮੰਦਰ ਬਣ ਗਏ ਸੀ, ਆਸ਼ਰਮ ਬਣ ਗਏ ਸੀ, ਗੱਲ ਕੀ ਰੌਲਾ ਹੀ ਰੌਲਾ ਪੈ ਗਿਆ ਸੀ।

ਅਸੀਂ ਆਸ਼ਰਮ ਵਿਚ ਸਾਮਾਨ ਸੁਟਿਆ ਘਟ ਤੋਂ ਘਟ ਚੀਜ਼ਾਂ ਕੇਵਲ ਜ਼ਰੂਰਤ ਦੀਆਂ ਚੀਜ਼ਾਂ ਨਾਲ ਲਈਆਂ ਤੇ ਬੱਸ ਤੇ ਚੜ੍ਹ ਕੇ ਪਹਾੜਾਂ ਵਲ ਜਾਣ ਲਈ ਤਿਆਰ ਹੋ ਗਏ, ਅੱਗੇ ਕਿਤੇ ਅਸੀਂ ਪੈਦਲ ਟੁਰਨਾ ਸੀ ਤੇ ਕਿਤੇ ਅਸੀਂ ਘੋੜਿਆਂ ਖੱਚਰਾਂ ਤੇ ਜਾਣਾ ਸੀ ਸਭ ਨੇ ਆਪਣੇ ਸੌਣ ਵਾਲੇ ਬੈਗ ਨਾਲ ਲੈ ਲਏ ਸੀ। ਪੀਣ ਦਾ ਪਾਣੀ ਨਾਲ ਲੈ ਲਿਆ ਸੀ, ਅਸੀਂ ਯਾਤਰਾ ਤੇ ਜਾਣ ਲਈ ਤਿਆਰ ਹੋ ਗਏ ਸੀ। ਸਵਾਮੀ ਜੀ ਨੇ ਇਕ ਵਾਰੀ ਫੇਰ ਮੈਨੂੰ ਉਨ੍ਹਾਂ ਦੇ ਨਾਲ ਰਹਿਣ ਲਈ ਕਿਹਾ। ਅਸੀਂ ਬੱਸ ਵਾਲਿਆਂ ਨੂੰ ਅਲਵਿਦਾ ਕਿਹਾ ਤੇ ਅਸੀਂ ਪਿਛੇ ਰਹਿ ਗਏ।

ਸਾਰਾ ਜਥਾ ਬਾਕੇਤ ਲਈ ਤੁਰ ਪਿਆ। ਸਵਾਮੀ ਜੀ ਤੇ ਮੈਂ ਅਸੀਂ ਇਕ ਘੰਟੇ ਬਾਅਦ ਜਮਨਾ ਦੇ ਕੰਡੇ-ਕੰਡੇ ਘੁਮੇਟੇ ਖਾਂਦੀ ਮਸੂਰੀ ਦੀ ਸੜਕ ਤੇ ਪੁੱਜੇ, ਓਥੇ ਅਸੀਂ ਰੁਕੇ, ਮਸੂਰੀ ਸ਼ਹਿਰ ਅੰਗ੍ਰੇਜ਼ਾਂ ਨੇ ਬਹੁਤ ਬਹੁਤ ਪਸੰਦ ਕੀਤਾ ਹੈ, ਗਰਮੀਆਂ ਦੇ ਦਿਨਾਂ ਵਿਚ ਮਸੂਰੀ ਕਾਫੀ ਭੀੜ ਰਹਿੰਦੀ

ਸੀ। ਅੱਜ ਵੀ ਤੁਸੀਂ ਬਹੁਤ ਸਾਰੀਆਂ ਇਮਾਰਤਾਂ ਅੰਗਰੇਜ਼ਾਂ ਤੇ ਸਮੇਂ ਦੀਆਂ ਦੇਖ ਸਕਦੇ ਹੋ, ਅਸੀਂ ਉਥੇ ਰੁਕ ਕੇ ਚਾਹ ਪੀਤੀ, ਜਦੋਂ ਤੱਕ ਬਸ ਮਸੂਰੀ ਪਹੁੰਚੀ, ਅਸੀਂ ਉਥੋਂ ਜਾ ਰਹੇ ਸੀ।

ਜਿਵੇਂ ਜਿਵੇਂ ਅਸੀਂ ਅੱਗੇ ਜਾਂਦੇ ਗਏ ਪਹਾੜਾਂ ਦੀ ਸੁੰਦਰਤਾ ਵੀ ਉਸ ਤਰ੍ਹਾਂ ਨਾਲ ਵਧੇਰੇ ਭਰਪੂਰ ਹੁੰਦੀ ਗਈ। ਸਵਾਮੀ ਜੀ ਨੇ ਮੈਨੂੰ ਆਪਣੀ ਮਸੂਰੀ ਵਾਲੀ ਕੁਟੀਆ ਵੀ ਦਿਖਾਈ, ਇਸ ਕੁਟੀਆ ਵਿਚ ਉਹ ਸਾਲਾਂ ਬੱਧੀ ਰਹੇ ਸੀ, ਇਥੇ ਰਹਿ ਕੇ ਸਵਾਮੀ ਜੀ ਨੇ ਬਹੁਤ ਕੁਝ ਲਿਖਿਆ ਸੀ ਤੇ ਮੈਡੀਟੇਸ਼ਨ ਕੀਤੀ ਸੀ। ਸਵਾਮੀ ਜੀ ਨੇ ਇਕ ਮੰਦਰ ਵੀ ਦਿਖਾਇਆ ਜਿਥੇ ਉਨ੍ਹਾਂ ਨੇ ਭਰ ਸਿਆਲ ਦੀ ਇਕ ਰਾਤ ਠੰਢ ਤੋਂ ਬਚਣ ਲਈ ਕੱਟੀ ਸੀ। ਉਦੋਂ ਉਹ ਕੇਵਲ ਘੁੰਮਿਆਂ ਹੀ ਕਰਦੇ ਸੀ। ਸਵਾਮੀ ਜੀ ਨੇ ਮੈਨੂੰ ਜੰਗਲ ਵੀ ਦਿਖਾਇਆ ਜਿਥੇ ਉਹ ਰਹੇ ਸੀ ਤੇ ਕੇਵਲ ਦਰਖਤਾਂ ਦੇ ਪਤੇ ਹੀ ਉਨ੍ਹਾਂ ਦਾ ਅਧਾਰ ਸੀ। ਰਾਤ ਨੂੰ ਸੁਆਮੀ ਜੀ ਆਪਣੇ ਆਪ ਨੂੰ ਦਰਖਤ ਨਾਲ ਬੰਨ੍ਹ ਲੈਂਦੇ ਸੀ ਤਾਂ ਜੋ ਕੋਈ ਜਾਨਵਰ ਜਾਂ ਕੋਈ ਡਾਕੂ ਨਾ ਤੰਗ ਕਰੇ ਮੈਨੂੰ ਇਹ ਸਾਰੀਆਂ ਗੱਲਾਂ ਮੇਰੇ ਅੰਦਰ ਮੇਰੇ ਅੰਦਰ ਬੜੀ ਹੀ ਉਤਸੁਕਤਾ ਪੈਦਾ ਕਰਦੀਆਂ ਸੀ।

ਉਧਰੋਂ ਬਾਰਿਸ਼ ਸ਼ੁਰੂ ਹੋਈ ਤੇ ਨਾਲ ਹੀ ਸਾਨੂੰ ਬਸ ਦਾ ਮਿਲਾਪ ਹੋਇਆ ਜਿਥੇ ਅਸੀਂ ਠਹਿਰਾਨਾ ਸੀ। ਉਹ ਇਕ ਸਰਕਾਰੀ ਸਰਾਂ ਸੀ, ਕਮਰੇ ਬੜੇ ਹੀ ਸਲਾਭੇ ਵਾਲੇ ਤੇ ਹਨੇਰੇ ਸੀ। ਜਿਹੜੀਆਂ ਚੀਜ਼ਾਂ ਸਾਮਾਨ ਬਸ ਦੇ ਉਪਰ ਰੱਖਿਆ ਹੋਇਆ ਸੀ ਉਹ ਗਿੱਲਾ ਹੋ ਗਿਆ ਸੀ, ਹਰ ਕਿਸੇ ਨੂੰ ਬਹੁਤ ਭੁੱਖ ਲੱਗੀ ਹੋਈ ਸੀ, ਥੱਕੇ ਵੀ ਪਏ ਸੀ। ਬਾਹਰ ਤਰਪਾਲਾਂ ਲਾਈਆਂ ਗਈਆਂ ਤਾਂ ਜੋ ਛੇਤੀ ਤੋਂ ਛੇਤੀ ਸਾਰਿਆਂ ਲਈ ਖਾਣਾ ਤਿਆਰ ਕੀਤਾ ਜਾ ਸਕੇ। ਬਹੁਤ ਸਾਰੇ ਉਪਰ ਇਕ ਚਾਹ ਦੀ ਦੁਕਾਨ ਤੇ ਚਲੇ ਗਏ, ਚਾਹ ਪੀਣ ਲਗ ਪਏ ਤੇ ਨਾਲ ਆਪਣੇ ਅਨੁਭਵ ਦੱਸਣ ਲਗ ਪਏ।

ਰਾਤ ਨੂੰ ਸਵਾਮੀ ਜੀ ਨੇ ਕਈਆਂ ਨੂੰ ਆਪਣੇ ਕਮਰੇ ਵਿਚ ਬੁਲਾ ਲਿਆ। ਅਸੀਂ ਉਥੇ ਬੈਠ ਕੇ ਚਾਹ ਪੀਤੀ। ਸਵਾਮੀ ਜੀ ਨੇ ਉਨ੍ਹਾਂ ਦੇ ਸ਼ੰਕਰਾਚਾਰੀਆ ਨਾਲ ਗੱਲਬਾਤ ਕੀਤੀ। ਸ਼ੰਕਰਾਚਾਰੀਆ ਨੇ ਭਾਰਤ ਵਿਚ ਪੰਜ ਸਥਾਨ ਸਥਾਪਤ ਕੀਤੇ ਸੀ, ਪੰਜਵਾਂ ਜਿਹੜਾ ਸ਼ੰਕਰਾਚਾਰੀਆ ਨੇ ਸਥਾਪਤ ਕੀਤਾ ਸੀ ਆਪਣੇ ਅੰਤਲੇ ਦਿਨ ਉਨ੍ਹਾਂ ਨੇ ਓਥੇ ਹੀ ਕੱਟੇ ਸੀ। ਸਦੀਆਂ ਤੋਂ ਇਹ ਅਧਿਆਤਮਕਤਾ ਦੇ ਕੇਂਦਰ ਮੰਨੇ ਜਾਂਦੇ ਹਨ, ਇਨ੍ਹਾਂ ਕੇਂਦਰਾਂ ਵਿਚ ਸਸ਼ੋਭਤ ਮੁਖੀ ਧਰਮ ਦੇ ਮੁਖੀ ਮੰਨੇ ਜਾਂਦੇ ਹਨ। ਸਵਾਮੀ ਜੀ ਕਿਵੇਂ ਇਸ ਮੱਠ ਦੇ ਮੁਖੀ ਚੁਣੇ ਗਏ ਸੀ ਅਸੀਂ ਸੁਣ ਚੁੱਕੇ ਸੀ। ਪਰ ਉਸ ਨੂੰ ਦੁਬਾਰਾ ਸੁਣਨ ਵਿਚ ਵੀ ਓਨਾ ਹੀ ਅਨੰਦ ਸੀ।

ਸਵਾਮੀ ਜੀ ਨੇ ਸ਼ੁਰੂ ਕੀਤਾ, “1940 ਦੇ ਅੰਤ ਵਿਚ ਗੁਰੂਦੇਵ ਨੇ ਮੇਰੀ ਘਰੋਂ ਘਾਲਣਾ ਸ਼ੁਰੂ ਕਰਾਈ, ਇਹ ਮੈਂ ਛੇ ਮਹੀਨੇ ਕਰਨੀ ਸੀ। ਗੁਰੂਦੇਵ ਨੇ ਮੈਨੂੰ ਘਣੇ ਜੰਗਲਾਂ ਵਿਚ ਜਾਣ ਲਈ ਕਿਹਾ। ਇਹ ਜੰਗਲ ਮੱਧ ਪ੍ਰਦੇਸ਼ ਦੇ ਖੇਰੀਘਾਟ ਦੇ ਬਾਹਰ ਵਾਰ ਸੀ, ਮੈਨੂੰ ਗੁਰੂਦੇਵ ਨੇ ਨਰਮਦਾ ਦੇ ਕੰਡੇ ਰਹਿ ਕੇ ਕਠੋਰ ਸਾਧਨਾ ਕਰਨ ਲਈ ਕਿਹਾ। ਉਨ੍ਹਾਂ ਦਿਨਾਂ ਵਿਚ ਮੇਰੇ ਸਾਥੀ ਕੇਵਲ ਮਗਰਮੱਛ ਹੀ ਹੁੰਦੇ ਸੀ। ਬਹੁਤ ਸਾਰੇ ਭਾਵੇਂ ਨਦੀ ਵਿਚ ਹੀ ਰਹਿੰਦੇ ਸੀ ਪਰ ਉਹ ਬਹੁਤ ਵਾਰੀ ਧੁੱਪ ਸੇਕਣ ਬਾਹਰ ਰੇਤੇ ਤੇ ਵੀ ਆ ਜਾਂਦੇ ਸੀ। ਪਿੰਡ ਦੇ ਕਈ ਲੋਕ ਮੇਰੇ ਲਈ ਰੋਟੀ ਤੇ ਦੁੱਧ ਲੈ ਆਉਂਦੇ ਸੀ, ਹੋਰ ਕੋਈ ਮੈਨੂੰ ਤੰਗ ਨਹੀਂ ਸੀ ਕਰਦਾ, ਕਿਉਂਕਿ ਜੰਗਲ ਸੀ, ਕੋਈ ਆ ਹੀ ਨਹੀਂ ਸੀ ਸਕਦਾ, ਉਹ ਦਿਨ ਮੇਰੇ ਜੀਵਨ ਦਾ ਇਕ ਸੁਨਿਹਰੀ ਸਮਾਂ ਸੀ।

ਇਕ ਦਿਨ ਇਕ ਸ਼ਿਕਾਰੀ ਆਇਆ। ਉਸ ਨੇ ਮੈਨੂੰ ਬੈਠਿਆਂ ਦੇਖਿਆ। ਮੇਰੇ ਆਲੇ ਦੁਆਲੇ ਕਿੰਨੇ ਹੀ ਮਗਰਮੱਛ ਵੀ ਬੈਠੇ ਧੁਪ ਸੇਕ ਰਹੇ ਸੀ, ਕਿਉਂਕਿ ਮੈਂ ਬਿਲਕੁਲ ਨਿਸਲ ਬੈਠਾ ਸੀ, ਉਹ ਮੇਰੇ ਤੋਂ ਡਰ ਨਹੀਂ ਰਹੇ ਸੀ। ਮੇਰੇ ਬਿਨਾਂ ਜਾਣਿਆ ਉਨਾਂ ਸ਼ਿਕਾਰੀਆਂ ਨੇ ਮੇਰੀ ਫੋਟੋ ਖਿੱਚ ਲਈ ਕਿਵੇਂ ਮੈਂ ਐਨੇ ਮਗਰਮੱਛਾਂ ਵਿਚ ਘਿਰਿਆ ਬੈਠਾ ਹਾਂ, ਛੇਤੀ ਹੀ ਫੋਟੋ ਸਾਰੇ ਅਖਬਾਰਾਂ ਵਿਚ ਛਪ ਗਈ। ਇਕ ਸਵਾਮੀ ਦੀ, ਤਪਸਵੀ ਦੀ, ਸਾਰੀ ਖਬਰ ਲਿਖੀ ਗਈ, ਲਿਖਿਆ ਸੀ ਇਹ ਬਹੁਤ ਹੀ ਥੋੜ੍ਹਾ ਖਾਂਦਾ ਹੈ। ਇਕੋ ਵਾਰੀ ਥੋੜ੍ਹਾ ਜਿਹਾ ਖਾਂਦਾ ਹੈ ਕਰਦਿਆਂ-ਕਰਦਿਆਂ ਇਹ ਖਬਰ ਕਰੀਵਰਪੀਠ ਦੇ ਸ਼ੰਕਰਾਚਾਰੀਆਂ ਕੋਲ ਵੀ ਪਹੁੰਚ ਗਈ, ਉਸ ਨੇ ਗੁਪਤਚਰ ਪੰਡਤ ਭੇਜ ਕੇ ਉਹ ਮੇਰਾ ਦਿਨ ਚਾਰੀਆਂ ਆਏ। ਦੇਖਣ ਮੈਂ ਕੀ ਕੀ ਕਰਦਾ ਹਾਂ ਕੀ ਖਾਂਦਾ ਹੈ ਤੇ ਫੇਰ ਉਨ੍ਹਾਂ ਨੂੰ ਆ ਕੇ ਦੱਸਣ, ਉਨ੍ਹਾਂ ਨੇ ਮੇਰੇ ਬਾਰੇ ਸਾਰੀ ਜਾਣਕਾਰੀ ਤਿਆਰ ਕੀਤੀ, ਮੇਰਾ ਸਾਰਾ ਪਛੋਕੜ ਪਤਾ ਕੀਤਾ, ਮੇਰਾ ਗਿਆਨ ਮੇਰੇ ਗੁਰੂ ਬਾਰੇ ਤੇ ਸਭ ਕੁਝ ਜਾ ਕੇ ਦੱਸਿਆ, ਉਸ ਪਿਛੋਂ ਉਹ ਸ਼ੰਕਰਾਚਾਰੀਆਂ ਡਾ. ਕਰਟਕੋਟੀ ਮੈਨੂੰ ਮਿਲਣ ਆਏ, ਸਾਨੂੰ ਦੋਨਾਂ ਨੂੰ ਹੀ ਬਹੁਤ ਚੰਗਾ ਲੱਗਾ। ਮੈਨੂੰ ਉਨ੍ਹਾਂ ਦੇ ਸੰਸਕ੍ਰਿਤ ਦੇ ਗਿਆਨ ਦੀ ਬਹੁਤ ਹੀ ਕਦਰ ਸੀ ਤੇ ਨਾਲ ਹੀ ਇਸ ਗੱਲ ਦੀ ਵੀ ਕਿ ਉਹ ਇਕ ਅਧਿਆਪਕ ਆਗੂ ਹਨ। ਉਨ੍ਹਾਂ ਨੇ ਮੈਨੂੰ ਕਿਹਾ ਕਿ ਮੈਂ ਵਿਚਾਰ ਲਵਾਂ ਕੀ ਮੈਂ ਉਨ੍ਹਾਂ ਦੀ ਥਾਂ ਲੈਣਾ ਚਾਹਾਂਗਾ ਤਾਂ ਜੋ ਉਹ ਸੇਵਾ ਮੁਕਤ ਹੋ ਸਕਣ। ਮੈਂ ਉਨ੍ਹਾਂ ਨਾਲ ਵਾਅਦਾ ਕੀਤਾ ਕਿ ਮੈਂ ਗੁਰੂਦੇਵ ਨੂੰ ਪੁਛਾਂਗਾ ਜੇ ਉਹ ਆਗਿਆ ਦੇਣਗੇ।

ਸਵਾਮੀ ਜੀ ਦੇ ਗੁਰੂ ਪੂਰਨ ਸੀ ਸਮਰੱਥ ਸੀ, ਸਵਾਮੀ ਜੀ ਨੂੰ ਚੁਣ ਲਿਆ ਗਿਆ। ਇਸ ਪਦ ਤੇ ਬਹੁਤ ਹੀ ਜ਼ੁਮੇਵਾਰੀਆਂ ਸੀ, ਸਮਾਜ ਦੀ ਭਲਾਈ ਦਾ ਬਹੁਤ ਵੱਡਾ ਕੰਮ ਸੀ, ਗੁਰੂਦੇਵ ਸਦਾ ਹੀ ਇਹ ਚਾਹੁੰਦੇ ਸਨ ਕਿ ਸਵਾਮੀ

ਜੀ ਸਭ ਕੁਝ ਅਨੁਭਵ ਨਾਲ ਹੀ ਸਿਖਣ, ਉਨ੍ਹਾਂ ਨੇ ਸਵਾਮੀ ਜੀ ਨੂੰ ਸ਼ੰਕਰਾਚਾਰੀਆ ਦਾ ਪਦ ਲੈਣ ਦੀ ਆਗਿਆ ਦੇ ਦਿਤੀ।

ਸਵਾਮੀ ਜੀ ਨੂੰ ਇਕ ਖਾਸ ਜਗ੍ਹਾ ਤੇ ਲਿਜਾਇਆ ਗਿਆ ਤੇ ਸ਼ਨਿੱਚਰਵਾਰ, ਐਤਵਾਰ ਨੂੰ ਓਥੇ ਰੱਖਿਆ ਗਿਆ, ਬਹੁਤ ਹੀ ਅੱਛੀ ਜਗ੍ਹਾ ਵੱਡੇ ਕਮਰਿਆਂ ਵਿਚ ਰੱਖਿਆ ਗਿਆ। ਬਹੁਤ ਹੀ ਅੱਛੇ ਛੱਤੀ ਪ੍ਰਕਾਰ ਦੇ ਭੋਜਨ ਤਿਆਰ ਕੀਤੇ ਗਏ। ਬਾਕੀ ਦੋ ਨੇ ਤਾਂ ਆਪਣੇ ਲਈ ਚੰਗੀ ਤਰ੍ਹਾਂ ਭੋਜਨ ਪਾਇਆ, ਸਵਾਮੀ ਜੀ ਤਾਂ ਬਹੁਤ ਹੀ ਥੋੜ੍ਹਾ ਆਪਣੇ ਸੁਭਾਅ ਅਨੁਸਾਰ ਬਹੁਤ ਥੋੜ੍ਹਾ ਲਿਆ। ਸਭ ਤੋਂ ਛੋਟੀ ਪਲੇਟ ਚੁਕ ਕੇ ਉਸ ਵਿਚ ਬਹੁਤ ਥੋੜ੍ਹਾ ਜਿਹਾ ਪਾ ਕੇ ਖਾਇਆ ਤੇ ਟਰੇ ਵਿਚ ਬਹੁਤ ਸਾਰੇ ਹੀਰੇ ਜਵਾਹਰਾਤ ਭੇਟ ਕੀਤੇ ਗਏ। ਅੱਗੇ ਰੱਖੇ ਗਏ ਤੇ ਕਿਹਾ ਗਿਆ ਕਿ ਆਪ ਜੀ ਆਪਣੀ ਪਸੰਦ ਕਰੋ ਤਾਂ ਜੋ ਆਪ ਜੀ ਲਈ ਮੁੰਦਰੀ ਬਣਵਾ ਕੇ ਦਿਤੀ ਜਾਵੇ, ਬਾਕੀ ਦੋ ਨੇ ਆਪਣੇ ਲਈ ਪਸੰਦ ਕਰ ਲਿਆ ਪਰ ਸਵਾਮੀ ਜੀ ਨੇ ਮਨਾ ਕਰ ਦਿਤਾ। ਬੜੇ ਹੀ ਸਤਿਕਾਰ ਨਾਲ ਸਵਾਮੀ ਜੀ ਨੇ ਮਨਜ਼ੂਰ ਨਹੀਂ ਕੀਤਾ। ਜਦੋਂ ਉਹ ਕਮਰਿਆਂ ਵਿਚ ਆਏ ਤਾਂ ਪੰਡਤਾਂ ਨੇ ਉਨ੍ਹਾਂ ਦੋ ਨੂੰ ਬੜਾ ਹੀ ਝਾੜਿਆ ਤੇ ਕਿਹਾ ਤੁਸੀਂ ਸਾਰੀ ਰਾਤ ਆਪਣੇ ਕਮਰੇ ਦੇ ਬੂਹੇ ਬੰਦ ਹੀ ਰੱਖੋ। ਸਾਰੇ ਸੌਂ ਗਏ।

ਜਦੋਂ ਮੈਂ ਮੈਡੀਟੇਸ਼ਨ ਵਿਚ ਬੈਠਣ ਦੀ ਤਿਆਰੀ ਕਰ ਰਿਹਾ ਸੀ ਮੈਂ ਆਪਣੇ ਦਰਵਾਜ਼ੇ ਤੇ ਆਵਾਜ਼ ਸੁਣੀ। ਮੈਂ ਧਿਆਨ ਨਾ ਕੀਤਾ ਮੈਂ ਆਪਣਾ ਨਾੜੀ ਸ਼ੋਧਨ ਕਰ ਰਿਹਾ ਸੀ। ਦਰਵਾਜ਼ਾ ਫੇਰ ਕਿਸੇ ਨੇ ਖੜਕਾਇਆ, ਮੈਂ ਉਠ ਕੇ ਦਰਵਾਜ਼ਾ ਖੋਲ੍ਹਿਆ, ਇਕ ਅਪਸਰਾ ਦੀ ਤਰ੍ਹਾਂ ਇਕ ਸਜੀ ਧਜੀ ਬੀਬੀ ਖੜ੍ਹੀ ਸੀ, ਉਹ ਕਹਿਣ ਲੱਗੀ, ਉਹ ਸਵਾਮੀ ਜੀ ਦੀ ਸੇਵਾ ਕਰੇਗੀ ਜਿੰਨੀ ਦੇਰ ਸਵਾਮੀ ਜੀ ਚਾਹੁੰਣ ਨਾਲ ਹੀ ਉਹ ਬੇਨਤੀ ਕਰ ਰਹੀ ਸੀ ਕਿ ਸ਼ਾਇਦ ਮੈਂ ਉਸ ਨੂੰ ਫਿਲੌਸਫੀ ਵੀ ਸਖਾਂ ਸਕਾਂ, ਮੈਂ ਹੈਰਾਨ ਹੋਇਆ ਤੇ ਮੈਂ ਉਸ ਨੂੰ ਕਿਹਾ ਕਿ ਮੈਂ ਤਾਂ ਕੇਵਲ ਆਪਣੀ ਸਾਧਨਾ ਹੀ ਕਰਨਾ ਚਾਹੁੰਦਾ ਹਾਂ। ਮੈਂ ਕਿਹਾ ਪ੍ਰਭੂ ਤੁਹਾਡੀ ਖੋਜ ਵਿਚ ਸਹਾਇਤਾ ਕਰੇ, ਮੈਂ ਏਨਾ ਕਹਿ ਕੇ ਦਰਵਾਜ਼ਾ ਬੰਦ ਕਰ ਲਿਆ।

ਦੂਸਰੇ ਦਿਨ ਸਵੇਰੇ ਪੰਡਤਾਂ ਨੇ ਸਾਨੂੰ ਤਿੰਨਾਂ ਨੂੰ ਬੁਲਾਇਆ, ਅਸੀਂ ਖਾਣੇ ਦੇ ਕਮਰੇ ਵਿਚ ਗਏ, ਮੈਂ ਤਾਂ ਬਹੁਤ ਦੇਰ ਤੋਂ ਜਾਗਿਆ ਹੋਇਆ ਸੀ ਤੇ ਕੁਝ ਵੀ ਖਾਣ ਦੀ ਇੱਛਾ ਨਹੀਂ ਸੀ। ਮੈਂ ਚਾਹ ਦਾ ਇਕ ਪਿਆਲਾ ਲੈ ਲਿਆ। ਪੰਡਤਾਂ ਨੇ ਸਾਨੂੰ ਜੀ ਆਇਆ ਕਿਹਾ ਤੇ ਸ਼ੰਕਰਾਚਾਰੀਆ ਵਲੋਂ ਵੀ ਸਾਨੂੰ ਜੀ ਆਇਆ ਕਿਹਾ ਤੇ ਸ਼ੰਕਰਾਚਾਰੀਆ ਵਲੋਂ ਵੀ ਸਾਨੂੰ ਜੀ ਆਇਆਂ ਕਿਹਾ ਤੇ ਸਾਨੂੰ ਪੁੱਛਣ ਲੱਗੇ ਕੀ ਅਸੀਂ ਚੰਗੀ ਤਰ੍ਹਾਂ ਸੁੱਤੇ? ਕੀ ਸਾਡੇ ਕਮਰੇ ਠੀਕ ਸੀ? ਕੀ ਸਾਡਾ ਭੋਜਨ ਠੀਕ ਸੀ? ਦੂਸਰੇ ਦੋ ਕਹਿਣ ਲੱਗੇ ਕਿ ਸਾਨੂੰ ਚੰਗਾ ਲੱਗਾ, ਸਾਨੂੰ ਕਿਸੇ ਕਿਸਮ ਦੀ ਕੋਈ ਤਕਲੀਫ ਨਹੀਂ ਹੋਈ। ਆਹ! ਪੰਡਤ ਕਹਿਣ ਲੱਗੇ ਕਿਉਂਕਿ ਤੁਸੀਂ ਹੁਣੇ ਜਾ ਰਹੇ ਹੋ। ਕਮਰੇ ਦੀਆਂ ਚਾਬੀਆਂ ਮੈਨੂੰ ਵਾਪਸ ਕਰ ਦੇਓ।

ਉਹ ਦੋ ਕਹਿਣ ਲੱਗੇ ਅਸੀਂ ਕਿਤੇ ਰੱਖ ਬੈਠੇ ਹਾਂ ਹਾਲੇ ਚਾਬੀਆਂ ਸਾਡੇ ਕੋਲ ਨਹੀਂ, ਇਕ ਪੰਡਤ ਜੀ ਨੇ ਇਸ਼ਾਰਾ ਕੀਤਾ। ਦੋ ਅਪਸਰਾਂ ਸਜੀਆਂ ਧਜੀਆਂ ਆਈਆਂ ਤੇ ਚਾਬੀਆਂ ਉਨ੍ਹਾਂ ਨੇ ਮੇਜ਼ ਉਤੇ ਰੱਖ ਦਿਤੀਆਂ। ਉਨ੍ਹਾਂ ਦੋ ਅਤਿਥੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੂੰ ਆਸ਼ੀਰਵਾਦ ਦਿਤੇ ਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਨੂੰ ਕਮਰੇ ਬੰਦ ਰੱਖਣੇ ਚਾਹੀਦੇ ਸੀ।

ਸਵਾਮੀ ਜੀ ਨੇ ਆਪਣੀ ਜੇਬ ਵਿਚੋਂ ਚਾਬੀ ਕੱਢੀ ਤੇ ਮੇਜ਼ ਉਤੇ ਰੱਖ ਦਿਤੀ ਤੇ ਆਪਣੇ ਜੀਵਨ ਦਾ ਇਕ ਨਵਾਂ ਅਧਿਆਇ ਸ਼ੁਰੂ ਕਰ ਦਿੱਤਾ, ਅਠਾਰ੍ਹਾਂ ਦਿਨ ਦੀਆਂ ਰਸਮਾਂ ਤੋਂ ਬਾਅਦ ਸੁਆਮੀ ਜੀ ਜਗਤ ਗੁਰੂ ਸ਼ੰਕਰਾਚਾਰੀਆਂ ਸਦਾ ਸ਼ਿਵ ਭਾਰਤੀ ਕਰਵੀਰ ਪੀਠ ਦੇ ਬਣੇ।

ਬੇਅੰਤ ਚਿੱਠੀਆਂ ਆਈਆਂ, ਵਧਾਈ ਦੀਆਂ ਤਾਰਾਂ ਆਈਆਂ, ਕਈ ਚੀਫ ਮਨਿਸਟਰਾਂ ਨੇ ਗਵਰਨਰਾਂ ਨੇ ਵਧਾਈ ਭੇਜੀ, ਕਈ ਮਜ਼ਹਬਾਂ ਦੇ ਆਗੂਆਂ ਨੇ ਤਾਰਾਂ ਦਿਤੀਆਂ। ਕਈ ਸ਼ਰਧਾਲੂ ਆਏ, ਸਾਰੇ ਸੰਸਾਰ ਤੋਂ ਲੋਕੀ ਆਏ ਜਿਨ੍ਹਾਂ ਵਿੱਚ ਕਈ ਸ਼ਰਧਾਲੂ ਸੀ, ਕਈ ਵੈਸੇ ਹੀ ਸਵਾਮੀ ਜੀ ਨੂੰ ਦੇਖਣ, ਇਕ ਨੌਜਵਾਨ ਗੱਭਰੂ ਦੇ ਦਰਸ਼ਨ ਕਰਨ ਆਏ ਸੀ। ਸਵਾਮੀ ਜੀ ਕਈ ਵਰ੍ਹੇ ਸਾਧਨਾ ਕਰ ਚੁੱਕੇ ਸੀ। ਹਿਮਾਲੀਆ ਰਹਿ ਚੁੱਕੇ ਸੀ, ਕੁੰਦਰਾਂ ਵਿੱਚ ਰਹੇ ਸੀ, ਬੜੀ ਹੀ ਘੋਰ ਤਪਸਿਆ ਕੀਤੀ ਸੀ, ਸਵਾਮੀ ਜੀ ਨੇ ਸੋਚਿਆ ਸੀ ਕਿ ਉਨ੍ਹਾਂ ਨੂੰ ਸਾਧਨਾ, ਤਪਸਿਆ ਕਰਨ ਦਾ ਸਮਾਂ ਮਿਲ ਹੀ ਜਾਏਗਾ, ਬਾਕੀ ਕੰਮ ਦੇ ਨਾਲ-ਨਾਲ ਸਾਧਨਾ ਵੀ ਚਲਦੀ ਰਹੇਗੀ ਪਰ ਸ਼ੰਕਰਾਚਾਰੀਆ ਹੋਣ ਦੀਆਂ ਕਈ ਸਾਰਾ ਰੋਜ਼ ਦਾ ਕਾਰੀਆ ਕਰਮ ਸੀ, ਬਹੁਤ ਸਾਰੇ ਠਾਠਾ ਬਾਗਾ ਸੀ, ਰੋਜ਼ ਸਰੋਤਿਆਂ ਨੂੰ ਮਿਲਣਾ ਹੁੰਦਾ ਸੀ, ਬਾਹਰ ਜਾਣਾ ਸੈਂਕੜੇ ਕੰਮ ਕਾਜ ਕਰਨ ਵਾਲੇ ਦੇਖਣੇ ਦੀਕਸ਼ਾ ਦੇਣੀ, ਇਹ ਸਭ ਕੁਝ ਕਰਕੇ ਸਵਾਮੀ ਜੀ ਨੂੰ ਸਾਧਨਾ ਲਈ ਬਹੁਤ ਹੀ ਘੱਟ ਸਮਾਂ ਮਿਲਦਾ, ਸਵਾਮੀ ਜੀ ਕਹਿਣ ਲੱਗੇ, ਮੈਨੂੰ ਇਸ ਤਰ੍ਹਾਂ ਲੱਗਣ ਲੱਗਾ ਜਿਵੇਂ ਮੈਂ ਸਵਾਮੀ ਬਨਾਣ ਦੀ ਫੈਕਟਰੀ ਹੋਵਾਂ।

ਜਿਥੇ ਪਹਿਲੇ ਸ਼ੰਕਰਾਚਾਰੀਆ ਛੱਡ ਕੇ ਗਏ ਸੀ। ਸਵਾਮੀ ਜੀ ਨੇ ਜਨ ਭਲਾਈ ਦਾ ਕੰਮ ਸੁਰੂ ਕਰ ਦਿੱਤਾ। ਉਨ੍ਹਾਂ ਬੀਬੀਆਂ ਦੇ ਰੁਤਬੇ ਨੂੰ ਉਚਾ ਚੁਕਿਆ, ਦੇਵ ਦਾਸੀਆਂ ਦੀ ਪਰਥਾ ਖਤਮ ਕੀਤੀ। ਅਛੂਤਾਂ ਲਈ ਮੰਦਰ ਖੋਲ੍ਹ ਦਿਤੇ ਗਏ, ਉਨ੍ਹਾਂ ਦੀ ਪੜ੍ਹਾਈ ਲਖਾਈ ਦਾ ਬੰਦੋਬਸਤ ਕੀਤਾ, ਮੰਦਰਾਂ ਵਿੱਚ ਬਲੀ ਦੇਣ ਦੀ ਪਰਥਾ ਖਤਮ ਕੀਤੀ, ਇਨ੍ਹਾਂ ਸਾਰੀਆਂ ਗੱਲਾਂ ਨਾਲ ਜਿਹੜੇ ਓਥੇ ਦੇ ਰਜਵਾੜੇ ਸੀ

ਉਹ ਸਵਾਮੀ ਜੀ ਤੋਂ ਬਹੁਤ ਦੁਖੀ ਹੋ ਗਏ। ਇਥੋਂ ਤੱਕ ਕਿ ਉਨ੍ਹਾਂ ਨੇ ਚਾਰ ਵਾਰੀ ਸਵਾਮੀ ਜੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਪਰ ਸਵਾਮੀ ਜੀ ਚਾਰੋਂ ਵਾਰੀ ਆਪਣੀ ਸੂਝ ਬੂਝ ਨਾਲ ਬਚਦੇ ਰਹੇ।

ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਸਵਾਮੀ ਜੀ ਨੂੰ ਲਗਣ ਲੱਗਾ ਜਿਵੇਂ ਉਹ ਕੋਈ ਸਜ਼ਾ ਭੁਗਤ ਰਹੇ ਹੋਣ। ਉਨ੍ਹਾਂ ਦੀ ਰੋਜ਼ ਮਾਲਸ਼ ਕੀਤੀ ਜਾਂਦੀ। ਚੰਗੇ ਤੋਂ ਚੰਗਾ ਭੋਜਨ ਅੱਗੇ ਰੱਖਿਆ ਜਾਂਦਾ, ਗੱਦੀ ਤੇ ਬਿਠਾਇਆ ਜਾਂਦਾ ਜਿਥੇ ਚਾਰੋਂ ਪਾਸੋਂ ਫੁੱਲਾਂ ਦੀ ਸਜਾਵਟ ਹੁੰਦੀ। ਲੋਕ ਸਵਾਮੀ ਜੀ ਦੀ ਪੂਜਾ ਕਰਦੇ, ਇਕ ਦਿਨ ਬੀਬੀਆਂ ਦਾ ਜਥਾ ਉਨ੍ਹਾਂ ਨੂੰ ਇਕ ਕਮਰੇ ਵਿਚ ਲੈ ਗਿਆ ਜਿਥੇ ਉਨ੍ਹਾਂ ਨੂੰ ਦੁੱਧ ਨਾਲ ਇਸ਼ਨਾਨ ਕਰਾਇਆ ਗਿਆ। ਸਵਾਮੀ ਜੀ ਕਹਿਣ ਲੱਗੇ, "ਮੈਂ ਕਿਸ ਤਰ੍ਹਾਂ ਦੁੱਧ ਨਾਲ ਇਸ਼ਨਾਨ ਕਰ ਸਕਦਾ ਹਾਂ। ਜਦੋਂ ਸੈਂਕੜੇ ਹਜ਼ਾਰਾਂ ਪਰਿਵਾਰ ਭੁੱਖੇ ਰਹਿ ਰਹੇ ਹਨ। ਸਮੇਂ ਬੀਤਣ ਨਾਲ ਸਵਾਮੀ ਜੀ ਨੂੰ ਸਭ ਕੁਝ ਖੋਖਲਾ ਲੱਗਣ ਲਗ ਪਿਆ। ਸਵਾਮੀ ਜੀ ਮਹਿਸੂਸ ਕਰਨ ਲਗ ਪਏ ਕਿ ਇਥੇ ਇਕ ਤਰ੍ਹਾਂ ਦੀ ਐਸ਼ ਆਰਾਮ ਵੱਧ ਤੇ ਅਧਿਆਤਮਵਾਦ ਕੇਵਲ ਨਾਮ ਮਾਤਰ ਹੀ ਹੈ। ਸਵਾਮੀ ਜੀ ਨੇ ਬਹੁਤ ਸਾਰੇ ਲੇਖ ਲਿਖੇ। ਵਕੀਲਾਂ ਨੂੰ ਲਿਖਿਆ ਕਿ ਇਹ ਸਭ ਕੁਝ ਬਦਲਿਆ ਜਾਣਾ ਚਾਹੀਦਾ ਹੈ। ਉਹ ਇਹ ਸਭ ਕੁਝ ਇਕ ਨਕਲੀ ਨਾਮ ਤੱਲੇ ਲਿਖਦੇ ਸੀ। ਉਹ ਸਵਾਮੀਆਂ ਨੂੰ ਤੇ ਪੰਡਤਾਂ ਨੂੰ ਕਹਿਣ ਲਗ ਪਏ, ਕੀ ਲੋਕਾਂ ਨੂੰ ਸਿਖਿਆ ਦਿਓ। ਕਰਮਕਾਂਡ ਤੋਂ ਸਵਾਮੀ ਜੀ ਬਹੁਤ ਦੂਰ ਸੀ ਜਾਂ ਤਾਂ ਕਰਮਕਾਂਡ ਤੋਂ ਕੁਛ ਪ੍ਰਾਪਤ ਹੁੰਦਾ ਹੋਵੇ। ਨਹੀਂ ਤਾਂ ਕੋਈ ਅਵਸ਼ਕਤਾ ਨਹੀਂ। ਸਵਾਮੀ ਜੀ ਕਹਿੰਦੇ ਸੀ ਜੀਵਨ ਕਿਉਂ ਐਵੇਂ ਉਲਝਾਣਾ ਹੈ, ਪਰ ਪੰਡਤ ਕਹਿੰਦੇ ਸੀ ਇਹ ਸਭ ਕੁਝ ਜ਼ਰੂਰੀ ਹੈ।

ਸਵਾਮੀ ਜੀ ਮਹਿਸੂਸ ਕਰਦੇ ਸੀ ਜਿਵੇਂ ਉਹ ਜਕੜੇ ਗਏ ਹੋਣ। ਕਦੀ-ਕਦੀ ਉਹ ਕੋਈ ਬਹਾਨਾ ਬਣਾ ਕੇ ਬਾਹਰ ਨਿਕਲ ਜਾਂਦੇ ਤੇ ਕੁਝ ਘੜੀਆਂ ਇਸ ਕੈਦ ਤੋਂ ਛੁਟਕਾਰਾ ਪਾ ਲੈਂਦੇ। ਇਕ ਵਾਰੀ ਸਵਾਮੀ ਜੀ ਦੱਸਣ ਲੱਗੇ ਉਨ੍ਹਾਂ ਨੇ ਇਕ ਨੌਕਰ ਦੇ ਕਪੜੇ ਮੰਗ ਲਏ ਤੇ ਕੁਝ ਭਾਨ ਉਨ੍ਹਾਂ ਨੇ ਲੈ ਲਈ ਤੇ ਪੰਜਾਬ ਦੇ ਪਹਾੜਾਂ ਤੇ ਚਲੇ ਗਏ। ਉਥੇ ਉਹ ਭਰਿਗੂ ਸੰਸਥਾ ਦੇਖਣ ਚਲੇ ਗਏ। ਉਥੇ ਉਨ੍ਹਾਂ ਨੇ ਆਪਣੇ ਜਨਮ ਦੀ ਤਰੀਕ ਦੱਸ ਕੇ ਆਪਣਾ ਟੇਵਾ ਕੱਢਣ ਲਈ ਕਿਹਾ। ਪੰਡਤ ਨੇ ਜਦੋਂ ਉਨ੍ਹਾਂ ਦਾ ਟੇਵਾ ਦੇਖਿਆ ਉਹ ਸਵਾਮੀ ਜੀ ਦੇ ਪੈਰੀਂ ਪੈ ਗਿਆ ਤੇ ਕਹਿਣ ਲੱਗਾ ਤੁਸੀਂ ਕਰਵੀਰ ਪੀਠ ਦੇ ਸ਼ੰਕਰਾਚਾਰੀਆ ਹੋ, ਨਹੀਂ ਤੇ ਮੈਂ ਇਹ ਜਨਮ ਇਹ ਪੜ੍ਹਾਈ ਐਵੇਂ ਖੂਹ ਵਿਚ ਹੀ ਪਾਈ ਹੈ।

ਸਵਾਮੀ ਜੀ ਨੂੰ ਬਹੁਤ ਸਾਰੇ ਕਰਮ ਕਾਂਡਾਂ ਵਿਚ ਬੈਠਣਾ ਪੈਂਦਾ। ਆਈਆਂ ਸੰਗਤਾਂ ਨੂੰ ਅਸ਼ੀਰਵਾਦ ਦੇਣਾ ਪੈਂਦਾ, ਕਈ ਵਾਰੀ ਕਈ-ਕਈ ਘੰਟੇ ਲਗ ਜਾਂਦੇ। ਗਾਣਾ ਵਜਾਣਾ ਚਲਦਾ ਰਹਿੰਦਾ, ਸਵਾਮੀ ਜੀ ਅੱਗੇ ਕਰਕੇ ਬੈਠੇ ਹੁੰਦੇ ਜਿਥੇ ਉਨ੍ਹਾਂ ਨੂੰ ਸਾਰੇ ਦੇਖ ਸਕਦੇ। ਸਵਾਮੀ ਜੀ ਨੇ ਆਰਾਮ ਕਰਨ ਦਾ ਇਕ ਤਰੀਕਾ ਕੱਢਿਆ। ਸਵਾਮੀ ਜੀ ਮੂੰਹ ਤੇ ਸ਼ਾਲ ਲੈ ਲੈਂਦੇ ਤੇ ਬੈਠੇ ਰਹਿੰਦੇ ਤੇ ਸੌਂ ਜਾਂਦੇ, ਲੋਕੀ ਸੋਚਦੇ ਸਵਾਮੀ ਜੀ ਮੈਡੀਟੇਸ਼ਨ ਵਿਚ ਹਨ, ਪਰ ਇਕ ਇਹੋ ਜਿਹਾ ਸਮਾਂ ਹੁੰਦਾ ਸੀ ਜਦੋਂ ਮੈਂ ਆਰਾਮ ਕਰ ਸਕਦਾ ਸੀ। ਮੈਨੂੰ ਇਹ ਸੁਣ ਕੇ ਬਹੁਤ ਹਾਸਾ ਆਇਆ।

ਸਵਾਮੀ ਜੀ ਕਹਿਣ ਲੱਗੇ, ਮੈਂ ਆਜ਼ਾਦ ਪੰਛੀ ਬਣਨ ਲਈ ਤਰਸਦਾ ਸੀ ਕਦੋਂ ਮੈਂ ਆਜ਼ਾਦ ਹੋਵਾਂਗਾ। ਮੈਨੂੰ ਆਪਣੀ ਗੁਫਾ ਦੀ ਬਹੁਤ ਯਾਦ ਆਉਂਦੀ। ਮੈਂ ਬੇਪਰਵਾਹੀ ਵਿਚ ਰਹਿਣਾ ਚਾਹੁੰਦਾ ਸੀ ਜਿਥੇ ਜੀ ਕਰੇ ਜਾਵਾਂ। ਮੈਡੀਟੇਸ਼ਨ ਕਰਾਂ, ਪਹਾੜਾਂ ਵਿਚ ਜਾਵਾਂ। ਸਵਾਮੀ ਜੀ ਨੇ ਦੱਸਿਆ ਸਭ ਤੋਂ ਵੱਡਾ ਕਾਰਣ, ਅਹੁਦਾ ਛੱਡਣ ਦਾ ਇਹ ਸੀ ਕਿ ਉਹ ਰਮਨ ਮਹਾਂਰਿਸ਼ੀ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸੀ ਉਹ ਅਰੁਨਾਚਲ ਰਹਿੰਦੇ ਸੀ। ਸੋ ਤਿੰਨ ਸਾਲ ਬਾਅਦ ਸਵਾਮੀ ਜੀ ਨੇ ਉਹ ਅਹੁਦਾ ਛੱਡ ਕੇ ਚਲੇ ਜਾਣ ਦਾ ਸੋਚਿਆ ਤੇ ਸਕੀਮ ਬਣਾਈ, ਛੱਡਣ ਤੋਂ ਪਹਿਲਾਂ ਉਨ੍ਹਾਂ ਨੇ ਇਸ ਗੱਲ ਦਾ ਪੂਰਾ-ਪੂਰਾ ਧਿਆਨ ਰੱਖਿਆ ਕਿ ਉਨ੍ਹਾਂ ਦੇ ਨੌਕਰਾਂ ਚਾਕਰਾਂ ਨੂੰ ਤੇ ਹੋਰ ਜਿਹੜੇ ਉਨ੍ਹਾਂ ਦੇ ਨੇੜੇ ਕੋਲ ਰਹਿੰਦੇ ਸੀ, ਉਨ੍ਹਾਂ ਲਈ ਪੂਰਾ ਬੰਦੋਬਸਤ ਕੀਤਾ, ਉਨ੍ਹਾਂ ਲਈ ਖਾਣ ਪੀਣ ਪੈਸਾ ਸਭ ਕੁਝ ਦਾ ਇੰਤਜ਼ਾਮ ਕੀਤਾ।

ਸੋ ਇਕ ਰਾਤ ਮੈਂ ਗੱਡੀ ਵਿਚ ਬੈਠ ਕੇ ਸਿੱਧਾ ਸਟੇਸ਼ਨ ਤੇ ਪਹੁੰਚਿਆ। ਜਿਹੜੀ ਵੀ ਪਹਿਲੀ ਗੱਡੀ ਜਾ ਰਹੀ ਸੀ ਮੈਂ ਉਸ ਵਿਚ ਬੈਠ ਗਿਆ। ਮੇਰੇ ਕੋਲ ਟਿਕਟ ਲੈਣ ਲਈ ਕੋਈ ਪੈਸਾ ਨਹੀਂ ਸੀ। ਸਾਰੇ ਮੇਰੇ ਵਲ ਦੇਖ ਰਹੇ ਸੀ ਕਿਉਂਕਿ ਮੈਂ ਅਜੇ ਉਹ ਹੀ ਸੰਕਰਾਚਾਰੀਆ ਵਾਲਾ ਚੋਲਾ ਪਾਇਆ ਹੋਇਆ ਸੀ ਤੇ ਉਪਰ ਸੋਨੇ ਦੇ ਕੰਮ ਵਾਲੀ ਸ਼ਾਲ ਲਈ ਹੋਈ ਸੀ। ਮੈਂ ਟਿਕਟ ਕੁਲੈਕਟਰ ਨੂੰ ਬੜਾ ਔਖੀ ਤਰ੍ਹਾਂ ਮਨਾਇਆ ਕਿ ਉਹ ਮੈਨੂੰ ਅਲਾਹਾਬਾਦ ਤੱਕ ਜਾਣ ਦੇਵੇ ਉਥੇ ਉਤਰ ਕੇ ਮੈਂ ਸਾਰੇ ਪੈਸੇ ਦੇ ਦਿਆਂਗਾ। ਉਥੋਂ ਅੱਗੇ ਮੈਂ ਚਲੇ ਜਾਣਾ ਸੀ। ਜਦੋਂ ਮੈਂ ਗੁਰੂਦੇਵ ਦੀ ਗੁਫਾ ਦੇ ਰਸਤੇ ਤੇ ਉਪਰ ਚੜ੍ਹ ਰਿਹਾ ਸੀ। ਗੁਰੂਦੇਵ ਮੈਨੂੰ ਦੇਖ ਕੇ ਹੱਸੇ ਤੇ ਕਹਿਣ ਲੱਗੇ, "ਕਿਉਂ ਹੁਣ ਤੇਰੀ ਹਉਮੈ ਨੂੰ ਚੰਗੇ ਪੱਠੇ ਮਿਲ ਗਏ? ਹੁਣ ਤੇਰੀ ਤਸੱਲੀ ਹੋ ਗਈ ਹੈ ਕਿ ਤੈਨੂੰ ਹੋਰ ਪ੍ਰਭਤਾ ਨਹੀਂ ਚਾਹੀਦੀ। ਹਾਂ ਇਕ ਗੱਲ ਹੈ ਇਥੇ ਸੌਣ ਲਈ ਤੈਨੂੰ ਸਿਰ ਤੇ ਸ਼ਾਲ ਲੈਣ ਦੀ ਲੋੜ ਨਹੀਂ।

ਮੇਰਾ ਉਥੋਂ ਦੌੜਨਾ ਏਨਾ ਜ਼ਿਆਦਾ ਅਚੰਭਾ ਸੀ ਕਿ ਅਫਸਰ ਮੈਨੂੰ ਕਿੰਨੀ ਦੇਰ ਲੱਭਦੇ ਰਹੇ। ਕਿਉਂਕਿ ਸਵਾਮੀ ਜੀ ਨੇ ਅਸਤੀਫਾ ਨਹੀਂ ਦਿਤਾ ਸੀ। ਉਨ੍ਹਾਂ ਕੋਲ ਉਹ ਕਾਰਡ ਉਥੇ ਦਾ ਸਭ ਕੁਝ ਸੀ। ਜੇ ਚਾਹੁੰਣ ਤਾਂ ਅਜੇ ਵੀ ਉਹ ਸਾਰੇ ਵਿਸ਼ੇਸ਼ ਅਧਿਕਾਰ ਵਰਤ ਸਕਦੇ ਸੀ ਪਰ ਸਵਾਮੀ ਜੀ ਮੁੜ ਕਦੀ ਉਸ ਪਾਸੇ ਹੀ ਨਹੀਂ ਗਏ।

(ਪੰਨਾ 52 ਦੀ ਬਾਕੀ)

ਦੀ ਬੀਮਾਰੀ ਵੇਲੇ ਕਿੱਥੇ ਭੱਜੇਗਾ, ਘਰ ਵਿਚ ਕਿਸੇ ਸੰਬੰਧੀ ਦੇ ਵਿਦਵਾ ਯਾ ਮਹਿੱਟਰ ਹੋਣ ਸਮੇਂ ਕੀਕੂੰ ਆਪ ਰੋਟੀ ਖਾਏਗਾ ਤੇ ਉਨ੍ਹਾਂ ਨੂੰ ਭੁੱਖਾ ਦੇਖ ਸਕੇਗਾ। ਇਸ ਨੂੰ ਜਰੂਰ ਸੇਵਾ ਉਪਕਾਰ ਦੇ ਵੇਲੇ ਆਵਣਗੇ। ਇਸ ਦੇ ਮਨ ਨੇ ਦੁਜਾਇਗੀ ਤੋਂ ਰਹਿਤ ਹੋਣਾ ਹੈ, ਇਸ ਨੂੰ ਪਰ ਪੀੜਾ ਹਰਨਾ ਇਕ ਸੁਭਾਵ ਹੋਣਾ ਹੈ। ਹਉਂ ਨਾਲ ਦਿਖਾਵੇ ਨਾਲ ਇਸਨੇ ਨਹੀਂ ਕੁਛ ਕਰਨਾਂ। ਇਸਨੇ ਉੱਤੇ ਅਸੂਲਾਂ ਤੇ ਖੜੋਕੇ ਆਪਾ ਨਿਵਾਰਕੇ ਨੇਕੀ ਕਰਨੀ ਹੈ, ਇਸ ਨੇਕੀ ਨੇ ਵਕਤ, ਧਨ, ਬਲ, ਮਨ ਬੁੱਧੀ ਸਾਰੇ ਤੇ ਵੰਗਾਰ ਪਾਉਣੀ ਹੈ। ਗ੍ਰਿਹਸਤੀ ਨਾਮ ਵਾਲੇ ਨੇ ਨਿੰਦਾ ਉਸਤਤਿ ਝੱਲਣੀ ਹੈ, ਸਖਤੀਆਂ ਤੇ ਜ਼ੁਲਮ ਤੇ ਅੰਨਯਾਯ ਸਹਾਰਨੇ ਹਨ। ਅਰਥਾਤ ਗ੍ਰਿਹਸਤੀ ਨਾਮ ਪ੍ਰੇਮੀ ਨੇ ਆਪੇ ਤੇ ਟਿਕਣਾ ਹੈ ਤੇ ਫੇਰ ਇਸ ਲਹਿਰ ਪਛਾੜ ਨਾਲ ਆਪੇ ਨੂੰ ਟੁੱਟਣ ਨਹੀਂ ਦੇਣਾ। ਪਰ ਗੁਰੂ ਬਾਬੇ ਦਾ ਇਹੋ ਹੁਕਮ ਹੈ, ਇਹੋ ਠੀਕ ਹੈ, ਇਹੋ ਕਰਨਾ ਹੈ, ਕਿਉਂਕਿ ਇਸੇ ਵਿਚ ਰਹਿਕੇ ਵਰਤਕੇ ਮਨ ਤੇ ਸੁਰਤ ਨੇ ਪੱਕਣਾ ਹੈ ਤੇ ਸਭ ਮਾੜੇ ਅਸਰਾਂ ਨਾਲ ਜੁੱਧ ਕਰ ਕਰਕੇ ਉੱਚੇ ਉਠਣਾ ਹੈ। ਭਾਂਡਿਆਂ ਵਿਚ ਪਾਕੇ ਪਕਾਏ ਫਲ ਮਿੱਠੇ ਨਹੀਂ ਹੁੰਦੇ, ਜਿੰਨੇ ਕਿ ਮੀਂਹ ਹਨੇਰੀਆਂ ਧੁੱਪਾਂ ਸਹਿ ਕੇ ਡਾਲੀਆਂ ਨਾਲ ਲੱਗੇ ਰਹਿ ਕੇ ਪੱਕੇ ਹੋਏ ਫਲ ਮਿੱਠੇ ਹੁੰਦੇ ਹਨ। ਗੁਰੂ ਬਾਬੇ ਦਾ ਫੁਰਮਾਣ ਸੱਚਾ ਹੈ ਤੇ ਸੁੱਚਾ ਹੈ। ਅਤੀਤ ਮਾਰਗ ਵਿਚ ਬੀ ਡੇਰੇਦਾਰ ਸੰਤਾਂ ਲਈ ਤੇ ਪਰਚੇ ਪਾਉਣ ਵਾਲਿਆਂ ਲਈ ਆਪਣੀ ਕਿਸਮ ਦੀ ਲਹਿਰ ਪਛਾੜ ਆਉਂਦੀ ਹੈ।

ਭਗਤ ਸਿੰਘ - ਏਕਾਂਤ ਦੇ ਸੁੱਖਾਂ ਵਿਚ ਸੁਖੀ ਬੈਠੇ ਗੁਰਮੁਖ ਜੀਓ! ਅਸੀਂ ਆਪਣੀ ਤਪਤ ਠਾਰਨ ਲਈ ਆਪ ਨੂੰ ਦੁਖ ਦਿੱਤਾ ਹੈ, ਪਰ ਕਰੀਏ ਕੀਹ, ਆਪ ਜੈਸੇ ਅੰਦਰੋਂ ਬਾਹਰੋਂ ਸਾਫ ਮਹਾਂਪੁਰਖ ਦੁਰਲਭ ਹੋ ਰਹੇ ਹਨ। ਸੰਤ ਤੇ ਗੁਰੂ ਸਦਾਉਣ ਵਾਲੇ ਤਾਂ ਹੈਨ, ਪਰ ਪਾਣੀ ਪਿਆਸ ਬੁਝਾਉਂਦਾ ਹੈ, ਹੀਰੇ ਮੋਤੀਆਂ ਦੀ ਆਬ (ਪਾਣੀ) ਪਿਆਸ ਨਹੀਂ ਬੁਝਾਉਂਦਾ।

ਸੰਤ - ਭਾਈ ਕਾਹਨੂੰ ਕਿਸੇ ਨੂੰ ਮਾੜਾ ਕਹਿਣਾ ਹੈ। ਕਾਹਨੂੰ ਮੈਲਾਂ ਧੋਣੀਆਂ ਹਨ। ਹਾਂ, ਆਪਾ ਸੁਆਰੀਏ। ਇਹ ਮਨੁੱਖਾ ਦੇਹ ਹੈ, ਇਸ ਨੂੰ ਸਫਲ ਕਰੀਏ। ਸੁਖੀ ਹੋਈਏ ਸੁਖੀ ਕਰੀਏ। ਸੁਖੀ ਹੋਈਦਾ ਹੈ ਆਪਾ ਮਾਂਜਕੇ। ਸੁਖ ਲੈਣ ਨਾਲੋਂ ਦੇਣਾ ਵਧੇਰੇ ਲਾਭਦਾਇਕ ਹੈ ਜੇ ਜਾਚ ਆ ਜਾਵੇ ਤਾਂ ਇਸ ਦੁਜਾਇਗੀ ਨੂੰ ਛੱਡਣੇ ਦੀ।

ਭਗਤ ਸਿੰਘ - ਆਪ ਦੇ ਵਾਕ ਬੜੇ ਉਤਮ ਹਨ। ਤੇ ਅਸਾਂ ਅੱਜ ਆਪਣੇ ਜੀਵਨ ਲਈ ਬਹੁਤ ਕੁਛ ਸਿਖਿਆ ਪਾਈ ਹੈ। ਪਰ ਜੇ ਆਪ ਆਗਿਆ ਦਿਓ ਤਾਂ ਇਕ ਗੱਲ ਹੋਰ ਕਰ ਲਵਾਂ। ਸਾਨੂੰ ਸਮਝ ਨਹੀਂ ਆਈ ਸੀ ਉਸ ਗੱਲ ਦੀ ਸੁਣਕੇ, ਆਪ ਮਿਹਰ ਦਿਓ ਤਾਂ ਚਿਤ ਸੁਖੀ ਹੋ ਜਾਵੇ ਹੋਰ ਸਿਖਿਆ ਪਾ ਕੇ।


(ਇਥੋਂ ਕੱਟ ਕੇ ਭੇਜੋ ਜੀ)

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

ਨਾਮ/Name ........................................

ਪਤਾ/Address ........................................

........................................

........................................

........................................Pin Code ....................

Phone .................... Email : ....................

ਮੈਂ ....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ

ਨੰ....................ਮਿਤੀ....................ਰਾਹੀਂ ਭੇਜ ਰਿਹਾ ਹਾਂ।

ਦਸਖਤ....................

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. Ropar (Pb.) Pin - 140901

Phone : 0160-2255002, Fax : 0160-2255009, Email : atammarg@glide.net.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 04, 11, 18, 25 ਦਸੰਬਰ।

**ਸੰਗਰਾਂਦ -** 14 ਦਸੰਬਰ, ਦਿਨ ਬੁੱਧਵਾਰ।

**ਪੂਰਨਮਾਸ਼ੀ -** 15 ਦਸੰਬਰ, ਦਿਨ ਵੀਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ -** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 31 ਦਸੰਬਰ 2005, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. Ropar (Pb)-140901 (India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 80/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |